Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ

ਪੰਜਾਬ ਮੇਲ
ਯੂ.ਐੱਸ.ਏ.

Chief Editor: **Gurjatinder Singh Randhawa**

Punjab Mail USA

REALTYONEGROUP
FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।
Gurjatinder S. Randhawa
REALTOR
916-320-9444

Vol. 17, Issue- 754, 15 to 21 June, 2023, Ph: 916-320-9444, E-mail: punjabmailusa@yahoo.com, Web: punjabmailusa.com

ਗੁਪਤ ਦਸਤਾਵੇਜ਼ਾਂ ਨਾਲ ਜੁੜੇ ਅਪਰਾਧਿਕ ਮਾਮਲੇ 'ਚ ਡੌਨਲਡ ਟਰੰਪ ਗ੍ਰਿਫ਼ਤਾਰ

■ ਟਰੰਪ ਨੇ ਦੋਸ਼ੀ ਨਾ ਠਹਿਰਾਏ ਜਾਣ ਦੀ ਕੀਤੀ ਅਪੀਲ

ਮਿਆਮੀ, (ਪੰਜਾਬ ਮੇਲ)- ਸਾਬਕਾ ਅਮਰੀਕੀ ਰਾਸ਼ਟਰਪਤੀ ਡੌਨਲਡ ਟਰੰਪ ਮੰਗਲਵਾਰ 13 ਜੂਨ ਨੂੰ ਮਿਆਮੀ ਦੀ ਸੰਘੀ ਅਦਾਲਤ ਵਿਚ ਗੁਪਤ ਦਸਤਾਵੇਜ਼ਾਂ ਨੂੰ ਰੱਖਣ ਦੇ ਦੋਸ਼ਾਂ ਦਾ ਸਾਹਮਣਾ ਕਰਨ ਲਈ ਪਹੁੰਚੇ ਅਤੇ ਅਧਿਕਾਰੀਆਂ ਨੂੰ ਸਮਰਪਣ ਕਰ ਦਿੱਤਾ। ਟਰੰਪ ਨੇ ਅਦਾਲਤ ਨੂੰ ਅਪੀਲ ਕੀਤੀ ਹੈ ਕਿ ਉਸ ਨੂੰ ਦੋਸ਼ੀ ਨਾ ਠਹਿਰਾਇਆ ਜਾਵੇ।

ਇਸ ਤੋਂ ਪਹਿਲਾਂ ਸ਼ੁੱਕਰਵਾਰ 9 ਜੂਨ ਨੂੰ ਗੁਪਤ ਸੂਚਨਾ ਮਾਮਲੇ 'ਚ ਟਰੰਪ ਦੇ ਖਿਲਾਫ ਸੰਘੀ ਦੋਸ਼ਾਂ ਨੂੰ ਜਨਤਕ ਕੀਤਾ ਗਿਆ ਸੀ। ਉਸ 'ਤੇ ਗੁਪਤ ਜਾਣਕਾਰੀ ਰੱਖਣ, ਨਿਆਂ 'ਚ ਰੁਕਾਵਟ ਪਾਉਣ ਅਤੇ ਝੂਠੇ ਬਿਆਨ ਦੇਣ ਦੇ 37 ਮਾਮਲਿਆਂ ਦਾ ਸਾਹਮਣਾ ਕੀਤਾ ਗਿਆ ਹੈ।

ਨਿਆਂ ਵਿਭਾਗ ਨੇ ਕਿਹਾ ਸੀ ਕਿ ਜਦੋਂ ਟਰੰਪ ਨੇ ਜਨਵਰੀ 2021 ਵਿਚ ਵ੍ਹਾਈਟ ਹਾਊਸ ਛੱਡਿਆ ਸੀ, ਤਾਂ ਉਹ ਪੈਂਟਾਗਨ, ਸੀ.ਆਈ.ਏ., ਰਾਸ਼ਟਰੀ ਸੁਰੱਖਿਆ ਏਜੰਸੀ ਅਤੇ ਹੋਰ ਖੁਫੀਆ ਸੰਸਥਾਵਾਂ ਤੋਂ ਅਤਿ ਸੰਵੇਦਨਸ਼ੀਲ ਜਾਣਕਾਰੀ ਵਾਲੀਆਂ ਕਲਾਸੀਫਾਈਡ ਫਾਈਲਾਂ ਆਪਣੇ ਨਾਲ ਲੈ ਗਏ ਸਨ। ਟਰੰਪ ਨੇ ਸ਼ਾਵਰ ਅਤੇ ਬਾਲਰੂਮ ਵਿਚ ਖੁਫੀਆ ਜਾਣਕਾਰੀ ਵਾਲੇ ਦਸਤਾਵੇਜ਼ ਰੱਖੇ ਸਨ।

ਇਲਜ਼ਾਮਾਂ ਵਿਚ ਕਿਹਾ ਗਿਆ ਹੈ ਕਿ ਟਰੰਪ ਖੁਦ ਦਸਤਾਵੇਜ਼ਾਂ ਦੇ ਬਕਸੇ ਆਪਣੀ ਮਾਰ-ਏ-ਲਾਗੋ ਅਸਟੇਟ ਵਿਚ ਲਿਜਾਣ ਵਿਚ ਸ਼ਾਮਲ ਸਨ। ਐੱਫ.ਬੀ.ਆਈ. ਨੇ ਟਰੰਪ ਦੀ ਰਿਹਾਇਸ਼ ਤੋਂ ਜੋ ਚੋਟੀ ਦੇ ਗੁਪਤ ਰਿਕਾਰਡ ਜ਼ਬਤ ਕੀਤੇ ਹਨ, ਉਨ੍ਹਾਂ ਵਿਚ ਵਿਦੇਸ਼ੀ ਦੇਸ਼ ਦੀ ਪ੍ਰਮਾਣੂ ਸਮਰੱਥਾ ਦੇ ਵੇਰਵੇ ਸ਼ਾਮਲ ਹਨ। 10 ਜੂਨ ਨੂੰ ਫਲੋਰੀਡਾ ਦੀ ਸੰਘੀ ਅਦਾਲਤ ਵਿਚ ਦਾਇਰ ਕੀਤੇ

■ ਬਾਕੀ ਖਬਰ ਸਫਾ 16 'ਤੇ

ਧੋਖਾਧੜੀ ਦਾ ਸ਼ਿਕਾਰ ਵਿਦਿਆਰਥੀਆਂ ਨੂੰ ਪੀ.ਆਰ. ਦੇਣ ਦਾ ਰਾਹ ਕੱਢੇਗੀ ਕੈਨੇਡਾ ਸਰਕਾਰ

■ ਸਾਡਾ ਧਿਆਨ ਪੀੜਤਾਂ ਨੂੰ ਸਜ਼ਾ ਦੇਣ ਦੀ ਬਜਾਏ ਦੋਸ਼ੀਆਂ ਦੀ ਪਛਾਣ ਕਰਨਾ : ਜਸਟਿਨ ਟਰੂਡੋ
■ ਵਿਦਿਆਰਥੀਆਂ ਨੂੰ ਆਪਣਾ ਪੱਖ ਰੱਖਣ ਦਾ ਵੀ ਮਿਲੇਗਾ ਮੌਕਾ : ਸੀਨ ਫਰੇਜ਼ਰ

ਟੋਰਾਂਟੋ, (ਪੰਜਾਬ ਮੇਲ)- ਕੈਨੇਡਾ ਵਿਚ ਡਿਪੋਰਟ ਦੀ ਲਟਕ ਰਹੀ ਤਲਵਾਰ ਦਾ ਸਾਹਮਣਾ ਕਰ ਰਹੇ ਭਾਰਤੀ ਵਿਦਿਆਰਥੀਆਂ ਨੂੰ ਲੈ ਇੱਕ ਚੰਗੀ ਖ਼ਬਰ ਸਾਹਮਣੇ ਆਈ ਹੈ। ਪਹਿਲਾਂ ਕੈਨੇਡਾ ਸਰਕਾਰ ਨੇ 700 ਦੇ ਕਰੀਬ ਇਨ੍ਹਾਂ ਭਾਰਤੀ ਵਿਦਿਆਰਥੀਆਂ ਨੂੰ ਦੇਸ਼ ਨਿਕਾਲਾ ਦੇ ਦਿੱਤਾ ਸੀ ਪਰ ਹੁਣ ਟਰੂਡੋ ਸਰਕਾਰ ਨੇ ਆਪਣੇ ਪੈਰ ਪਿੱਛੇ ਖਿੱਚ ਲਏ ਹਨ ਅਤੇ ਆਪਣੇ ਹੱਥ ਇਨ੍ਹਾਂ ਵਿਦਿਆਰਥੀਆਂ ਵੱਲ ਵਧਾਏ ਹਨ। ਮਿਲੀ ਜਾਣਕਾਰੀ ਮੁਤਾਬਕ ਭਾਰਤੀ ਵਿਦਿਆਰਥੀਆਂ ਨੂੰ ਪੀ.ਆਰ. ਯਾਨੀ ਪੱਕੀ ਰਿਹਾਇਸ਼ ਦੇਣ ਦਾ ਰਾਹ ਕੈਨੇਡਾ ਸਰਕਾਰ ਕੱਢੇਗੀ।

ਇਸ ਤੋਂ ਪਹਿਲਾਂ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਵੀ ਪਾਰਲੀਮੈਂਟ ਵਿੱਚ ਐਲਾਨ ਕੀਤਾ ਸੀ ਕਿ 'ਅਸੀਂ ਇਸ ਮਾਮਲੇ ਤੋਂ ਜਾਣੂ ਹਾਂ। ਸਾਡਾ ਧਿਆਨ ਪੀੜਤਾਂ ਨੂੰ ਸਜ਼ਾ ਦੇਣ ਦੀ ਬਜਾਏ ਦੋਸ਼ੀਆਂ ਦੀ ਪਛਾਣ ਕਰਨਾ ਹੈ।' ਪ੍ਰਧਾਨ ਮੰਤਰੀ ਨੇ ਸਿੱਖ ਮੂਲ ਦੇ ਐੱਨਡੀਪੀ ਆਗੂ ਜਗਮੀਤ ਸਿੰਘ ਵੱਲੋਂ ਦੇਸ਼ ਨਿਕਾਲਾ ਦਿੱਤੇ ਜਾਣ ਵਾਲੇ ਪੀੜਤ ਵਿਦਿਆਰਥੀਆਂ ਦੀ ਸਥਿਤੀ ਬਾਰੇ ਚਿੰਤਾਵਾਂ ਦਾ ਜਵਾਬ ਦਿੰਦਿਆਂ ਕਿਹਾ, 'ਧੋਖਾਧੜੀ ਦੇ ਪੀੜਤਾਂ ਨੂੰ ਆਪਣਾ ਪੱਖ ਤੇ ਉਸ ਦੇ ਸਮਰਥਨ 'ਚ ਸਬੂਤ ਪੇਸ਼ ਕਰਨ ਦਾ ਮੌਕਾ ਮਿਲੇਗਾ। 'ਅਸੀਂ ਅੰਤਰਰਾਸ਼ਟਰੀ ਵਿਦਿਆਰਥੀਆਂ ਦੁਆਰਾ ਸਾਡੇ ਦੇਸ਼ ਵਿੱਚ ਪਾਏ ਅਥਾਹ ਯੋਗਦਾਨ ਦਾ ਸਨਮਾਨ ਕਰਦੇ ਹਾਂ ਤੇ ਅਸੀਂ ਧੋਖਾਧੜੀ ਦੇ ਪੀੜਤਾਂ ਦੀ ਸਹਾਇਤਾ ਲਈ ਵਚਨਬੱਧ ਹਾਂ। ਅਸੀਂ ਹਰ ਇੱਕ ਕੇਸ ਦਾ ਮੁਲਾਂਕਣ ਕਰਦੇ ਹਾਂ। ਕੈਨੇਡਾ ਦੇ ਆਵਾਸ ਮੰਤਰੀ ਸੀਨ ਫਰੇਜ਼ਰ ਨੇ ਜਾਣਕਾਰੀ ਦਿੰਦੇ ਹੋਏ ਕਿਹਾ ਕਿ ਵਿਦਿਆਰਥੀਆਂ ਨੂੰ

■ ਬਾਕੀ ਖਬਰ ਸਫਾ 16 'ਤੇ

ਪੰਜਾਬ 'ਚ ਸਤੰਬਰ 'ਚ ਕਰਵਾਈਆਂ ਜਾਣਗੀਆਂ 'ਕਾਰਪੋਰੇਸ਼ਨ ਚੋਣਾਂ'

■ ਪੰਚਾਇਤੀ ਚੋਣਾਂ ਬਾਰੇ ਅਜੇ ਤੱਕ ਕੋਈ ਅੰਤਿਮ ਫ਼ੈਸਲਾ ਨਹੀਂ ਲਿਆ

ਜਲੰਧਰ, (ਪੰਜਾਬ ਮੇਲ)- ਸੂਬੇ 'ਚ ਪੰਜਾਬ ਸਰਕਾਰ ਵਲੋਂ ਕਾਰਪੋਰੇਸ਼ਨ ਚੋਣਾਂ ਸਤੰਬਰ 'ਚ ਕਰਵਾਈਆਂ ਜਾਣਗੀਆਂ। ਜਲੰਧਰ ਲੋਕ ਸਭਾ ਸੀਟ ਦੀ ਜ਼ਿਮਨੀ ਚੋਣ ਜਿੱਤਣ ਤੋਂ ਬਾਅਦ ਕਿਆਸ ਲਾਏ ਜਾ ਰਹੇ ਸਨ ਕਿ ਸ਼ਾਇਦ ਸਰਕਾਰ ਵਲੋਂ ਕਾਰਪੋਰੇਸ਼ਨ ਚੋਣਾਂ ਦਾ ਐਲਾਨ ਜਲਦ ਹੀ ਕਰ ਦਿੱਤਾ ਜਾਵੇਗਾ। ਦੂਜੇ ਪਾਸੇ ਮੁੱਖ ਮੰਤਰੀ ਭਗਵੰਤ ਮਾਨ ਦਾ ਮੰਨਣਾ ਹੈ ਕਿ ਇਹ ਚੋਣਾਂ ਸਤੰਬਰ 'ਚ ਕਰਵਾਉਣੀਆਂ ਜ਼ਿਆਦਾ ਸਹੀ ਰਹਿਣਗੀਆਂ। ਉਸ ਤੋਂ ਪਹਿਲਾਂ ਪੰਜਾਬ ਸਰਕਾਰ ਵਲੋਂ ਸ਼ਹਿਰਾਂ 'ਚ ਵਿਕਾਸ ਕਾਰਜਾਂ ਨੂੰ ਤੇਜ਼ ਕੀਤਾ ਜਾਵੇਗਾ। ਮੁੱਖ ਮੰਤਰੀ ਆਉਣ ਵਾਲੇ ਦਿਨਾਂ 'ਚ ਆਪ ਸ਼ਹਿਰਾਂ 'ਚ ਜਾ ਕੇ ਵਿਕਾਸ ਕਾਰਜਾਂ ਦਾ ਸ਼ੁੱਭ-ਆਰੰਭ ਕਰਨਗੇ।

ਦੂਜੇ ਪਾਸੇ ਪੰਚਾਇਤੀ ਚੋਣਾਂ ਬਾਰੇ ਮੁੱਖ ਮੰਤਰੀ ਨੇ ਅਜੇ ਤੱਕ ਕੋਈ ਅੰਤਿਮ ਫ਼ੈਸਲਾ ਨਹੀਂ ਲਿਆ। ਪਹਿਲਾਂ ਕਿਹਾ ਜਾ ਰਿਹਾ ਸੀ ਕਿ ਸ਼ਾਇਦ ਸਰਕਾਰ ਕਾਰਪੋਰੇਸ਼ਨ ਚੋਣਾਂ ਦੇ ਨਾਲ ਪੰਚਾਇਤੀ ਚੋਣਾਂ ਵੀ ਕਰਵਾ ਦਿੱਤੀਆਂ ਜਾਣ ਪਰ ਅਜੇ ਇਸ ਮਾਮਲੇ ਨੂੰ ਲੈ ਕੇ ਦੁਚਿੱਤੀ ਭਰੀ ਸਥਿਤੀ ਚੱਲ ਰਹੀ ਹੈ। ਜੇਕਰ ਕਾਰਪੋਰੇਸ਼ਨ ਚੋਣਾਂ ਦੇ ਨਾਲ ਪੰਚਾਇਤੀ ਚੋਣਾਂ ਨਾ ਹੋਈਆਂ, ਤਾਂ ਫਿਰ ਪੰਜਾਬ ਸਰਕਾਰ ਵਲੋਂ ਇਹ ਚੋਣਾਂ ਲੋਕ ਸਭਾ ਦੀਆਂ ਆਮ ਚੋਣਾਂ ਤੋਂ ਬਾਅਦ ਹੀ ਕਰਵਾਈਆਂ ਜਾਣਗੀਆਂ। ਸਰਕਾਰ ਕਾਰਪੋਰੇਸ਼ਨ ਚੋਣਾਂ ਸਤੰਬਰ 'ਚ ਇਸ ਲਈ ਕਰਵਾਉਣਾ ਚਾਹੁੰਦੀ ਹੈ ਕਿਉਂਕਿ ਜੁਲਾਈ 'ਚ ਬਰਸਾਤਾਂ ਦਾ ਸਮਾਂ ਰਹੇਗਾ ਅਤੇ ਅਜੇ ਸਰਕਾਰ ਵਲੋਂ ਵਾਰਡਬੰਦੀ ਨੂੰ ਅੰਤਿਮ ਰੂਪ ਦਿੱਤਾ ਜਾਣਾ ਹੈ।

ਲਾਰੈਂਸ ਬਿਸ਼ਨੋਈ ਸਮੇਤ 14 ਗੈਂਗਸਟਰ ਅੱਤਵਾਦੀਆਂ ਦੀ ਸੂਚੀ 'ਚ ਸ਼ਾਮਲ

ਨਵੀਂ ਦਿੱਲੀ, (ਪੰਜਾਬ ਮੇਲ)- ਨੈਸ਼ਨਲ ਜਾਂਚ ਏਜੰਸੀ (ਐੱਨ.ਆਈ.ਏ.) ਵਲੋਂ 22 ਮਾਰਚ ਨੂੰ ਦਾਇਰ ਚਾਰਜਸ਼ੀਟ 'ਚ ਕੁੱਲ 14 ਮੁਲਜ਼ਮਾਂ ਦੇ ਨਾਮ ਦਰਜ ਕੀਤੇ ਗਏ ਸਨ। ਇਨ੍ਹਾਂ ਮੁਲਜ਼ਮਾਂ 'ਤੇ ਇਹ ਦੋਸ਼ ਹਨ ਕਿ ਇਹ ਅੱਤਵਾਦੀ ਸੰਗਠਨਾਂ ਨਾਲ ਰਿਸ਼ਤਾ ਰੱਖਣ ਵਾਲੇ ਗੈਂਗਸਟਰ ਹਨ। ਇਨ੍ਹਾਂ ਖ਼ਿਲਾਫ਼ ਕਾਰਵਾਈ ਕਰਦੇ ਹੋਏ ਜਾਂਚ ਏਜੰਸੀ ਐੱਨ.ਆਈ.ਏ. ਵਲੋਂ ਅੱਤਵਾਦੀਆਂ ਦੀ ਸੂਚੀ 'ਚ ਪਾਇਆ ਗਿਆ ਸੀ।

ਏਜੰਸੀ ਵਲੋਂ ਅੱਤਵਾਦੀਆਂ ਦੀ ਸੂਚੀ 'ਚ ਲਾਰੈਂਸ ਬਿਸ਼ਨੋਈ, ਕਾਲਾ ਜਠੇੜੀ, ਜਗਦੀਪ ਸਿੰਘ ਉਰਫ਼ ਜੱਗੂ, ਸਤਿੰਦਰਜੀਤ ਸਿੰਘ ਉਰਫ਼ ਸਚਿਨ ਵਿਸ਼ਨੋਈ, ਅਨਮੋਲ ਵਿਸ਼ਨੋਈ ਉਰਫ਼ ਭਾਨੂੰ, ਵਿਕਰਮਜੀਤ ਉਰਫ਼ ਵਿਕਰਮ ਬਰਾੜ, ਵੀਰੇਂਦਰ ਪ੍ਰਤਾਪ ਉਰਫ਼ ਕਾਲਾ ਰਾਣਾ, ਜੋਗਿੰਦਰ ਸਿੰਘ, ਰਾਜੇਸ਼ ਕੁਮਾਰ ਉਰਫ਼ ਰਾਜੂ ਮੋਟਾ, ਰਾਜੂ ਬਸੋੜੀ, ਅਨਿਲ ਚਿੱਪੀ, ਨਰੇਸ਼ ਯਾਦਵ, ਸ਼ਾਹਬਾਜ਼ ਅੰਸਾਰੀ ਦੇ ਨਾਮ ਦਰਜ ਹਨ।

ਵਿਜੀਲੈਂਸ ਬਿਊਰੋ ਵੱਲੋਂ ਸਾਬਕਾ ਮੁੱਖ ਮੰਤਰੀ ਚੰਨੀ ਖ਼ਿਲਾਫ਼ ਜਾਂਚ ਤੇਜ਼; ਪੰਜ ਘੰਟੇ ਕੀਤੀ ਪੁੱਛਗਿੱਛ

■ ਵਿਜੀਲੈਂਸ ਭਵਨ ਮੁਹਾਲੀ ਪਹੁੰਚ ਕੇ ਦੂਜੀ ਵਾਰ ਜਾਂਚ 'ਚ ਸ਼ਾਮਲ ਹੋਏ ਸਾਬਕਾ ਮੁੱਖ ਮੰਤਰੀ ਚੰਨੀ

ਵਿਜੀਲੈਂਸ ਦਫ਼ਤਰ 'ਚੋਂ ਬਾਹਰ ਆਉਂਦੇ ਹੋਏ ਚਰਨਜੀਤ ਸਿੰਘ ਚੰਨੀ।

ਐੱਸ.ਏ.ਐੱਸ. ਨਗਰ (ਮੁਹਾਲੀ), (ਪੰਜਾਬ ਮੇਲ)- ਪੰਜਾਬ ਵਿਜੀਲੈਂਸ ਬਿਊਰੋ ਨੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਖ਼ਿਲਾਫ਼ ਜਾਂਚ ਤੇਜ਼ ਕਰ ਦਿੱਤੀ ਹੈ। ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਮਾਮਲੇ 'ਚ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਮੰਗਲਵਾਰ ਨੂੰ ਦੂਜੀ ਵਾਰ ਮੁਹਾਲੀ ਸਥਿਤ ਪੰਜਾਬ ਵਿਜੀਲੈਂਸ ਬਿਊਰੋ ਦੇ ਮੁੱਖ ਦਫ਼ਤਰ ਵਿਚ ਪਹੁੰਚੇ ਅਤੇ ਵਿਜੀਲੈਂਸ ਦੀ ਜਾਂਚ ਵਿਚ ਸ਼ਾਮਲ ਹੋਏ, ਜਿੱਥੇ ਉਨ੍ਹਾਂ ਤੋਂ ਕਰੀਬ 5 ਘੰਟੇ ਲਗਾਤਾਰ ਪੁੱਛਗਿੱਛ ਕੀਤੀ। ਉਹ ਸਵੇਰੇ ਸਾਢੇ 10 ਵਜੇ ਵਿਜੀਲੈਂਸ ਭਵਨ ਪਹੁੰਚੇ ਸੀ ਅਤੇ ਬਾਅਦ ਦੁਪਹਿਰ ਕਰੀਬ ਸਾਢੇ ਤਿੰਨ ਵਜੇ ਬਾਹਰ ਆਏ।

ਇਸ ਦੌਰਾਨ ਵਿਜੀਲੈਂਸ ਦੀ ਵਿਸ਼ੇਸ਼ ਜਾਂਚ ਟੀਮ ਨੇ ਸਾਬਕਾ ਮੁੱਖ ਮੰਤਰੀ ਚੰਨੀ ਤੋਂ ਕਾਂਗਰਸ ਸਰਕਾਰ ਸਮੇਂ ਕੈਬਨਿਟ ਮੰਤਰੀ ਹੁੰਦਿਆਂ ਅਤੇ ਮੁੱਖ ਮੰਤਰੀ ਦੇ ਕਾਰਜਕਾਲ ਦੌਰਾਨ ਉਨ੍ਹਾਂ ਦੀ ਚੱਲ ਅਤੇ ਅਚੱਲ ਜਾਇਦਾਦ

■ ਬਾਕੀ ਖਬਰ ਸਫਾ 16 'ਤੇ

ਦਿਲ ਨਿੱਜਰ ਨੂੰ ਪ੍ਰਧਾਨ ਬਣਨ 'ਤੇ ਵੱਖ-ਵੱਖ ਸ਼ਖਸੀਅਤਾਂ ਵੱਲੋਂ ਵਧਾਈਆਂ

ਸੈਕਰਾਮੈਂਟੋ, (ਪੰਜਾਬ ਮੇਲ)- ਪੰਜਾਬੀ ਸਾਹਿਤ ਸਭਾ ਸੈਕਰਾਮੈਂਟੋ, ਯੂਬਾ ਸਿਟੀ ਦੀ ਚੋਣ ਸਰਵਸੰਮਤੀ ਨਾਲ ਹੋਈ, ਜਿਸ ਵਿਚ ਸਰਵਸੰਮਤੀ ਨਾਲ ਦਿਲ ਨਿੱਜਰ ਨੂੰ ਪ੍ਰਧਾਨ ਚੁਣ ਲਿਆ ਗਿਆ। ਇਸ ਸੰਸਥਾ ਵਿਚ ਉਹ ਤੀਜੀ ਵਾਰ ਪ੍ਰਧਾਨ ਬਣੇ ਹਨ। ਵੱਖ-ਵੱਖ ਸ਼ਖਸੀਅਤਾਂ ਵੱਲੋਂ ਉਨ੍ਹਾਂ ਨੂੰ ਪ੍ਰਧਾਨ ਚੁਣੇ ਜਾਣ 'ਤੇ ਵਧਾਈ ਦਿੱਤੀ ਗਈ। ਇਨ੍ਹਾਂ ਸ਼ਖਸੀਅਤਾਂ ਵਿਚ ਗੁਰਜਤਿੰਦਰ ਸਿੰਘ ਰੰਧਾਵਾ, ਰਾਠੇਸ਼ਵਰ ਸਿੰਘ ਸੂਰਾਪੁਰੀ, ਨਿੱਜਰ ਭੁਪਿੰਦਰ ਸਿੰਘ ਦਲੇਰ, ਜੋਤੀ ਸਿੰਘ, ਜੀਵਨ ਰੱਤੂ ਵੀ ਸ਼ਾਮਲ ਹਨ। ਇਨ੍ਹਾਂ ਆਗੂਆਂ ਨੇ ਉਮੀਦ ਕੀਤੀ ਕਿ ਦਿਲ ਨਿੱਜਰ ਪੰਜਾਬੀ ਸਾਹਿਤ ਸਭਾ ਨੂੰ ਹੋਰ ਵੀ ਬੁਲੰਦੀਆਂ 'ਤੇ ਲੈ ਕੇ ਜਾਣਗੇ।

ਕੈਨੇਡਾ ਦਾ ਕਿਊਬਿਕ ਇਮੀਗ੍ਰੈਂਟ ਇਨਵੈਸਟਰ ਪ੍ਰੋਗਰਾਮ ਮੁੜ ਖੁੱਲ੍ਹਣ ਲਈ ਤਿਆਰ

■ ਪਰਿਵਾਰ ਸਮੇਤ ਮਿਲੇਗੀ ਕੈਨੇਡਾ 'ਚ ਪੀ.ਆਰ.

ਕਿਊਬਿਕ, (ਪੰਜਾਬ ਮੇਲ)- ਕੈਨੇਡਾ ਦਾ ਕਿਊਬਿਕ ਨਿਵੇਸ਼ਕ ਪ੍ਰੋਗਰਾਮ (ਕਿਊ.ਆਈ.ਆਈ.ਪੀ.) ਜਨਵਰੀ 2024 ਵਿਚ ਮੁੜ ਖੁੱਲ੍ਹਣ ਲਈ ਤਿਆਰ ਹੈ। ਇਹ ਪ੍ਰੋਗਰਾਮ 2019 ਵਿਚ ਬੰਦ ਕਰ ਦਿੱਤਾ ਗਿਆ ਸੀ। ਕਰੀਬ ਪੰਜ ਸਾਲ ਬਾਅਦ ਜਨਵਰੀ 2024 ਤੋਂ ਇਸ ਨੂੰ ਦੁਬਾਰਾ ਸ਼ੁਰੂ ਕੀਤਾ ਜਾ ਰਿਹਾ ਹੈ। ਇਸ ਪ੍ਰੋਗਰਾਮ ਵਿਚ ਪਰਿਵਾਰ ਸਮੇਤ ਉਨ੍ਹਾਂ ਨਿਵੇਸ਼ਕਾਂ ਨੂੰ ਕੈਨੇਡੀਅਨ ਪੀਆਰ ਮਿਲੇਗੀ, ਜੋ ਕੈਨੇਡਾ ਵਿਚ 10 ਲੱਖ ਡਾਲਰ (ਕਰੀਬ 6 ਕਰੋੜ 17 ਲੱਖ ਰੁਪਏ) ਦਾ ਨਿਵੇਸ਼ ਕਰਦੇ ਹਨ। ਨਾਲ ਹੀ ਭਾਰਤ ਵਿਚ ਪਤੀ-ਪਤਨੀ ਦੀਆਂ ਸਾਰੀਆਂ ਜਾਇਦਾਦਾਂ ਦਾ ਮੁੱਲ ਲਗਭਗ 2 ਮਿਲੀਅਨ ਡਾਲਰ (12 ਕਰੋੜ 34 ਲੱਖ ਰੁਪਏ) ਹੋਣਾ ਲਾਜ਼ਮੀ ਹੈ। ਨਵੇਂ ਪ੍ਰੋਗਰਾਮ ਲਈ ਨਿਵੇਸ਼ਕਾਂ ਨੂੰ ਫ੍ਰੈਂਚ ਬੋਲਣ ਦੇ ਹੁਨਰ ਹੋਣਾ ਲਾਜ਼ਮੀ ਹੈ, ਜੋ ਕਿ 2019 ਤੋਂ ਪਹਿਲਾਂ ਦੇ ਪ੍ਰੋਗਰਾਮ ਵਿਚ ਨਹੀਂ ਸੀ। ਕਿਊਬਿਕ ਸਰਕਾਰ ਦਾ ਕਹਿਣਾ ਹੈ ਕਿ ਕੈਨੇਡੀਅਨ ਰਾਜ ਕਿਊਬਿਕ ਵਿਚ ਆਉਣ ਵਾਲੇ ਕਾਮਿਆਂ ਅਤੇ ਹੋਰ ਪ੍ਰਵਾਸੀਆਂ ਵਿਚ ਫਰੈਂਚ ਬੋਲਣ ਅਤੇ ਸਮਝਣ ਦੀ ਸਮਰੱਥਾ ਬਹੁਤ ਘੱਟ ਹੈ।

ਇਹ ਪ੍ਰੋਗਰਾਮ ਅਮੀਰ ਭਾਰਤੀਆਂ ਨੂੰ ਕੈਨੇਡਾ ਵਿਚ ਸੈਟਲ ਹੋਣ ਦਾ ਮੌਕਾ ਦੇਵੇਗਾ। ਪੰਜਾਬ ਦੇ ਲੋਕ ਆਪਣੀ ਜ਼ਮੀਨ ਜਾਂ ਕਾਰੋਬਾਰ ਦਾ ਮੁਲਾਂਕਣ ਕਰਵਾ ਕੇ ਅਤੇ 1 ਮਿਲੀਅਨ ਡਾਲਰ ਦੇ ਨਿਵੇਸ਼ ਨਾਲ ਕੈਨੇਡਾ ਜਾਣ ਦੇ ਯੋਗ ਹੋਣਗੇ। ਹਾਲਾਂਕਿ ਉਨ੍ਹਾਂ ਨੂੰ ਸਕੂਲ ਪੱਧਰ ਦਾ

■ ਬਾਕੀ ਖਬਰ ਸਫਾ 16 'ਤੇ

ਅਮਰੀਕਾ 'ਚ ਹਥਿਆਰਬੰਦ ਲੁੱਟ ਦੌਰਾਨ ਭਾਰਤੀ ਨੌਜਵਾਨ ਦੀ ਮੌਤ

ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)- ਅਮਰੀਕਾ ਤੋਂ ਇਕ ਦੁੱਖਦਾਇਕ ਖ਼ਬਰ ਸਾਹਮਣੇ ਆਈ ਹੈ। ਇੱਥੇ ਬੀਤੇ ਐਤਵਾਰ ਕੈਲੀਫੋਰਨੀਆ ਸੂਬੇ ਦੇ ਸ਼ਹਿਰ ਵਿਸਾਲੀਆ ਵਿਖੇ ਇਕ ਸ਼ਰਾਬ ਦੀ ਦੁਕਾਨ 'ਤੇ ਲੁੱਟ ਦੀ ਨੀਯਤ ਨੂੰ ਲੈ ਕੇ ਗੋਲੀਬਾਰੀ ਹੋਈ। ਇਸ ਗੋਲੀਬਾਰੀ 'ਚ ਆਪਣੇ ਹੀ ਸ਼ਰਾਬ ਦੇ ਸਟੋਰ 'ਤੇ ਰਾਤ ਨੂੰ ਕੰਮ ਕਰਦੇ ਭਾਰਤ ਤੋਂ ਹਰਿਆਣਾ ਨਾਲ ਪਿਛੋਕੜ ਰੱਖਣ ਵਾਲੇ ਪਰਿਵਾਰ ਦੇ 20 ਸਾਲ ਦੀ ਉਮਰ ਦੇ ਨੌਜਵਾਨ ਦੀ ਮੌਤ ਹੋ ਗਈ। ਜਾਣਕਾਰੀ ਮੁਤਾਬਕ 16 ਸਾਲਾ ਹਥਿਆਰਬੰਦ ਡਕੈਤੀ ਦੇ ਸ਼ੱਕੀ ਦੀ ਵੀ ਮੌਤ ਹੋ ਗਈ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ 16 ਸਾਲਾ ਨੌਜਵਾਨ ਨੇ ਸਟੋਰ ਲੁੱਟਣ ਦੀ ਕੋਸ਼ਿਸ਼ ਕੀਤੀ। ਨੌਜਵਾਨ ਅਤੇ ਹਥਿਆਰਬੰਦ ਡਕੈਤ ਨੇ ਇਕ-ਦੂਜੇ 'ਤੇ ਗੋਲੀਆਂ ਚਲਾਈਆਂ। ਕੈਲੀਫੋਰਨੀਆ ਸੂਬੇ ਦੇ ਸ਼ਹਿਰ ਵਿਸਾਲੀਆ ਪੁਲਿਸ ਦਾ ਕਹਿਣਾ ਹੈ ਕਿ ਇੱਕ 20 ਸਾਲਾ ਸ਼ਰਾਬ ਸਟੋਰ ਦੇ ਮਾਲਿਕ ਅਤੇ ਇੱਕ 16 ਸਾਲਾ ਸ਼ੱਕੀ ਵਿਅਕਤੀ ਦੀ ਹਥਿਆਰਬੰਦ ਲੁੱਟ ਦੌਰਾਨ ਦੋਵਾਂ ਵਿਚਕਾਰ ਗੋਲੀਬਾਰੀ ਦੌਰਾਨ ਮੌਤ ਹੋ ਗਈ। ਇਹ ਘਟਨਾ ਬੀਤੇ ਐਤਵਾਰ ਰਾਤ ਕਰੀਬ 11:00 ਵਜੇ ਦੇ ਕਰੀਬ ਵਾਲਨਟ ਐਵੇਨਿਊ ਅਤੇ ਗਿਡਿੰਗ ਸਟਰੀਟ 'ਤੇ ਈਜ਼ੈੱਡ ਮਾਰਟ ਨਾਮ ਦੇ ਲਿਕਰ ਸਟੋਰ 'ਤੇ ਵਾਪਰੀ। ਅਧਿਕਾਰੀਆਂ ਦਾ ਕਹਿਣਾ ਹੈ ਕਿ 16 ਸਾਲਾ ਨੌਜਵਾਨ ਨੇ ਸਟੋਰ ਲੁੱਟਣ ਦੀ ਕੋਸ਼ਿਸ਼ ਕੀਤੀ ਸੀ। ਮ੍ਰਿਤਕ ਦੀ ਪਛਾਣ ਉਸ ਦੇ ਪਰਿਵਾਰ ਨੇ ਕ੍ਰਿਸ਼ਨ ਸਿੰਘ ਵਜੋਂ ਕੀਤੀ। ਪੁਲਿਸ ਨੇ 16 ਸਾਲਾ ਸ਼ੱਕੀ ਲੁਟੇਰੇ ਨੌਜਵਾਨ ਨੂੰ ਪਾਰਕਿੰਗ ਵਿਚ ਪਾਇਆ, ਉਸ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸ ਦੀ ਮੌਤ ਹੋ ਗਈ। ਕ੍ਰਿਸ਼ਨ ਸਿੰਘ ਕ੍ਰਿਸ਼ ਸਟੋਰ ਦੇ ਅੰਦਰ ਮ੍ਰਿਤਕ ਪਾਇਆ ਗਿਆ। ਨੌਜਵਾਨ ਕ੍ਰਿਸ਼ਨ ਸਿੰਘ ਕ੍ਰਿਸ਼ ਸ਼ਰਾਬ ਦੀ ਦੁਕਾਨ ਦੇ ਮਾਲਕ ਪ੍ਰਤਾਪ ਸਿੰਘ ਦਾ ਪੁੱਤਰ ਸੀ। ਮ੍ਰਿਤਕ ਆਪਣੇ ਮਾਂ-ਪਿਉ ਦਾ ਇਕਲੌਤਾ ਪੁੱਤਰ ਸੀ। ਮ੍ਰਿਤਕ ਪੁੱਤਰ ਦੇ ਪਿਤਾ ਪ੍ਰਤਾਪ ਸਿੰਘ ਨੇ ਕਿਹਾ ਕਿ "ਮੇਰੀ ਪਤਨੀ ਘਰ ਵਿਚ ਮਰ ਰਹੀ ਹੈ। ਜੇਕਰ ਮੈਨੂੰ ਇੱਕ-ਦੋ ਦਿਨਾਂ ਵਿਚ ਕ੍ਰਿਸ਼ਨ ਸਿੰਘ (ਕ੍ਰਿਸ਼ ਦੀ) ਲਾਸ਼ ਨਾ ਮਿਲੀ, ਤਾਂ ਉਹ ਵੀ ਦੁਨੀਆਂ ਤੋਂ ਚਲੀ ਜਾਵੇਗੀ। ਪਿਤਾ ਪ੍ਰਤਾਪ ਸਿੰਘ ਦਾ ਕਹਿਣਾ ਹੈ ਕਿ ਇਸ ਸਮੇਂ ਉਹ ਸਿਰਫ ਆਪਣੇ ਪੁੱਤਰ ਦੀ ਦੇਹ ਨੂੰ ਉਨ੍ਹਾਂ ਦੇ ਜੱਦੀ ਦੇਸ਼ ਉਸ ਦੀ ਜਨਮ ਭੂਮੀ 'ਤੇ ਲੈ ਜਾਣਾ ਚਾਹੁੰਦਾ ਹੈ, ਜਿਥੇ ਉਸ ਦਾ ਅੰਤਿਮ ਸੰਸਕਾਰ ਹੋ ਸਕੇ।"

■ ਹਥਿਆਰਬੰਦ ਸ਼ੱਕੀ ਦੀ ਵੀ ਹੋਈ ਮੌਤ

ਅਮਰੀਕੀ ਰਾਸ਼ਟਰਪਤੀ ਬਾਇਡਨ ਨੇ ਵਿਦਿਆਰਥੀਆਂ ਦਾ ਕਰਜ਼ਾ ਮੁਆਫੀ ਵਿਰੋਧੀ ਬਿੱਲ ਨੂੰ ਕੀਤਾ ਵੀਟੋ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)- ਅਮਰੀਕੀ ਕਾਂਗਰਸ ਦੇ ਦੋਨਾਂ ਸਦਨਾਂ ਵੱਲੋਂ ਪਾਸ ਕੀਤੇ ਉਸ ਬਿੱਲ ਨੂੰ ਰਾਸ਼ਟਰਪਤੀ ਜੋਅ ਬਾਇਡਨ ਨੇ ਵੀਟੋ ਕਰ ਦਿੱਤਾ ਹੈ, ਜਿਸ ਦੇ ਕਾਨੂੰਨ ਬਣ ਜਾਣ ਨਾਲ ਵਿਦਿਆਰਥੀਆਂ ਦੀ ਕਰਜ਼ਾ ਮੁਆਫੀ ਦੀ ਯੋਜਨਾ ਉਪਰ ਪਾਣੀ ਫਿਰ ਜਾਣਾ ਸੀ, ਜੋ ਕਰਜ਼ਾ ਮੁਆਫੀ ਦੀ ਯੋਜਨਾ ਰਾਸ਼ਟਰਪਤੀ ਦੇ ਮੁੱਖ ਚੋਣ ਵਾਅਦਿਆਂ ਵਿਚ ਸ਼ਾਮਲ ਹੈ। ਹੁਣ ਇਹ ਮਾਮਲਾ ਸੁਪਰੀਮ ਕੋਰਟ ਕੋਲ ਹੈ, ਜੋ ਇਸ ਬਾਰੇ ਅੰਤਿਮ ਫੈਸਲਾ ਲਵੇਗੀ। ਰਾਸ਼ਟਰਪਤੀ ਬਾਇਡਨ ਨੇ ਇਕ ਟਵੀਟ ਵਿਚ ਕਿਹਾ ਹੈ ਕਿ ਉਹ ਸਖਤ ਮਿਹਨਤ ਕਰ ਰਹੇ ਲੋਕਾਂ ਦੀ ਮਦਦ ਕਰਨ ਤੋਂ ਪਿੱਛੇ ਨਹੀਂ ਹਟਣਗੇ। ਇਹ ਹੀ ਕਾਰਨ ਹੈ ਕਿ ਮੈਂ ਬਿੱਲ ਉਪਰ ਵੀਟੋ ਕਰ ਰਿਹਾ ਹਾਂ। ਰਾਸ਼ਟਰਪਤੀ ਨੇ ਵੀਡੀਓ ਵੀ ਪਾਈ ਹੈ, ਜਿਸ ਵਿਚ ਉਹ ਬਿੱਲ ਰੱਦ ਕਰਨ ਦਾ ਐਲਾਨ ਕਰਦੇ ਹੋਏ ਨਜ਼ਰ ਆ ਰਹੇ ਹਨ। ਬਾਇਡਨ ਹੁਣ ਤੱਕ ਆਪਣੇ ਕਾਰਜਕਾਲ ਦੌਰਾਨ ਆਪਣੇ ਵੀਟੋ ਅਧਿਕਾਰ ਦੀ ਪੰਜਵੀਂ ਵਾਰ ਵਰਤੋਂ ਕਰ ਚੁੱਕੇ ਹਨ। ਪਰੰਤੂ ਇਸ ਵਾਰ ਦੀ ਵੀਟੋ ਇਕ ਵਿਸ਼ੇਸ਼ ਮਹੱਤਵ ਰੱਖਦੀ ਹੈ ਕਿਉਂਕਿ ਇਸ ਦਾ ਸਬੰਧ ਹਜ਼ਾਰਾਂ ਵਿਦਿਆਰਥੀਆਂ ਦੀ ਕਰਜ਼ਾ ਮੁਆਫੀ ਨਾਲ ਹੈ। ਬਾਇਡਨ ਕਰਜ਼ਾ ਮੁਆਫੀ ਪ੍ਰੋਗਰਾਮ ਵਿਚ ਅੜਿਕਾ ਪਾਉਣ ਲਈ ਰਿਪਬਲੀਕਨਾਂ ਨੂੰ ਜ਼ਿੰਮੇਵਾਰ ਠਹਿਰਾਉਂਦੇ ਆ ਰਹੇ ਹਨ ਪਰੰਤੂ ਕਰਜ਼ਾ ਮੁਆਫੀ ਵਿਰੋਧੀ ਬਿੱਲ ਡੈਮੋਕਰੈਟਿਕਾਂ ਦੇ ਨਿਯੰਤਰਣ ਵਾਲੇ ਸਦਨ ਸੈਨਟ ਵੱਲੋਂ ਵੀ ਪਾਸ ਕਰ ਦਿੱਤਾ ਗਿਆ ਹੈ। ਦੋ ਡੈਮੋਕਰੈਟਿਕ ਮੈਂਬਰਾਂ ਜੋ ਮੰਚਿਨ, ਵੈਸਟ ਵਰਜੀਨੀਆ ਤੇ ਜੋਨ ਟੈਸਟਰ, ਮੋਨਟਾਨਾ ਨੇ ਬਿੱਲ ਦੇ ਹੱਕ ਵਿਚ ਵੋਟ ਪਾਈ ਹੈ। ਇਕ ਆਜ਼ਾਦ ਸੈਨਟ ਮੈਂਬਰ ਕ੍ਰਿਸਟਨ ਸੀਨੇਮਾ ਨੇ ਵੀ ਬਿੱਲ ਦੇ ਹੱਕ ਵਿਚ ਵੋਟ ਪਾਈ ਹੈ। ਸੈਨਟ ਵੱਲੋਂ ਬਿੱਲ ਪਾਸ ਕਰਨ ਦੇ ਕੁਝ ਦੇਰ ਬਾਅਦ ਰਿਪਬਲੀਕਨ ਸੈਨਟ ਮੈਂਬਰ ਬਿੱਲ ਕੈਸਿਡੀ, ਲੂਸੀਆਨਾ ਜਿਸ ਨੇ ਬਾਇਡਨ ਦੀ ਯੋਜਨਾ ਖਤਮ ਕਰਨ ਦੀ ਮੁਹਿੰਮ ਦੀ ਅਗਵਾਈ ਕੀਤੀ ਨੇ ਕਿਹਾ ਕਿ ਜ਼ਿਆਦਾਤਰ ਲੋਕਾਂ ਨੇ ਵਿਦਿਆਰਥੀ ਕਰਜ਼ਾ ਨਹੀਂ ਲਿਆ ਹੈ ਤੇ ਦੂਸਰੇ ਲੋਕਾਂ ਦੀ ਦੇਣਦਾਰੀ ਦਾ ਅਸਰ ਟੈਕਸ ਦਾਤਿਆਂ ਉਪਰ ਨਹੀਂ ਪੈਣਾ ਚਾਹੀਦਾ। ਉਨ੍ਹਾਂ ਇਕ ਟਵੀਟ ਵਿਚ ਕਿਹਾ 87% ਅਮਰੀਕੀਆਂ ਨੇ ਵਿਦਿਆਰਥੀ ਕਰਜ਼ਾ ਨਹੀਂ ਲਿਆ ਹੈ ਤੇ ਨਾ ਹੀ ਉਹ ਦੂਸਰਿਆਂ ਦੇ ਕਰਜ਼ੇ ਦੀ ਅਦਾਇਗੀ ਲਈ ਜ਼ਿੰਮੇਵਾਰ ਹਨ। ਉਨ੍ਹਾਂ ਕਿਹਾ ਕਿ ਇਹ ਸਕੀਮਾਂ ਨਾਜਾਇਜ਼ ਤੇ ਗੈਰ ਜ਼ਿੰਮੇਵਾਰਨਾ ਹਨ। ਦੂਸਰੇ ਪਾਸੇ ਬਾਇਡਨ ਪੱਖੀ ਮੈਂਬਰ ਬਿੱਲ ਦੇ ਵਿਰੋਧੀਆਂ ਉਪਰ ਦੋਸ਼ ਲਾ ਰਹੇ ਹਨ ਕਿ ਇਹ ਲੋਕ ਮੱਧ ਵਰਗੀ ਲੋਕਾਂ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਵਿਚ ਹਨ। ਬਾਇਡਨ ਪ੍ਰਸ਼ਾਸਨ ਨੇ ਵੀ ਇਸ ਤੱਥ ਨੂੰ ਉਭਾਰਿਆ ਹੈ ਕਿ ਕਰਜ਼ਾ ਮੁਆਫੀ ਦੀ ਰਾਹਤ ਉਨ੍ਹਾਂ ਲੋਕਾਂ ਨੂੰ ਮਿਲੇਗੀ, ਜੋ 75000 ਡਾਲਰ ਸਾਲਾਨਾ ਤੋਂ ਘੱਟ ਕਮਾਉਂਦੇ ਹਨ।

■ ਹੁਣ ਆਖਰੀ ਫੈਸਲਾ ਕਰੇਗੀ ਸੁਪਰੀਮ ਕੋਰਟ

ਹਰੇਕ ਪੰਜ ਵਿਦਿਆਰਥੀ ਵੀਜ਼ਿਆਂ 'ਚੋਂ ਇਕ ਭਾਰਤ 'ਚ ਜਾਰੀ ਕੀਤਾ : ਅਮਰੀਕਾ

ਵਾਸ਼ਿੰਗਟਨ/ਨਵੀਂ ਦਿੱਲੀ, (ਪੰਜਾਬ ਮੇਲ)- ਅਮਰੀਕਾ 'ਚ ਭਾਰਤੀ ਵਿਦਿਆਰਥੀਆਂ ਦੀ ਝੰਡੀ ਹੈ। ਭਾਰਤੀ ਵਿਦਿਆਰਥੀਆਂ ਨੇ ਸਭ ਤੋਂ ਵੱਧ ਸਟੂਡੈਂਟ ਵੀਜ਼ੇ ਹਾਸਲ ਕੀਤੇ ਹਨ। ਇਹ ਜਾਣ ਕੇ ਹੈਰਾਨੀ ਹੋਏਗੀ ਕਿ ਸਾਲ 2022 ਵਿਚ ਹਰੇਕ ਪੰਜ ਅਮਰੀਕੀ ਵੀਜ਼ਿਆਂ 'ਚੋਂ ਇੱਕ ਵੀਜ਼ਾ ਭਾਰਤ ਵਿਦਿਆਰਥੀ ਨੂੰ ਜਾਰੀ ਹੋਇਆ ਹੈ। ਅਮਰੀਕਾ ਦਾ ਇਹ ਵੀ ਮੰਨਣਾ ਹੈ ਕਿ ਭਾਰਤੀਆਂ ਨੇ ਅਮਰੀਕਾ ਵਿਚ ਨਾ ਸਿਰਫ ਸਿੱਖਿਆ ਹਾਸਲ ਕੀਤੀ ਹੈ, ਬਲਕਿ ਦਹਾਕਿਆਂ ਤੱਕ ਆਪਣੀ ਪ੍ਰਤਿਭਾ ਵੀ ਦਿਖਾਈ ਹੈ।

ਭਾਰਤ ਵਿਚ ਅਮਰੀਕਾ ਦੇ ਰਾਜਦੂਤ ਐਰਿਕ ਗਾਰਸੇਟੀ ਨੇ ਕਿਹਾ ਹੈ ਕਿ 2022 ਵਿਚ ਹਰੇਕ ਪੰਜ ਅਮਰੀਕੀ ਵੀਜ਼ਿਆਂ 'ਚੋਂ ਇਕ ਵੀਜ਼ਾ ਭਾਰਤ ਵਿਚ ਜਾਰੀ ਕੀਤਾ ਗਿਆ, ਜੋ ਵਿਸ਼ਵ ਵਿਚ ਭਾਰਤੀ ਆਬਾਦੀ ਦੇ ਅਨੁਪਾਤ ਨਾਲੋਂ ਵੱਧ ਹੈ। ਅਮਰੀਕੀ ਦੂਤਾਵਾਸ ਨੇ ਦੇਸ਼ ਭਰ ਵਿਚ ਸਾਲਾਨਾ ਵਿਦਿਆਰਥੀ ਵੀਜ਼ਾ ਦਿਵਸ ਮਨਾਇਆ। ਇਸ ਦੌਰਾਨ ਕੌਂਸਲੇਟ ਦੇ ਅਧਿਕਾਰੀਆਂ ਵੱਲੋਂ ਦਿੱਲੀ, ਚੇਨਈ, ਹੈਦਰਾਬਾਦ, ਕੋਲਕਾਤਾ ਤੇ ਮੁੰਬਈ ਵਿਚ 3500 ਭਾਰਤੀ ਵਿਦਿਆਰਥੀ ਵੀਜ਼ਾ ਬਿਨੈਕਾਰਾਂ ਦੇ ਇੰਟਰਵਿਊ ਲਏ ਗਏ।

ਇਸ ਮੌਕੇ ਸੰਬੋਧਨ ਕਰਦਿਆਂ ਗਾਰਸੇਟੀ ਨੇ ਕਿਹਾ, "ਦੁਨੀਆਂ ਦੇ ਕਿਸੇ ਵੀ ਹੋਰ ਦੇਸ਼ ਦੇ ਮੁਕਾਬਲੇ ਜ਼ਿਆਦਾ ਭਾਰਤੀ ਅਮਰੀਕਾ ਆਉਂਦੇ ਹਨ। 2022 ਵਿਚ ਹਰੇਕ ਪੰਜ ਵਿਦਿਆਰਥੀ ਵੀਜ਼ਿਆਂ 'ਚੋਂ ਇੱਕ ਵੀਜ਼ਾ ਇੱਥੇ ਭਾਰਤ ਵਿਚ ਜਾਰੀ ਕੀਤਾ ਗਿਆ, ਜੋ ਵਿਸ਼ਵ ਵਿਚ ਭਾਰਤ ਦੀ ਆਬਾਦੀ ਦੇ ਅਨੁਪਾਤ ਨਾਲੋਂ ਵੱਧ ਹੈ। ਭਾਰਤੀਆਂ ਨੇ ਅਮਰੀਕਾ ਵਿਚ ਨਾ ਸਿਰਫ ਸਿੱਖਿਆ ਹਾਸਲ ਕੀਤੀ ਹੈ, ਬਲਕਿ ਦਹਾਕਿਆਂ ਤੱਕ ਆਪਣੀ ਪ੍ਰਤਿਭਾ ਵੀ ਦਿਖਾਈ ਹੈ। ਵਿਦਿਆਰਥੀਆਂ ਲਈ ਅਸੀਂ ਸਭ ਤੋਂ ਵੱਧ ਵੀਜ਼ਾ ਅਰਜ਼ੀਆਂ 'ਤੇ ਕਾਰਵਾਈ ਕਰ ਰਹੇ ਹਾਂ।"

ਉਨ੍ਹਾਂ ਕਿਹਾ ਕਿ ਅਮਰੀਕੀ ਪ੍ਰਸ਼ਾਸਨ ਪਹਿਲਾਂ ਦੇ ਮੁਕਾਬਲੇ ਇਸ ਸਾਲ ਵਿਦਿਆਰਥੀਆਂ ਲਈ ਅਤੇ ਵੀਜ਼ਾ ਸਬੰਧੀ ਪ੍ਰੋਗਰਾਮ ਕਰੇਗਾ। ਉਨ੍ਹਾਂ ਕਿਹਾ, "ਅਗਾਮੀ ਹਫ਼ਤਿਆਂ 'ਚ ਅਸੀਂ ਜੁਲਾਈ ਤੇ ਅਗਸਤ ਵਾਸਤੇ ਹਜ਼ਾਰਾਂ ਵੀਜ਼ਾ ਅਰਜ਼ੀਆਂ ਸਬੰਧੀ ਪ੍ਰੋਗਰਾਮ ਜਾਰੀ ਕਰਾਂਗੇ।" ਦੂਤਾਵਾਸ ਤੋਂ ਜਾਰੀ ਅੰਕੜਿਆਂ ਮੁਤਾਬਕ ਭਾਰਤ ਵਿਚ ਅਮਰੀਕੀ ਦੂਤਾਵਾਸ ਨੇ 1,25,000 ਤੋਂ ਵੱਧ ਵਿਦਿਆਰਥੀ ਵੀਜ਼ੇ ਜਾਰੀ ਕੀਤੇ ਹਨ, ਜੋ ਕਿ ਰਿਕਾਰਡਤੋੜ ਅੰਕੜਾ ਹੈ। 2022 ਵਿਚ ਭਾਰਤੀਆਂ ਨੂੰ ਦੁਨੀਆਂ 'ਚ ਸਭ ਤੋਂ ਵੱਧ ਵੱਧ ਐੱਚ. ਐਂਡ ਐੱਲ. ਰੁਜ਼ਗਾਰ ਵੀਜ਼ਾ (65 ਫ਼ੀਸਦੀ) ਅਤੇ ਐੱਫ-1 ਵਿਦਿਆਰਥੀ ਵੀਜ਼ਾ (17.5 ਫ਼ੀਸਦੀ) ਜਾਰੀ ਕੀਤੇ ਗਏ।

REALTY ONE GROUP

FOR SALE & PURCHASE OF ANY KIND OF PROPERTY

Recently Sold Properties

Caravaggio, Sacramento
Shoman, Sacramento
Mason Ct, Tracy
Windsong Dr, Tracy
Bond Road, Elk Grove
Bond Road, Elk Grove
Oak Valley Way, Stockton
Van Eych, Sacramento
Valenda Ct, Elk Grove
Rodfo Ct, Sacramento
Little Harbor Ct, Elk Grove
Masters St, Elk Grove

ਕੈਲੀਫੋਰਨੀਆ ਵਿਚ ਘਰ ਖਰੀਦਣ ਜਾਂ ਵੇਚਣ ਲਈ ਸੰਪਰਕ ਕਰੋ।

Gurjatinder S. Randhawa
web: www.RealtorRandhawa.com
916-320-9444
garysingh123@yahoo.com

Gurjatinder S. Randhawa
REALTOR CA DRE licence # 01490567

ਹੁੰਮਹੁਮਾ ਕੇ ਪਹੁੰਚੋ **ਖੁੱਲ੍ਹਾ ਸੱਦਾ**

13th Children Summer Sports Camp - 2023

13ਵਾਂ ਬੱਚਿਆਂ ਦਾ ਖੇਡ ਕੈਂਪ - 2023

8th July, Saturday

Dedicated to
Late Bahadar Singh
Social Worker of Seattle

Wilson Play Fields Kent WA. 13028 SE. 251st. Kent, WA - 98030

8 ਜੁਲਾਈ, ਸ਼ਨਿਚਰਵਾਰ ਸ਼ਾਮ 5 ਵਜੇ ਅਰਦਾਸ ਕਰਕੇ ਸ਼ੁੱਭ ਆਰੰਭ

ਕੋਈ ਫੀਸ ਨਹੀਂ, ਸਗੋਂ ਸਪੋਰਟਸ ਕਿੱਟ ਦੀ ਹਰੇਕ ਸਾਲ ਸੰਧੂ ਤੇ ਕਾਹਲੋਂ ਵੱਲੋਂ ਮੁਫਤ ਸੇਵਾ ਕੀਤੀ ਜਾ ਰਹੀ ਹੈ।

ਮਨਜੀਤ ਸਿੰਘ ਦੀ ਇੰਸ਼ੋਰੈਂਸ ਵੱਲੋਂ ਹਰੇਕ ਸਾਲ ਫ੍ਰੀ ਇੰਸ਼ੋਰੈਂਸ ਦੀ ਸੇਵਾ ਕੀਤੀ ਜਾਂਦੀ ਹੈ।

ਦਾਨੀਆਂ ਵੱਲੋਂ ਮੁਫਤ ਰੀਫਰੈਸ਼ਮੈਂਟ ਦੀ ਸੇਵਾ ਕੀਤੀ ਜਾਂਦੀ ਹੈ।

ਬਜ਼ੁਰਗਾਂ ਲਈ ਸੈਰ ਤੇ ਯੋਗਾ 6 ਤੋਂ 7 ਵਜੇ ਤੱਕ

Every Saturday & Sunday 5-7 AM

ਸਤਿਕਾਰਯੋਗ ਜੀਓ, ਆਪ ਜੀ ਨੂੰ ਜਾਣ ਕੇ ਖੁਸ਼ੀ ਹੋਵੇਗੀ ਕਿ ਪਿਛਲੇ 12 ਸਾਲ ਤੋਂ ਬੱਚਿਆਂ ਦਾ ਖੇਡ ਕੈਂਪ ਲਗਾ ਕੇ ਬੱਚਿਆਂ ਨੂੰ ਤੰਦਰੁਸਤ ਮਨੋਰੰਜਨ ਦੇ ਕੇ ਸਰੀਰਕ ਫਿਟਨੈੱਸ ਦੀ ਟ੍ਰੇਨਿੰਗ ਤੇ ਵੱਖ-ਵੱਖ ਖੇਡਾਂ ਵਿਚ ਕੋਚਿੰਗ ਮੁਹੱਈਆ ਕਰਾਉਣ ਦਾ ਉਪਰਾਲਾ ਕੀਤਾ ਜਾ ਰਿਹਾ ਹੈ। ਬੱਚਿਆਂ ਨੂੰ ਪੰਜਾਬੀ ਵਿਰਸੇ ਤੇ ਸੱਭਿਆਚਾਰ ਤੇ ਖੇਡਾਂ ਨਾਲ ਜੋੜਨ ਦੀ ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ ਕੋਸ਼ਿਸ਼ ਕੀਤੀ ਜਾ ਰਹੀ ਹੈ। ਇਸ ਸਾਲ 8 ਜੁਲਾਈ, ਦਿਨ ਸ਼ਨਿੱਚਰਵਾਰ, 5 ਵਜੇ ਬੱਚਿਆਂ ਦੀ ਤੰਦਰੁਸਤੀ ਲਈ ਅਤੇ ਸੱਟ-ਫੇਟ ਤੋਂ ਬਚਾਅ ਲਈ ਅਰਦਾਸ ਕਰਕੇ ਬੱਚਿਆਂ ਦੇ ਖੇਡ-ਕੈਂਪ ਦਾ ਸ਼ੁੱਭ ਆਰੰਭ ਕੀਤਾ ਜਾ ਰਿਹਾ ਹੈ। ਆਪਣੇ ਬੱਚਿਆਂ ਨੂੰ ਕੈਂਪ ਦਾ ਹਿੱਸਾ ਬਣਨ ਲਈ ਖੁੱਲ੍ਹਾ ਸੱਦਾ।

ਪਿਛਲੇ ਸਾਲਾਂ ਦੇ ਖੇਡ ਕੈਂਪ ਦੀਆਂ ਝਲਕੀਆਂ।

ਫੁਲਕਾਰੀ ਤੀਆਂ ਦੇ ਮੇਲੇ ਦੀਆਂ ਪ੍ਰਬੰਧਕਾਂ ਸਨਮਾਨਿਤ।

ਪੰਜਾਬੀ ਭਾਈਚਾਰੇ ਵੱਲੋਂ ਵਾਸ਼ਿੰਗਟਨ ਸਟੇਟ ਦੇ ਗਵਰਨਰ ਦਾ ਸਨਮਾਨ।

ਹਾਜ਼ਰ ਪੰਜਾਬੀ ਭਾਈਚਾਰੇ ਦੇ ਲੋਕ।

ਸਿਆਟਲ ਵਿਰਾਸਤ ਮੇਲਾ

ਪੰਜਾਬੀ ਭਾਈਚਾਰੇ ਦੀ ਮਾਣ-ਮੱਤੀਆਂ ਸ਼ਖਸੀਅਤਾਂ ਦਾ ਵਿਸ਼ੇਸ਼ ਸਨਮਾਨ।

PHULKARI
TEEYAN DA MELA

ਸਿਆਟਲ ਫੁਲਕਾਰੀ ਤੀਆਂ ਦੇ ਮੇਲੇ ਦੀ ਤਿਆਰੀ ਕਰਦੀਆਂ ਪ੍ਰਬੰਧਕਾਂ।

ਸਵਾਗਤ ਕਰਤਾ : Sikhs of Seattle

ਸਿਆਟਲ ਦੇ ਨੌਜਵਾਨਾਂ ਵੱਲੋਂ ਸਹਿਯੋਗ ਦੇਣ ਵਾਸਤੇ ਉਪਰਾਲਾ

ਵਧੇਰੇ ਜਾਣਕਾਰੀ ਲਈ ਸੰਪਰਕ ਕਰੋ ਜੀ

ਗੁਰਚਰਨ ਸਿੰਘ ਢਿੱਲੋਂ : 206-412-1559

gsdhillon51@gmail.com

Designed By Punjab Mail USA

ਪੰਜਾਬ ਦੇ ਰਾਜਪਾਲ ਤੇ ਮੁੱਖ ਮੰਤਰੀ ਵਿਚਕਾਰ ਤਕਰਾਰ ਵਧੀ

- ਮੁੱਖ ਮੰਤਰੀ ਨੇ ਚਿੱਠੀਆਂ ਦਾ ਜਵਾਬ ਨਾ ਦੇ ਕੇ ਸੰਵਿਧਾਨ ਵਿਰੁੱਧ ਕੰਮ ਕੀਤਾ: ਰਾਜਪਾਲ ਪੁਰੋਹਿਤ
- ਭਗਵੰਤ ਮਾਨ ਵੱਲੋਂ ਰਾਜਪਾਲ 'ਤੇ ਬੇਬੁਨਿਆਦ ਤੇ ਗੁਮਰਾਹਕੁੰਨ ਬਿਆਨਬਾਜ਼ੀ ਕਰਨ ਦਾ ਦੋਸ਼

ਚੰਡੀਗੜ੍ਹ, (ਪੰਜਾਬ ਮੇਲ)- ਪੰਜਾਬ ਦੇ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਤੇ ਮੁੱਖ ਮੰਤਰੀ ਭਗਵੰਤ ਮਾਨ ਵਿਚਕਾਰ ਤਕਰਾਰ ਵਧਦਾ ਜਾ ਰਿਹਾ ਹੈ। ਰਾਜਪਾਲ ਪੁਰੋਹਿਤ ਨੇ ਕਿਹਾ ਕਿ ਉਨ੍ਹਾਂ ਨੇ ਮੁੱਖ ਮੰਤਰੀ ਭਗਵੰਤ ਨੂੰ 10 ਚਿੱਠੀਆਂ ਲਿਖੀਆਂ ਹਨ, ਜਿਸ ਵਿਚੋਂ ਮੁੱਖ ਮੰਤਰੀ ਨੇ ਇਕ ਚਿੱਠੀ ਦਾ ਵੀ ਜਵਾਬ ਨਹੀਂ ਦਿੱਤਾ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੇ ਰਾਜਪਾਲ ਦੀਆਂ ਚਿੱਠੀਆਂ ਦਾ ਜਵਾਬ ਨਾ ਦੇ ਕੇ ਸੰਵਿਧਾਨ ਵਿਰੁੱਧ ਕੰਮ ਕੀਤਾ ਹੈ। ਦੂਜੇ ਪਾਸੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਰਾਜਪਾਲ 'ਤੇ ਨਿਸ਼ਾਨਾ ਸੇਧਿਆ ਹੈ। ਰਾਜਪਾਲ ਪੁਰੋਹਿਤ ਨੇ ਚੰਡੀਗੜ੍ਹ ਦੇ ਸੈਕਟਰ-9 ਸਥਿਤ ਮਿੰਨੀ ਸਕੱਤਰੇਤ 'ਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਪੰਜਾਬ ਸਰਕਾਰ ਤੋਂ ਕੁਝ ਮੁੱਦਿਆਂ 'ਤੇ ਜਾਣਕਾਰੀ ਮੰਗੀ ਸੀ, ਤਾਂ ਮੁੱਖ ਮੰਤਰੀ ਨੇ ਕਿਹਾ ਕਿ ਉਹ ਸਿਰਫ਼ ਪੰਜਾਬ ਦੇ ਤਿੰਨ ਕਰੋੜ ਲੋਕਾਂ ਨੂੰ ਜਵਾਬਦੇਹ ਹਨ। ਉਨ੍ਹਾਂ ਨੇ ਸੁਪਰੀਮ ਕੋਰਟ ਦੇ ਆਦੇਸ਼ਾਂ ਦਾ ਹਵਾਲਾ ਦਿੰਦਿਆ ਕਿਹਾ ਕਿ ਪੰਜਾਬ ਸਰਕਾਰ ਰਾਜਪਾਲ ਨੂੰ ਜਵਾਬਦੇਹ ਹੈ। ਰਾਜਪਾਲ ਨੇ ਕੈਬਨਿਟ ਮੰਤਰੀ ਕਟਾਰੂਚੱਕ ਵਿਰੁੱਧ ਕਾਰਵਾਈ ਕੀਤੇ ਜਾਣ ਸਬੰਧੀ ਪੁੱਛੇ ਗਏ ਸਵਾਲ ਦਾ ਜਵਾਬ ਦਿੰਦਿਆ ਕਿਹਾ ਕਿ ਉਹ ਪੰਜਾਬ ਸਰਕਾਰ ਦੀਆਂ ਸਾਰੀਆਂ ਗਤੀਵਿਧੀਆਂ ਨੂੰ ਇਕੱਠਾ ਕਰ ਰਹੇ ਹਨ, ਜਿਸ ਦਾ ਸਮਾਂ ਆਉਣ 'ਤੇ ਜਵਾਬ ਦੇਣਗੇ। ਰਾਜਪਾਲ ਨੇ ਵਿਧਾਨ ਸਭਾ ਦੇ ਸੈਸ਼ਨ ਦੌਰਾਨ 'ਮੇਰੀ ਸਰਕਾਰ' ਦੀ ਥਾਂ ਸਿਰਫ਼ ਸਰਕਾਰ ਕਹਿਣ ਦੇ ਮੁੱਦੇ 'ਤੇ ਕਿਹਾ ਕਿ ਪੰਜਾਬ 'ਚ ਉਨ੍ਹਾਂ ਅਧੀਨ (ਰਾਜਪਾਲ) ਹੀ ਸਰਕਾਰ ਚੱਲ ਰਹੀ ਹੈ। ਉਨ੍ਹਾਂ ਕਿਹਾ, 'ਪੰਜਾਬ 'ਚ 'ਮੇਰੀ ਸਰਕਾਰ' ਚੱਲ ਰਹੀ ਹੈ, ਸਾਰੇ ਕੰਮ ਮੇਰੇ ਦਸਤਖਤ ਹੇਠਾਂ ਕੀਤੇ ਜਾਂਦੇ ਹਨ ਤਾਂ ਫੇਰ ਪੰਜਾਬ ਸਰਕਾਰ ਨੂੰ ਉਹ 'ਮੇਰੀ ਸਰਕਾਰ' ਕਿਉਂ ਨਹੀਂ ਕਹਿਣਗੇ।' ਰਾਜਪਾਲ ਨੇ ਕਿਹਾ ਕਿ ਪੰਜਾਬ 'ਚ ਉਨ੍ਹਾਂ ਦੀ ਹੀ ਸਰਕਾਰ ਚੱਲ ਰਹੀ ਹੈ। ਦੂਜੇ ਪਾਸੇ ਮੁੱਖ ਮੰਤਰੀ ਭਗਵੰਤ ਮਾਨ ਨੇ ਇੱਕ ਵੀਡੀਓ ਰਿਕਾਰਡਿੰਗ ਦਾ ਹਵਾਲਾ ਦਿੰਦਿਆਂ ਕਿਹਾ ਕਿ ਵਿਧਾਨ ਸਭਾ ਸੈਸ਼ਨ ਦੌਰਾਨ ਰਾਜਪਾਲ ਨੇ ਆਪਣਾ ਭਾਸ਼ਣ 'ਮੇਰੀ ਸਰਕਾਰ' ਸ਼ਬਦ ਤੋਂ ਸ਼ੁਰੂ ਕੀਤਾ ਸੀ ਪਰ ਜਦੋਂ ਵਿਰੋਧੀ ਧਿਰ ਵੱਲੋਂ ਬਿਨਾਂ ਕਿਸੇ ਤਰਕ ਦੇ ਰੌਲਾ ਪਾਇਆ ਗਿਆ ਤਾਂ ਉਨ੍ਹਾਂ ਸਿਰਫ਼ 'ਸਰਕਾਰ' ਸ਼ਬਦ ਦੀ ਵਰਤੋਂ ਕਰਨ ਨੂੰ ਤਰਜੀਹ ਦਿੱਤੀ। ਭਗਵੰਤ ਮਾਨ ਨੇ ਕਿਹਾ ਕਿ ਹਾਲਾਂਕਿ ਜਦੋਂ ਉਨ੍ਹਾਂ ਨੇ ਰਾਜਪਾਲ ਨੂੰ ਸੁਪਰੀਮ ਕੋਰਟ ਦੇ ਫੈਸਲੇ ਬਾਰੇ ਯਾਦ ਕਰਵਾਇਆ ਤਾਂ ਉਨ੍ਹਾਂ ਆਪਣਾ ਰੁਖ਼ ਬਦਲ ਲਿਆ ਅਤੇ 'ਮੇਰੀ ਸਰਕਾਰ' ਸ਼ਬਦ ਦੀ ਵਰਤੋਂ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਵਿਧਾਨ ਸਭਾ ਦੇ ਰਿਕਾਰਡ ਤੋਂ ਮਿਲੀ ਵੀਡੀਓ ਰਿਕਾਰਡਿੰਗ ਇਸ ਗੱਲ ਦਾ ਸਬੂਤ ਹੈ ਕਿ ਰਾਜਪਾਲ ਚੁਣੀ ਹੋਈ ਸੂਬਾ ਸਰਕਾਰ ਪ੍ਰਤੀ ਵਿਰੋਧੀ ਰਵੱਈਆ ਅਪਣਾ ਰਹੇ ਹਨ। ਮੁੱਖ ਮੰਤਰੀ ਨੇ ਕਿਹਾ ਕਿ ਰਾਜਪਾਲ ਦੀ ਬੇਬੁਨਿਆਦ ਅਤੇ ਗੁਮਰਾਹਕੁੰਨ ਬਿਆਨਬਾਜ਼ੀ ਇਸ ਅਹੁਦੇ ਦਾ ਨਿਰਾਦਰ ਕਰ ਰਹੀ ਹੈ। ਰਾਜਪਾਲ ਵੱਲੋਂ ਜਾਰੀ ਕੀਤੇ ਜਾ ਰਹੇ ਬਿਆਨ ਰਾਜ ਵਿਧਾਨ ਸਭਾ 'ਚ ਉਨ੍ਹਾਂ ਦੀਆਂ ਕਾਰਵਾਈਆਂ ਦੇ ਬਿਲਕੁਲ ਉਲਟ ਹਨ, ਜਿਨ੍ਹਾਂ ਦੇ ਰਿਕਾਰਡਿੰਗ ਵਿਚ ਸਬੂਤ ਹਨ। ਭਗਵੰਤ ਮਾਨ ਨੇ ਰਾਜਪਾਲ ਨੂੰ ਪੁੱਛਿਆ ਕਿ ਉਹ ਆਪਣੇ ਸੰਬੋਧਨ ਦੌਰਾਨ 'ਮੇਰੀ ਸਰਕਾਰ' ਸ਼ਬਦ ਦੀ ਵਰਤੋਂ ਨਾ ਕਰਕੇ ਆਪਣਾ ਸੰਵਿਧਾਨਕ ਫ਼ਰਜ਼ ਨਿਭਾਉਣ ਵਿਚ ਅਸਫ਼ਲ ਕਿਉਂ ਰਹੇ। ਮਾਨ ਨੇ ਕਿਹਾ ਕਿ ਰਾਜ ਭਵਨ ਹੁਣ ਭਾਜਪਾ ਦੇ ਸੂਬਾਈ ਹੈੱਡ-ਕੁਆਰਟਰ ਵਜੋਂ ਕੰਮ ਕਰ ਰਹੇ ਹਨ, ਜੋ ਭਾਰਤੀ ਜਮਹੂਰੀਅਤ ਲਈ ਬਹੁਤ ਖਤਰਨਾਕ ਰੁਝਾਨ ਹੈ। ਗੌਰਤਲਬ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਐਤਵਾਰ ਦਿੱਲੀ ਦੇ ਰਾਮਲੀਲਾ ਮੈਦਾਨ 'ਚ 'ਆਪ' ਦੀ ਮਹਾ ਰੈਲੀ ਦੌਰਾਨ ਕਿਹਾ ਕਿ ਬਜਟ ਸੈਸ਼ਨ ਦੇ ਦਿਨ ਰਾਜਪਾਲ ਬਨਵਾਰੀ ਲਾਲ ਪੁਰੋਹਿਤ ਨੇ ਪੰਜਾਬ ਸਰਕਾਰ ਦੀਆਂ ਉਪਲਬਧੀਆਂ ਸਬੰਧੀ ਭਾਸ਼ਣ ਵਿਚ 'ਮੇਰੀ ਸਰਕਾਰ' ਨਹੀਂ ਕਿਹਾ ਸੀ, ਪਰ ਜਦੋਂ ਉਨ੍ਹਾਂ ਨੇ ਕਿਹਾ ਕਿ ਪੰਜਾਬ ਕੈਬਨਿਟ ਵੱਲੋਂ ਪਾਸ ਕੀਤਾ ਭਾਸ਼ਣ ਹੀ ਪੜ੍ਹਨਾ ਪਵੇਗਾ, ਨਹੀਂ ਤਾਂ ਉਹ ਸੁਪਰੀਮ ਕੋਰਟ ਜਾਣਗੇ।

ਅਮਰੀਕਾ ਜੁਲਾਈ 'ਚ ਯੂਨੈਸਕੋ 'ਚ ਮੁੜ ਹੋਵੇਗਾ ਸ਼ਾਮਲ

ਪੈਰਿਸ, (ਪੰਜਾਬ ਮੇਲ)- ਅਮਰੀਕਾ ਜੁਲਾਈ 'ਚ ਫਿਰ ਤੋਂ ਸੰਯੁਕਤ ਰਾਸ਼ਟਰ ਵਿਦਿਅਕ, ਵਿਗਿਆਨਕ ਅਤੇ ਸੱਭਿਆਚਾਰਕ ਸੰਗਠਨ (ਯੂਨੈਸਕੋ) ਵਿਚ ਮੁੜ ਸ਼ਾਮਲ ਹੋਵੇਗਾ। ਏਜੰਸੀ ਨੇ ਇਹ ਐਲਾਨ ਕੀਤਾ। ਏਜੰਸੀ ਨੇ ਸਾਲਾਂ ਦੇ ਤਣਾਅਪੂਰਨ ਸਬੰਧਾਂ ਤੋਂ ਬਾਅਦ ਸੋਮਵਾਰ ਨੂੰ ਇਹ ਐਲਾਨ ਕੀਤਾ। ਸਾਲ 2017 ਵਿਚ ਅਮਰੀਕਾ ਯੂਨੈਸਕੋ ਤੋਂ ਵੱਖ ਹੋ ਗਿਆ ਸੀ।

ਏਜੰਸੀ ਅਨੁਸਾਰ ਨਵੀਆਂ ਪਹਿਲਕਦਮੀਆਂ ਸ਼ੁਰੂ ਕੀਤੀਆਂ ਗਈਆਂ ਹਨ, ਜੋ ਯੂਨੈਸਕੋ ਨੂੰ ਆਧੁਨਿਕ ਮੁੱਦਿਆਂ ਜਿਵੇਂ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਜਾਂ ਸਮੁੰਦਰੀ ਸੰਭਾਲ ਦੀ ਨੈਤਿਕਤਾ ਨੂੰ ਪੂਰੀ ਤਰ੍ਹਾਂ ਸੰਬੋਧਿਤ ਕਰਨ ਦੀ ਆਗਿਆ ਦਿੰਦੀਆਂ ਹਨ, ਜਦੋਂ ਕਿ ਮੋਸੂਲ, ਇਰਾਕ ਦੇ ਪੁਨਰ ਨਿਰਮਾਣ ਵਰਗੀਆਂ ਪ੍ਰਤੀਕ ਨਵੀਆਂ ਫੀਲਡ ਮੁਹਿੰਮਾਂ, ਸੰਗਠਨ ਨੂੰ ਇਸਦੇ ਇਤਿਹਾਸਕ ਟੀਚਿਆਂ ਦੀ ਤਸਦੀਕ ਕਰਨ ਦੀ ਇਜਾਜ਼ਤ ਦਿੱਤੀ ਗਈ। ਏਜੰਸੀ ਅਨੁਸਾਰ 2018 ਤੋਂ ਪ੍ਰਸ਼ਾਸਨਿਕ ਸੁਧਾਰ ਹੋਏ ਹਨ, ਜਿਸ ਨਾਲ ਯੂਨੈਸਕੋ ਦੀ ਕੁਸ਼ਲਤਾ ਅਤੇ ਵਿੱਤੀ ਸਥਿਰਤਾ ਵਿਚ ਸੁਧਾਰ ਹੋਇਆ ਹੈ।

ਨਿਊਜਰਸੀ ਦੇ ਏਵਨ ਬੀਚ 'ਤੇ ਆਪਣੀ ਧੀ ਨੂੰ ਬਚਾਉਂਦੇ ਹੋਏ ਪਿਤਾ ਦੀ ਮੌਤ

ਮ੍ਰਿਤਕ ਪਿਤਾ ਦੀ ਫਾਈਲ ਫੋਟੋ।

ਨਿਊਜਰਸੀ, (ਰਾਜ ਗੋਗਨਾ/ਪੰਜਾਬ ਮੇਲ)- ਬੀਤੇ ਦਿਨੀਂ ਨਿਊਜਰਸੀ ਜਰਸੀ ਸ਼ੋਰ ਦੇ ਏਵਨ ਬੀਚ 'ਤੇ ਆਪਣੀ ਧੀ ਦੀ ਜਾਨ ਬਚਾਉਣ ਤੋਂ ਬਾਅਦ ਮਰਨ ਵਾਲੇ ਪਿਤਾ ਦੀ ਪਛਾਣ ਨਿਊਯਾਰਕ ਸਿਟੀ ਫਾਇਰ ਡਿਪਾਰਟਮੈਂਟ ਦੇ ਫਾਇਰਫਾਈਟਰ ਵਜੋਂ ਕੀਤੀ ਗਈ ਹੈ।

ਏਵਨ ਬੀਚ, ਨਿਊਜਰਸੀ (ਅਮਰੀਕਾ) ਵਿਚ ਇੱਕ ਪਿਤਾ ਜਿਸ ਦੀ ਬੀਤੇ ਦਿਨੀਂ ਨਿਊਜਰਸੀ ਦੇ ਬੀਚ 'ਤੇ ਆਪਣੀ ਧੀ ਦੀ ਜਾਨ ਬਚਾਉਣ ਤੋਂ ਬਾਅਦ ਮੌਤ ਹੋ ਗਈ, ਦੀ ਪਛਾਣ ਨਿਊਯਾਰਕ ਸਿਟੀ ਫਾਇਰ ਡਿਪਾਰਟਮੈਂਟ ਦੇ ਫਾਇਰ ਫਾਈਟਰ ਮਾਰਕ ਬੈਟਿਸਟਾ ਵਜੋਂ ਕੀਤੀ ਗਈ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਬਤਿਸਤਾ ਆਪਣੀ ਨਾਬਾਲਿਗ ਧੀ ਨੂੰ ਰਿਪ ਕਰੰਟ ਤੋਂ ਬਚਾ ਰਿਹਾ ਸੀ, ਜਦੋਂ ਉਸਦੀ ਮੌਤ ਹੋ ਗਈ। ਪੁਲਿਸ ਦੇ ਅਨੁਸਾਰ, ਏਵਨ ਬੀਚ ਦੇ ਤੱਟ 'ਤੇ ਜਦੋਂ ਉਹ ਆਪਣੀ ਬੇਟੀ ਦੀ ਜਾਨ ਬਚਾਅ ਰਿਹਾ ਸੀ ਅਤੇ ਪਾਣੀ ਦੇ ਜ਼ਿਆਦਾ ਵਹਾਅ ਕਾਰਨ ਉਹ ਪਾਣੀ ਵਿਚ ਵਹਿ ਗਿਆ। ਜਦਕਿ ਮੌਕੇ 'ਤੇ ਡਿਊਟੀ 'ਤੇ ਕੋਈ ਲਾਈਫਗਾਰਡ ਵੀ ਨਹੀਂ ਸਨ, ਇਸ ਲਈ ਐਮਰਜੈਂਸੀ ਅਮਲੇ ਨੇ ਕਿਹਾ ਕਿ ਆਪਣੀ ਲੜਕੀ ਦੀ ਜਾਨ ਬਚਾਉਣ ਲਈ ਬਟਿਸਟਾ ਨੇ ਛਾਲ ਮਾਰ ਦਿੱਤੀ। ਬਚਾਅ ਅਮਲੇ ਨੇ ਪਾਣੀ ਵਿਚੋਂ ਬਾਹਰ ਕੱਢਿਆ ਅਤੇ ਬਾਅਦ ਵਿਚ ਉਸ ਦੀ ਲਾਸ਼ ਮਿਲੀ।

ਅਧਿਕਾਰੀਆਂ ਨੇ ਘਟਨਾ ਦੇ ਸੰਬੰਧ ਵਿਚ ਹੇਠ ਲਿਖਿਆ ਬਿਆਨ ਜਾਰੀ ਕੀਤਾ ਅਤੇ ਕਿਹਾ ਕਿ "ਅਸੀਂ ਫਾਇਰਫਾਈਟਰ ਮਾਰਕ ਬਟਿਸਟਾ ਦੀ ਮੌਤ ਬਾਰੇ ਸੁਣਿਆ। ਅਸੀ ਬਹੁਤ ਦੁਖੀ ਹਾਂ, ਜਿਸਦੀ ਬੀਤੇ ਦਿਨੀਂ ਜਰਸੀ ਸ਼ੋਰ 'ਤੇ ਤੈਰਾਕੀ ਕਰਦੇ ਹੋਏ ਮੌਤ ਹੋ ਗਈ ਸੀ। ਫਾਇਰਫਾਈਟਰ ਬਟਿਸਟਾ ਇੱਕ ਸਮਰਪਿਤ ਜਨਤਕ ਸੇਵਕ ਸੀ, ਜਿਸਨੇ ਵਿਭਾਗ ਵਿਚ ਪੰਦਰਾਂ ਸਾਲ ਬਿਤਾਏ। ਵਿਭਾਗ ਦੇ ਅਮਲੇ ਦਾ ਕਹਿਣਾ ਹੈ ਕਿ ਅਜੇ ਤੱਕ ਬੱਚੀ ਦੀ ਉਮਰ ਜਾਂ ਪਛਾਣ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਗਈ ਹੈ।

ਸਿਨਸਿਨਾਟੀ ਗੁਰਦੁਆਰਾ ਸਾਹਿਬ ਵਿਖੇ ਦਿਲ ਦੇ ਰੋਗਾਂ ਸੰਬੰਧੀ ਲਗਾਇਆ ਗਿਆ ਫ੍ਰੀ ਮੈਡੀਕਲ ਕੈਂਪ

ਸਿਨਸਿਨਾਟੀ (ਓਹਾਇਓ), (ਪੰਜਾਬ ਮੇਲ)- ਅਮਰੀਕਾ ਦੇ ਓਹਾਇਓ ਸੂਬੇ ਦੇ ਗੁਰੂ ਨਾਨਕ ਸੋਸਾਇਟੀ ਆਫ ਗ੍ਰੇਟਰ ਸਿਨਸਿਨਾਟੀ ਗੁਰਦੁਆਰਾ ਸਾਹਿਬ ਵਿਖੇ ਕ੍ਰਾਈਸਟ ਹਸਪਤਾਲ ਦੀ ਸਾਊਥ ਏਸ਼ੀਅਨ ਕਾਰਡੀਓਵੈਸਕੁਲਰ ਕਲੀਨਿਕ ਦੇ ਸਹਿਯੋਗ ਨਾਲ "ਦਿਲ ਦੇ ਰੋਗਾਂ ਦੀ ਜਾਂਚ" ਨਾਲ ਸੰਬੰਧਿਤ ਮੁਫ਼ਤ ਮੈਡੀਕਲ ਕੈਂਪ ਲਗਾਇਆ ਗਿਆ। ਇਸ ਸੰਬੰਧੀ ਜਾਣਕਾਰੀ ਸਾਂਝੀ ਕਰਦੇ ਹੋਏ ਡਾ. ਸਤਿੰਦਰ ਸਿੰਘ ਭਾਰਜ ਨੇ ਦੱਸਿਆ ਕਿ ਇਸ ਕੈਂਪ ਵਿਚ ਦਿਲ ਦੇ ਰੋਗਾਂ ਦੇ ਮਾਹਿਰ ਡਾਕਟਰ ਸੰਤੋਸ਼ ਮੈਨਨ, ਡਾ. ਸ਼ਾਦ ਹਸਨ, ਨਰਸਾਂ ਦੀ ਟੀਮ ਜਿਸ ਵਿਚ ਵਰਿੰਦਰ ਕੌਰ ਸਿੱਧੂ ਤੇ ਮਿਪਨਦੀਪ ਕੌਰ ਸਹੋਤਾ ਅਤੇ ਫਾਰਮਾਸਿਸਟ ਡਾ. ਕਿਰਨਪਾਲ ਸਿੰਘ ਸੰਘਾ ਵੀ ਸ਼ਾਮਲ ਸਨ, ਨੇ ਤਕਰੀਬਨ 80 ਮੈਂਬਰਾਂ ਦੀ ਜਾਂਚ ਕੀਤੀ ਅਤੇ ਹਰੇਕ ਨੂੰ ਜਾਂਚ ਰਿਪੋਰਟ ਵੀ ਦਿੱਤੀ ਗਈ। ਭਾਰਜ ਅਨੁਸਾਰ ਮੁੱਢਲੀ ਜਾਂਚ ਤੋਂ ਬਾਦ 60 ਜਾਣਿਆਂ ਦੀ ਈ.ਕੇ.ਜੀ. ਅਤੇ ਉਸ ਤੋਂ ਬਾਦ ਹੋਰ ਵਧੇਰੇ ਜਾਂਚ ਲਈ ਤਕਰੀਬਨ 45 ਜਾਣਿਆਂ ਦੀ ਐਕੋਕਾਰਡੀਓਗ੍ਰਾਫੀ ਕੀਤੀ ਗਈ।

24hrs
Towing
FIVE STAR
TOWING INC
8 Locations and 55 Tow Trucks Serve You Better.
Northern California's Number 1 Towing Service
3rd Generation in Business
Sacramento,CA
Gold Run, CA
Sparks, NV
24hrs Live Dispatch
FIVE STAR TOWING
877-389-4700
Jasmail Singh Chitti
Ph: 877-389-4700
Designed By Punjab Mail USA

VALLEJO TEEYAN MELA 2023

Sunday, July 16th, 2023 from 12-6pm

Hosted By

Asha Sharma

Only for Ladies and Children

At Dan Foley Cultural Center

(Behind Sutter Solano Hospital)
1498 N Camino Alto, Vallejo, CA 94589

Special Attractions include Mehndi, Indian Clothing and Jewelry Booths.

Organizer

Sunita Verma

Come and enjoy a day filled with entertainment and festiveties, including Punjabi Folk songs and dances, Gidha, Boliyan and much more...

Copyright@Punjab Mail USA

To Participate Rent Space for a booth, or Sponsor, Please Contact:

SUNITA VERMA : 707-853-9006

Email: sonalideep@gmail.com

Flamingo
Banquet Hall, Sweets & Catering
Catering up to 5,000 Guests anywhere in C.A.
Paul 510-325-8433

"Let us make your event a dream come true"
Touch Of Elegance Decor
Cindy 510-672-8118

EYEBROW ART BY RASHMI
Book your choice
•Organic Skin Care Packages
• Organic Hair Care Sets
• Makeup
• Accessories
• Indian Bridal Jewelry
• Indian Wedding Packages
• More
101 W.American Canyon Rd. Ste 508
707-362-4594

CHINNA JEWELLERS INC
We Sell & Buy Gold & Silver Coins At Wholesale Price, We Sell 22k Gold Jewelry & Real Birth Stones
Inderjit Singh President
Cell 916-956-3094
Office & Fax 916-706-3447
[illegible]@gmail.com
www.chinnajewellers.com
7454 Stockton Blvd, Suite-A Sacramento, CA 95823 USA

ਕਿਸਾਨ ਅੰਦੋਲਨ ਦੌਰਾਨ 'ਟਵਿੱਟਰ' ਬੰਦ ਕਰਨ ਲਈ ਧਮਕਾਇਆ: ਸਾਬਕਾ ਸੀ.ਈ.ਓ. ਜੈਕ ਡੋਰਸੀ ਨੇ ਲਾਏ ਦੋਸ਼

- ਸਰਕਾਰ ਦੀ ਨੁਕਤਾਚੀਨੀ ਵਾਲੇ ਟਵੀਟ ਹਟਾਉਣ ਲਈ ਦਬਾਅ ਬਣਾਇਆ
- ਟਵਿੱਟਰ ਮੁਲਾਜ਼ਮਾਂ ਦੇ ਘਰਾਂ ਉੱਤੇ ਛਾਪੇ ਮਾਰਨ ਦਾ ਡਰ ਵੀ ਦਿਖਾਇਆ
- ਯੂਟਿਊਬ ਦੇ ਨਿਊਜ਼ ਸ਼ੋਅ 'ਬ੍ਰੇਕਿੰਗ ਪੁਆਇੰਟ' ਨੂੰ ਦਿੱਤੀ ਇਕ ਇੰਟਰਵਿਊ 'ਚ ਕੀਤਾ ਖੁਲਾਸਾ



ਨਵੀਂ ਦਿੱਲੀ, (ਪੰਜਾਬ ਮੇਲ)- ਟਵਿੱਟਰ ਦੇ ਸਹਿ-ਬਾਨੀ ਜੈਕ ਡੋਰਸੀ ਨੇ ਸੰਗੀਨ ਦੋਸ਼ ਲਾਉਂਦਿਆਂ ਦਾਅਵਾ ਕੀਤਾ ਹੈ ਕਿ ਕੇਂਦਰ ਸਰਕਾਰ ਨੇ ਕਿਸਾਨ ਅੰਦੋਲਨ ਦੌਰਾਨ ਕਈ ਟਵਿੱਟਰ ਖਾਤੇ ਬੰਦ ਕਰਨ ਲਈ ਉਸ 'ਤੇ ਦਬਾਅ ਬਣਾਇਆ ਸੀ। ਡੋਰਸੀ ਦਾ ਦਾਅਵਾ ਹੈ ਕਿ ਸਰਕਾਰ ਨੇ ਟਵਿੱਟਰ ਨੂੰ ਬੰਦ ਕਰਨ ਤੇ ਮੁਲਾਜ਼ਮਾਂ ਦੇ ਘਰਾਂ 'ਤੇ ਛਾਪੇ ਮਾਰਨ ਦੀ ਧਮਕੀ ਵੀ ਦਿੱਤੀ ਸੀ। ਸਾਲ 2021 'ਚ ਟਵਿੱਟਰ ਦੇ ਸੀ.ਈ.ਓ. ਦਾ ਅਹੁਦਾ ਛੱਡਣ ਵਾਲੇ ਡੋਰਸੀ ਨੇ ਯੂਟਿਊਬ ਦੇ ਨਿਊਜ਼ ਸ਼ੋਅ 'ਬ੍ਰੇਕਿੰਗ ਪੁਆਇੰਟ' ਨੂੰ ਦਿੱਤੀ ਇਕ ਇੰਟਰਵਿਊ ਦੌਰਾਨ ਇਹ ਦਾਅਵੇ ਕੀਤੇ ਹਨ।

ਡੋਰਸੀ ਨੇ ਕਿਹਾ ਕਿ ਭਾਰਤ ਸਰਕਾਰ ਨੇ ਕੰਪਨੀ ਬੰਦ ਕਰਨ ਤੇ ਮੁਲਾਜ਼ਮਾਂ 'ਤੇ ਛਾਪੇ ਮਾਰਨ ਦੀ ਧਮਕੀ ਦਿੰਦਿਆਂ 'ਦਬਾਅ' ਬਣਾਉਣ ਦੀ ਕੋਸ਼ਿਸ਼ ਕੀਤੀ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਨੇ ਸਾਫ਼ ਕਰ ਦਿੱਤਾ ਕਿ ਕਿਸਾਨਾਂ ਵੱਲੋਂ ਸਾਲ 2020 ਤੇ 2021 ਦੌਰਾਨ ਤਿੰਨ ਖੇਤੀ ਕਾਨੂੰਨਾਂ ਖਿਲਾਫ਼ ਵਿੱਢੇ ਅੰਦੋਲਨ ਨੂੰ ਲੈ ਕੇ ਸਰਕਾਰ ਦੀ ਨੁਕਤਾਚੀਨੀ ਵਾਲੀਆਂ ਪੋਸਟਾਂ ਨੂੰ ਨਾ ਹਟਾਇਆ ਗਿਆ ਤੇ ਸਬੰਧਤ ਟਵਿੱਟਰ ਖਾਤਿਆਂ 'ਤੇ ਰੋਕ ਨਾ ਲਾਈ, ਤਾਂ ਗਈ ਉਹ ਸਿੱਟੇ ਭੁਗਤਣ ਲਈ ਤਿਆਰ ਰਹਿਣ।

ਇਸੇ ਦੌਰਾਨ ਸੂਚਨਾ ਤਕਨਾਲੋਜੀ ਰਾਜ ਮੰਤਰੀ ਰਾਜੀਵ ਚੰਦਰਸ਼ੇਖਰ ਨੇ ਜੈਕ ਡੋਰਸੀ ਦੇ ਦਾਅਵਿਆਂ ਨੂੰ 'ਸਰਾਸਰ ਝੂਠ' ਦੱਸ ਕੇ ਰੱਦ ਕਰ ਦਿੱਤਾ ਹੈ। ਚੰਦਰਸ਼ੇਖਰ ਨੇ ਟਵੀਟ ਕੀਤਾ ਕਿ ਡੋਰਸੀ ਦੇ ਟਵਿੱਟਰ ਪ੍ਰਬੰਧ ਨੂੰ "ਭਾਰਤੀ ਕਾਨੂੰਨ ਦੀ ਪ੍ਰਭੂਸੱਤਾ ਸਵੀਕਾਰ ਕਰਨ ਵਿਚ ਵੱਡੀ ਸਮੱਸਿਆ ਸੀ।" ਮੰਤਰੀ ਨੇ ਕਿਹਾ, "ਨਾ ਕੋਈ ਜੇਲ੍ਹ ਗਿਆ ਤੇ ਨਾ ਹੀ ਟਵਿੱਟਰ 'ਬੰਦ' ਹੋਇਆ। ਅਸਲ ਵਿਚ ਇਹ ਜੈਕ ਵੱਲੋਂ ਬੋਲਿਆ ਗਿਆ ਸਰਾਸਰ ਝੂਠ ਹੈ, ਜੋ ਸ਼ਾਇਦ ਟਵਿੱਟਰ ਦੇ ਇਤਿਹਾਸ 'ਚ ਸਭ ਤੋਂ ਸ਼ੱਕੀ ਕਾਰਜਕਾਲ 'ਤੇ ਪਰਦਾ ਪਾਉਣ ਦੀ ਕੋਸ਼ਿਸ਼ ਹੈ।" ਚੰਦਰਸ਼ੇਖਰ ਨੇ ਕਿਹਾ, "ਤੱਥ ਤੇ ਸੱਚਾਈ - ਡੋਰਸੀ ਤੇ ਉਸ ਦੇ ਟੀਮ ਦੇ ਕਾਰਜਕਾਲ ਦੌਰਾਨ ਟਵਿੱਟਰ ਵੱਲੋਂ ਲਗਾਤਾਰ ਭਾਰਤੀ ਕਾਨੂੰਨ ਦੀ ਉਲੰਘਣਾ ਕੀਤੀ ਗਈ।

ਪਰਵਾਸੀ ਭਾਰਤੀ ਵੋਟਰਾਂ ਨੂੰ ਈ-ਪੋਸਟਲ ਰਾਹੀਂ ਵੋਟ ਪਾਉਣ ਦੀ ਪ੍ਰਵਾਨਗੀ ਦੇਣ ਦਾ ਸਮਾਂ



ਨਵੀਂ ਦਿੱਲੀ, (ਪੰਜਾਬ ਮੇਲ)- ਚੋਣ ਕਮਿਸ਼ਨ ਦੇ ਮੁਖੀ ਰਾਜੀਵ ਕੁਮਾਰ ਨੇ ਦੱਸਿਆ ਕਿ ਚੋਣਾਂ ਵਿਚ ਹਿੱਸਾ ਲੈਣ ਲਈ ਯੋਗ ਪਰਵਾਸੀ ਭਾਰਤੀ ਵੋਟਰਾਂ ਨੂੰ ਤਕਨਾਲੋਜੀ ਆਧਾਰਿਤ ਈ-ਪੋਸਟਲ ਜਿਹੇ ਢੰਗਾਂ ਰਾਹੀਂ ਵੋਟ ਪਾਉਣ ਦੀ ਪ੍ਰਵਾਨਗੀ ਦੇਣ ਦਾ ਸਮਾਂ ਆ ਗਿਆ ਹੈ। ਕੁਮਾਰ ਨੇ ਇਥੇ ਚੁਣੇ ਸਦਨ ਵਿਚ ਭਾਰਤੀ ਵਿਦੇਸ਼ੀ ਸੇਵਾ ਟਰੇਨੀ ਅਫਸਰਾਂ ਨੂੰ ਸੰਬੋਧਨ ਕਰਦਿਆਂ ਇਹ ਟਿੱਪਣੀ ਕੀਤੀ। ਆਜ਼ਾਦ ਤੇ ਨਿਰਪੱਖ ਚੋਣਾਂ ਕਰਾਉਣ ਮੌਕੇ ਚੋਣ ਪ੍ਰਬੰਧਕੀ ਇਕਾਈਆਂ ਨੂੰ ਦਰਪੇਸ਼ ਆਮ ਚੁਣੌਤੀਆਂ ਬਾਰੇ ਉਨ੍ਹਾਂ ਸੋਸ਼ਲ ਮੀਡੀਆ ਰਾਹੀਂ ਫਰਜ਼ੀ ਖਬਰਾਂ ਤੋਂ ਉਭਰ ਰਹੇ ਖਤਰੇ ਦਾ ਹਵਾਲਾ ਦਿੱਤਾ।

ਸ਼ੋਕ ਸਮਾਚਾਰ

ਸ. ਹਰਭਜਨ ਸਿੰਘ ਰੰਧਾਵਾ ਸਵਰਗਵਾਸ

ਸਵ. ਸ. ਹਰਭਜਨ ਸਿੰਘ ਰੰਧਾਵਾ

ਐਂਟੀਲੋਪ (ਕੈਲੀਫੋਰਨੀਆ), (ਪੰਜਾਬ ਮੇਲ)- ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਪੰਜਾਬੀ ਭਾਈਚਾਰੇ ਦੀ ਜਾਣੀ-ਪਛਾਣੀ ਸ਼ਖਸੀਅਤ ਸ. ਹਰਭਜਨ ਸਿੰਘ ਰੰਧਾਵਾ ਦਾ ਐਂਟੀਲੋਪ, ਕੈਲੀਫੋਰਨੀਆ ਵਿਖੇ ਸ਼ਾਂਤੀਪੂਰਵਕ ਦੇਹਾਂਤ ਹੋ ਗਿਆ। ਉਹ 83 ਵਰ੍ਹਿਆਂ ਦੇ ਸਨ। ਉਨ੍ਹਾਂ ਦਾ ਪਿਛੋਕੜ ਕਰਨਾਲ, ਭਾਰਤ ਨਾਲ ਸੰਬੰਧਤ ਹੈ।

ਉਨ੍ਹਾਂ ਦਾ ਸਸਕਾਰ 17 ਜੂਨ, 2023 ਨੂੰ ਸਵੇਰੇ 10 ਤੋਂ 12 ਵਜੇ ਤੱਕ 725 El Camino Avenue, Sacramento, CA 95678 ਵਿਖੇ ਹੋਵੇਗਾ। ਉਪਰੰਤ ਗੁਰਦੁਆਰਾ ਸੱਚਖੰਡ ਸਾਹਿਬ ਰੋਜ਼ਵਿਲ 1090 Main Street, Roseville, CA 95678 ਵਿਖੇ ਅੰਤਿਮ ਅਰਦਾਸ ਹੋਵੇਗੀ।

ਪਰਿਵਾਰ ਨਾਲ ਦੁੱਖ ਸਾਂਝਾ ਕਰਨ ਅਤੇ ਹੋਰ ਜਾਣਕਾਰੀ ਲਈ ਭੁਪਿੰਦਰ ਸਿੰਘ ਰੰਧਾਵਾ : 916-769-7785 ਅਤੇ ਰਜਿੰਦਰ ਸਿੰਘ ਰੰਧਾਵਾ : 916-718-3285 'ਤੇ ਸੰਪਰਕ ਕੀਤਾ ਜਾ ਸਕਦਾ ਹੈ।

ਐੱਨ.ਆਰ.ਆਈ. ਔਰਤ ਵੱਲੋਂ 'ਆਪ' ਵਿਧਾਇਕਾ ਸਰਬਜੀਤ ਮਾਣੂੰਕੇ 'ਤੇ ਕਬਜ਼ਾ ਕਰਨ ਦਾ ਦੋਸ਼

ਜਗਰਾਉਂ, (ਪੰਜਾਬ ਮੇਲ)-ਇਥੇ ਇਕ ਐੱਨ.ਆਰ.ਆਈ. ਔਰਤ ਨੇ ਹਲਕਾ ਜਗਰਾਉਂ ਤੋਂ ਆਮ ਆਦਮੀ ਪਾਰਟੀ ਦੀ ਵਿਧਾਇਕਾ ਸਰਬਜੀਤ ਕੌਰ ਮਾਣੂੰਕੇ 'ਤੇ ਸਥਾਨਕ ਹੀਰਾ ਬਾਗ ਸਥਿਤ ਉਸ ਦੀ ਕੋਠੀ 'ਤੇ ਕਬਜ਼ਾ ਕਰਨ ਦੇ ਦੋਸ਼ ਲਾਏ ਹਨ। ਉਸ ਨੇ ਜ਼ਿਲ੍ਹਾ ਪੁਲਿਸ ਮੁਖੀ ਨੂੰ ਸ਼ਿਕਾਇਤ ਦੇ ਕੇ ਵਿਧਾਇਕਾ ਖ਼ਿਲਾਫ਼ ਕਾਰਵਾਈ ਮੰਗੀ ਹੈ। ਦੂਜੇ ਪਾਸੇ ਵਿਧਾਇਕਾ ਮਾਣੂੰਕੇ ਨੇ ਦੋਸ਼ ਨਕਾਰਦਿਆਂ ਕਿਹਾ ਕਿ ਉਨ੍ਹਾਂ ਦੀ ਸਿਆਸੀ ਸਾਖ਼ ਨੂੰ ਸੱਟ ਮਾਰਨ ਲਈ ਅਜਿਹਾ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਕਿਰਾਏ ਵਾਲੀ ਪੁਰਾਣੀ ਕੋਠੀ ਛੱਡ ਕੇ ਉਹ ਨਵੀਂ ਕੋਠੀ 'ਚ ਵੀ ਕਿਰਾਏ 'ਤੇ ਹੀ ਆਏ ਹਨ। ਇਸ ਦਾ ਬਾਕਾਇਦਾ ਕਿਰਾਏ ਸਬੰਧੀ 'ਇਕਰਾਰ' ਹੋਣ ਦਾ ਦਾਅਵਾ ਕਰਦਿਆਂ ਉਨ੍ਹਾਂ ਕਿਹਾ ਕਿ ਜੇ ਹੁਣ ਕੋਠੀ ਦੇ ਦੋ ਮਾਲਕ ਸਾਹਮਣੇ ਆ ਗਏ ਹਨ ਤਾਂ ਇਸ ਦੀ ਜਾਂਚ ਕਰਵਾਈ ਜਾਵੇ ਅਤੇ ਜਿਹੜਾ ਅਸਲ ਮਾਲਕ ਹੋਵੇਗਾ, ਉਹ ਉਸ ਨੂੰ ਕੋਠੀ ਦੀਆਂ ਚਾਬੀਆਂ ਦੇਣ ਲਈ ਤਿਆਰ ਹਨ।

ਭਾਰਤੀ-ਅਮਰੀਕੀ ਕਾਨੂੰਨਸਾਜ਼ ਵੱਲੋਂ ਨਫ਼ਰਤੀ ਅਪਰਾਧਾਂ ਦੀ ਪਰਿਭਾਸ਼ਾ ਦਾ ਘੇਰਾ ਵਧਾਉਣ ਲਈ ਬਿੱਲ ਪੇਸ਼

ਵਾਸ਼ਿੰਗਟਨ, (ਪੰਜਾਬ ਮੇਲ)- ਮਿਸ਼ੀਗਨ ਤੋਂ ਭਾਰਤੀ-ਅਮਰੀਕੀ ਕਾਨੂੰਨਸਾਜ਼ ਰੰਜੀਵ ਪੁਰੀ ਨੇ ਨਫ਼ਰਤੀ ਅਪਰਾਧ ਦੀ ਪਰਿਭਾਸ਼ਾ ਦਾ ਘੇਰਾ ਵਧਾਉਣ ਲਈ ਬਿੱਲ ਪੇਸ਼ ਕੀਤਾ ਹੈ। ਬਿੱਲ ਵਿਚ ਧਾਰਮਿਕ ਅਸਥਾਨ 'ਚ ਕੀਤੀ ਭੰਨ-ਤੋੜ ਨੂੰ ਵੀ ਸ਼ਾਮਲ ਕੀਤਾ ਗਿਆ ਹੈ। ਪੁਰੀ, ਜਿਸ ਦੇ ਮਾਤਾ-ਪਿਤਾ 1970 ਵਿਚ ਅੰਮ੍ਰਿਤਸਰ ਤੋਂ ਅਮਰੀਕਾ ਪਰਵਾਸ ਕਰ ਗਏ ਸਨ, ਨੇ ਇਕ ਹੋਰ ਬਿੱਲ ਰੱਖਿਆ ਹੈ, ਜਿਸ 'ਚ ਦੀਵਾਲੀ, ਵਿਸਾਖੀ, ਈਦ ਉਲ-ਫਿਤਰ, ਈਦ ਉਲ-ਜ਼ੁਹਾ ਮੌਕੇ ਮਿਸ਼ੀਗਨ 'ਚ ਅਧਿਕਾਰਤ ਸਰਕਾਰੀ ਛੁੱਟੀ ਐਲਾਨੇ ਜਾਣ ਦੀ ਤਜਵੀਜ਼ ਹੈ। ਸੂਬਾਈ ਪ੍ਰਤੀਨਿਧ ਵਜੋਂ ਪੁਰੀ ਦਾ ਇਹ ਦੂਜਾ ਕਾਰਜਕਾਲ ਹੈ ਤੇ ਉਹ ਇਸ ਵੇਲੇ ਮਿਸ਼ੀਗਨ ਹਾਊਸ 'ਚ ਬਹੁਗਿਣਤੀ ਧਿਰ ਦੇ ਵ੍ਹਿਪ ਹਨ। ਪੁਰੀ ਨੇ ਕਿਹਾ, "ਮੈਂ ਦੀਵਾਲੀ, ਵਿਸਾਖੀ ਤੇ ਈਦ ਅਲ-ਫਿਤਰ ਨੂੰ ਸਰਕਾਰੀ ਛੁੱਟੀ ਐਲਾਨੇ ਜਾਣ ਸਬੰਧੀ ਬਿੱਲ ਪੇਸ਼ ਕੀਤਾ ਹੈ। ਇਕ ਹੋਰ ਬਿੱਲ ਹੈ, ਜੋ ਨਫ਼ਤਰੀ ਅਪਰਾਧਾਂ ਦੀ ਪਰਿਭਾਸ਼ਾ ਦੇ ਘੇਰੇ ਨੂੰ ਮੋਕਲਾ ਕਰੇਗਾ। ਮਿਸ਼ੀਗਨ ਵਿਚ ਅਸਲ ਨਫ਼ਰਤੀ ਅਪਰਾਧ ਬਿੱਲ 1988 ਵਿਚ ਲਿਖਿਆ ਗਿਆ ਸੀ ਤੇ ਉਦੋਂ ਤੋਂ ਇਸ ਵਿਚ ਸੋਧ ਨਹੀਂ ਹੋਈ।" ਪੁਰੀ ਨੇ ਕਿਹਾ, "ਜੇਕਰ ਕਿਸੇ ਮੰਦਿਰ, ਮਸਜਿਦ ਜਾਂ ਗੁਰਦੁਆਰੇ 'ਚ ਭੰਨਤੋੜ ਜਾਂ ਫਿਰ ਬੇਅਦਬੀ ਹੁੰਦੀ ਹੈ, ਤਾਂ ਅਜਿਹੇ ਵਿਅਕਤੀਆਂ ਖਿਲਾਫ਼ ਨਫ਼ਰਤੀ ਅਪਰਾਧਾਂ ਤਹਿਤ ਕਾਰਵਾਈ ਕਰਨੀ ਸੁਖਾਲੀ ਹੋ ਜਾਵੇਗੀ। ਮੈਨੂੰ ਮਾਣ ਹੈ ਕਿ ਮਿਸ਼ੀਗਨ 'ਚ ਇਸ ਵੱਡੇ ਸੁਧਾਰ ਦੀ ਮੈਨੂੰ ਅਗਵਾਈ ਕਰਨ ਦਾ ਮੌਕਾ ਮਿਲਿਆ ਹੈ।" ਪੁਰੀ ਦੇ ਮਾਤਾ-ਪਿਤਾ 1970 ਵਿਚ ਅਮਰੀਕਾ ਆਏ ਸਨ ਤੇ ਵਿਸਕਾਨਸਿਨ ਵਿਚ ਪਹਿਲਾ ਗੁਰਦੁਆਰਾ ਸਥਾਪਤ ਕਰਨ 'ਚ ਉਨ੍ਹਾਂ ਦੇ ਪਿਤਾ ਦਾ ਅਹਿਮ ਯੋਗਦਾਨ ਸੀ।

TRANSCORP

Hiring Owner Operators & Drivers

ਓਨਰ ਅਪਰੇਟਰ ਅਤੇ ਟਰੱਕ ਡਰਾਈਵਰ ਤੁਰੰਤ ਮਿਲੋ।

ਤੁਸੀਂ ਸਾਡੇ ਟਰੇਲਰ ਵੀ ਰੈਂਟ ਕਰ ਸਕਦੇ ਹੋ।

ਕੈਲੀਫੋਰਨੀਆ, ਓਰੇਗਨ, ਵਾਸ਼ਿੰਗਟਨ ਸਟੇਟ, ਕਲਾਰਾਡੋ, ਈਸਟ ਕੋਸਟ, ਮਿਡ ਵੈਸਟ ਦੇ ਲੋਡ ਉਪਲੱਬਧ ਹਨ।

ਲੋਡ ਦੇ ਪੇਪਰ ਦਿਓ ਤੇ ਪੇਮੈਂਟ ਲਵੋ

ਜੇ ਕਿਸੇ ਕੋਲ ਫਾਈਨਾਂਸ ਦੀ ਪ੍ਰਾਬਲਮ ਹੈ ਤਾਂ ਉਸ ਬਾਰੇ ਵੀ ਗੱਲ ਕੀਤੀ ਜਾ ਸਕਦੀ ਹੈ।

23687 AVENUE 19
MADERA, CA-93638

Phone: 800-317-2577
Fax: 800-405-2480
E-mail: dispatch@transcorp247.com

Designed By Punjab Mail USA

ਸਿਆਟਲ ਵਿਚ ਸ੍ਰੀ ਗੁਰੂ ਹਰਿਗੋਬਿੰਦ ਸਿੰਘ ਜੀ ਦਾ ਗੁਰਪੁਰਬ ਬੜੀ ਸ਼ਰਧਾ ਨਾਲ ਮਨਾਇਆ

■ਬੱਚੇ ਤੇ ਸਟਾਫ ਸਨਮਾਨਿਤ

ਗੁਰਦੁਆਰਾ ਸੱਚਾ ਮਾਰਗ ਦਾ ਕੀਰਤਨੀ ਜੱਥਾ ਭਾਈ ਕੁਲਵਿੰਦਰ ਸਿੰਘ, ਭਾਈ ਮੋਹਣ ਸਿੰਘ ਤੇ ਭਾਈ ਮਨਿੰਦਰ ਸਿੰਘ ਰਸਭਿੰਨਾ ਕੀਰਤਨ ਕਰਦੇ ਸਮੇਂ। (ਵਿਚਕਾਰ) ਸਟੇਜ ਸਕੱਤਰ ਹਰਸ਼ਿੰਦਰ ਸਿੰਘ ਸੰਧੂ ਗੁਰਪੁਰਬ ਦੀਆਂ ਸੰਗਤਾਂ ਨੂੰ ਵਧਾਈਆਂ ਦਿੰਦੇ ਹੋਏ। (ਸੱਜੇ) ਸਕੂਲ ਦੇ ਇੰਚਾਰਜ ਜੀਨਾ ਕੇ. ਸਿੰਘ ਬੀਬੀ ਕਿਰਨ ਕੌਰ ਨੂੰ ਸਨਮਾਨਿਤ ਕਰਦੇ ਹੋਏ।

ਸਿਆਟਲ, (ਗੁਰਚਰਨ ਸਿੰਘ ਢਿੱਲੋਂ/ਪੰਜਾਬ ਮੇਲ)- ਗੁਰਦੁਆਰਾ ਸੱਚਾ ਮਾਰਗ ਐਬਰਨ ਵਿਚ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਿੰਘ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਗਿਆ। ਇਸ ਮੌਕੇ ਹਫਤਾਵਾਰੀ ਦੀਵਾਨ ਸਜਾਏ ਗਏ, ਜਿੱਥੇ ਗੁਰੂ ਘਰ ਦੇ ਕੀਰਤਨੀ ਜੱਥੇ ਭਾਈ ਕੁਲਵਿੰਦਰ ਸਿੰਘ, ਭਾਈ ਮੋਹਣ ਸਿੰਘ ਤੇ ਮਨਿੰਦਰ ਸਿੰਘ ਨੇ ਰਸਭਿੰਨਾ ਕੀਰਤਨ ਕਰਕੇ ਗੁਰੂ ਦਾ ਜੱਸ ਗਾਇਨ ਕੀਤਾ। ਅਖੀਰ ਵਿਚ ਭਾਈ ਮੋਹਣ ਸਿੰਘ ਹੈੱਡ ਗ੍ਰੰਥੀ ਨੇ ਸਰਬੱਤ ਦੇ ਭਲੇ ਲਈ ਅਰਦਾਸ ਕੀਤੀ। ਸਟੇਜ ਸਕੱਤਰ ਹਰਸ਼ਿੰਦਰ ਸਿੰਘ ਸੰਧੂ ਨੇ ਸੰਗਤ ਨੂੰ ਗੁਰਪੁਰਬ ਦੀਆਂ ਵਧਾਈਆਂ ਦਿੱਤੀਆਂ। ਹਰਸ਼ਿੰਦਰ ਸਿੰਘ ਸੰਧੂ ਨੇ ਗੁਰਦੁਆਰਾ ਸੱਚਾ ਮਾਰਗ ਵਿਚ ਚੱਲ ਰਹੇ ਸਕੂਲ ਦੇ ਵਿਦਿਆਰਥੀਆਂ ਨੂੰ ਸਾਲਾਨਾ ਇਨਾਮ ਵੰਡ ਸਮਾਰੋਹ ਵਿਚ ਡਿਗਰੀਆਂ ਦਿੱਤੀਆਂ ਅਤੇ ਸਟਾਫ ਨੂੰ ਸਨਮਾਨਿਤ ਕੀਤਾ। ਸਕੂਲ ਦੇ ਇੰਚਾਰਜ ਸ਼੍ਰੀਮਤੀ ਜੀਨਾ ਕੇ. ਸਿੰਘ ਅਤੇ ਬੀਬੀ ਕਿਰਨ ਕੌਰ ਨੇ ਸਟਾਫ ਦੀ ਸ਼ਲਾਘਾ ਕੀਤੀ ਅਤੇ ਸਾਰਾ ਸਾਲ ਟਾਈਮ ਕੱਢ ਕੇ ਪੜ੍ਹਾਉਣ ਲਈ ਧੰਨਵਾਦ ਕੀਤਾ। ਬੀਬੀ ਕਿਰਨ ਕੌਰ ਅੰਗਰੇਜ਼ੀ ਸਕੂਲ ਚਲਾ ਰਹੀ ਹੈ ਤੇ ਦੂਸਰੀ ਭੈਣ ਜੀਨਾ ਕੇ. ਸਿੰਘ ਪੰਜਾਬੀ ਸਕੂਲ ਚਲਾਉਣ ਵਿਚ ਵੱਡਾ ਯੋਗਦਾਨ ਪਾ ਰਹੀਆਂ ਹਨ। ਸਕੂਲ ਦੇ ਬੱਚੇ ਤੇ ਉਨ੍ਹਾਂ ਦੇ ਮਾਪੇ ਬੜੇ ਉਤਸ਼ਾਹ ਨਾਲ ਪਹੁੰਚੇ ਤੇ ਸਟਾਫ ਦਾ ਧੰਨਵਾਦ ਕੀਤਾ।

ਸਕੂਲ ਦੇ ਬੱਚੇ ਡਿਗਰੀਆਂ ਤੇ ਮਾਣ-ਸਨਮਾਨ ਹੋਣ ਤੋਂ ਬਾਅਦ ਦੀ ਫੋਟੋ।

ਅਮਰੀਕਾ ਯੂਕਰੇਨ ਨੂੰ ਦੇਵੇਗਾ 2.1 ਅਰਬ ਡਾਲਰ ਦੀ ਫੌਜੀ ਸਹਾਇਤਾ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਰੱਖਿਆ ਵਿਭਾਗ ਦੇ ਮੁੱਖ ਦਫਤਰ ਪੈਂਟਾਗਨ ਨੇ ਸ਼ੁੱਕਰਵਾਰ ਨੂੰ ਯੂਕਰੇਨ ਨੂੰ ਲੰਬੇ ਸਮੇਂ ਲਈ ਹਥਿਆਰਾਂ ਦੀ ਸਹਾਇਤਾ ਦੇ ਰੂਪ ਵਿਚ 2.1 ਬਿਲੀਅਨ ਡਾਲਰ ਦੀ ਵਾਧੂ ਸਹਾਇਤਾ ਦਾ ਐਲਾਨ ਕੀਤਾ। ਇਸ ਨਵੇਂ ਸਹਾਇਤਾ ਪੈਕੇਜ ਵਿਚ ਪੈਟ੍ਰੀਅਟ ਮਿਜ਼ਾਈਲਾਂ, ਹਾਕ ਏਅਰ ਡਿਫੈਂਸ ਸਿਸਟਮ ਅਤੇ ਮਿਜ਼ਾਈਲਾਂ ਅਤੇ ਛੋਟੇ ਪ੍ਰਮਾ ਡਰੋਨ ਲਈ ਫੰਡਿੰਗ ਸ਼ਾਮਲ ਹੈ। ਅਜਿਹੇ ਸੰਕੇਤ ਮਿਲੇ ਹਨ ਕਿ ਰੂਸ ਵੱਲੋਂ ਕਬਜ਼ੇ ਵਿਚ ਲਏ ਗਏ ਆਪਣੇ ਭੂ-ਭਾਗ 'ਤੇ ਮੁੜ ਕੰਟਰੋਲ ਹਾਸਲ ਕਰਨ ਦੀ ਕੋਸ਼ਿਸ਼ ਤਹਿਤ ਯੂਕਰੇਨ ਬਹੁਤ ਜ਼ਿਆਦਾ ਉਡੀਕੀ ਗਈ ਜਵਾਬੀ ਕਾਰਵਾਈ ਸ਼ੁਰੂ ਕਰਨ ਵਾਲਾ ਹੈ।

ਅਮਰੀਕਾ ਵੱਲੋਂ ਚੀਨੀ ਕੰਪਨੀਆਂ 'ਤੇ ਲਾਈਆਂ ਨਵੀਆਂ ਪਾਬੰਦੀਆਂ ਦੀ ਚੀਨ ਵੱਲੋਂ ਆਲੋਚਨਾ

ਤਾਈਪੇ, (ਪੰਜਾਬ ਮੇਲ)- ਚੀਨ ਨੇ ਮੰਗਲਵਾਰ ਨੂੰ ਅਮਰੀਕਾ ਵੱਲੋਂ ਕੰਪਨੀਆਂ 'ਤੇ ਲਗਾਈਆਂ ਗਈਆਂ ਨਵੀਂ ਪਾਬੰਦੀਆਂ ਦੀ ਆਲੋਚਨਾ ਕੀਤੀ, ਜਿਨ੍ਹਾਂ ਦੇ ਬਾਰੇ ਵਿਚ ਮੰਨਿਆ ਜਾਂਦਾ ਹੈ ਕਿ ਉਹ ਚੀਨ ਦੇ ਫ਼ੌਜੀ ਪਾਇਲਟਾਂ ਨੂੰ ਸਿਖਲਾਈ ਦੇ ਰਹੀਆਂ ਹਨ ਅਤੇ ਹਥਿਆਰ ਦੇ ਵਿਕਾਸ ਵਿਚ ਬੀਜਿੰਗ ਦੀ ਮਦਦ ਕਰ ਰਹੀਆਂ ਹਨ। ਚੀਨੀ ਵਿਦੇਸ਼ ਮੰਤਰਾਲਾ ਦੇ ਬੁਲਾਰੇ ਵਾਂਗ ਵੇਨਬਿਨ ਨੇ ਵਾਸ਼ਿੰਗਟਨ ਨੂੰ ਅਪੀਲ ਕੀਤੀ ਕਿ ਉਹ ਉਸ ਦੀਆਂ ਕੰਪਨੀਆਂ ਦੇ ਕੰਮਕਾਜ਼ ਨੂੰ ਰੋਕਣ ਲਈ ਨਿਰਯਾਤ ਨਿਯੰਤਰਣ ਕਦਮਾਂ ਦੀ ਦੁਰਵਰਤੋਂ ਬੰਦ ਕਰੇ।

ਵਾਂਗ ਨੇ ਬੀਜਿੰਗ ਵਿਚ ਆਪਣੀ ਰੋਜ਼ਾਨਾ ਪ੍ਰੈੱਸ ਕਾਨਫਰੰਸ ਵਿਚ ਕਿਹਾ ਕਿ ਅਮਰੀਕਾ ਵਾਰ-ਵਾਰ ਰਾਸ਼ਟਰੀ ਸੁਰੱਖਿਆ ਸਿਧਾਂਤ ਨੂੰ ਬਿਨਾਂ ਵਜ੍ਹਾ ਵਧਾ-ਚੜ੍ਹਾ ਕੇ ਦੱਸ ਰਿਹਾ ਹੈ ਅਤੇ ਰਾਜ ਦੀ ਸ਼ਕਤੀ ਦੀ ਦੁਰਵਰਤੋਂ ਚੀਨੀ ਕੰਪਨੀਆਂ ਦਾ ਦਮਨ ਕਰਨ ਲਈ ਕਰ ਰਿਹਾ ਹੈ। ਉਹ ਸਿਰਫ਼ ਅੰਤਰਰਾਸ਼ਟਰੀ ਆਰਥਿਕ ਵਿਵਸਥਾ ਅਤੇ ਵਪਾਰ ਨਿਯਮ ਨੂੰ ਭੰਗ ਕਰਨਾ ਚਾਹੁੰਦਾ ਹੈ। ਉਨ੍ਹਾਂ ਕਿਹਾ ਕਿ ਇਹ ਅਨੈਤਿਕ ਪਾਗਲਪਣ ਦੇ ਪੱਧਰ ਤੱਕ ਪਹੁੰਚ ਗਿਆ ਹੈ। ਵਾਂਗ ਨੇ ਕਿਹਾ ਕਿ ਚੀਨ ਮੰਗ ਕਰਦਾ ਹੈ ਕਿ ਅਮਰੀਕਾ ਤੁਰੰਤ ਮਨੁੱਖੀ ਅਧਿਕਾਰਾਂ ਜਾਂ ਫ਼ੌਜੀ ਆਧਾਰਿਤ ਮੁੱਦਿਆਂ ਦੇ ਨਾਮ 'ਤੇ ਆਰਥਿਕ, ਵਪਾਰਕ ਅਤੇ ਵਿਗਿਆਨਕ ਮੁੱਦਿਆਂ ਦੇ ਰਾਜਨੀਤੀਕਰਨ, ਮਸ਼ੀਨੀਕਰਨ ਅਤੇ ਹਥਿਆਰ ਦੇ ਤੌਰ 'ਤੇ ਇਸਤੇਮਾਲ ਕੀਤੇ ਗਲਤ ਰੁਝਾਨ ਨੂੰ ਠੀਕ ਕਰੇ।

ਅਮਰੀਕਾ ਦੀ 'ਸਰਕਾਰੀ ਯਾਤਰਾ' ਲਈ ਵ੍ਹਾਈਟ ਹਾਊਸ 6 ਮਹੀਨੇ ਪਹਿਲਾਂ ਹੀ ਸ਼ੁਰੂ ਕਰ ਦਿੰਦਾ ਹੈ ਤਿਆਰੀਆਂ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਦੀ 'ਸਰਕਾਰੀ ਯਾਤਰਾ' ਦਾ ਸਨਮਾਨ ਸਭ ਤੋਂ ਨੇੜਲੇ ਦੋਸਤਾਂ ਅਤੇ ਸਹਿਯੋਗੀਆਂ ਨੂੰ ਦਿੱਤਾ ਜਾਂਦਾ ਹੈ ਅਤੇ ਵ੍ਹਾਈਟ ਹਾਊਸ ਵੱਲੋਂ 6 ਮਹੀਨੇ ਪਹਿਲਾਂ ਹੀ ਇਸ ਸਬੰਧੀ ਤਿਆਰੀਆਂ ਸ਼ੁਰੂ ਕਰ ਦਿੱਤੀਆਂ ਜਾਂਦੀਆਂ ਹਨ।

'ਡੇਵਿਡ ਐੱਮ. ਰੁਬੇਨਸਟਾਈਨ ਨੈਸ਼ਨਲ ਸੈਂਟਰ ਫਾਰ ਵ੍ਹਾਈਟ ਹਾਊਸ ਹਿਸਟਰੀ' ਦੇ ਉਪ ਪ੍ਰਧਾਨ ਅਤੇ ਅੰਤ੍ਰਿਮ ਨਿਰਦੇਸ਼ਕ ਮੈਥਿਊ ਕੋਸਟੇਲੋ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਮਰੀਕਾ ਦੀ ਪਹਿਲੀ ਰਾਜ ਯਾਤਰਾ ਦੇ ਸੰਦਰਭ ਵਿਚ ਇਹ ਜਾਣਕਾਰੀ ਦਿੱਤੀ। ਪ੍ਰਧਾਨ ਮੰਤਰੀ ਮੋਦੀ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਅਤੇ ਪਹਿਲੀ ਮਹਿਲਾ ਜਿਲ ਬਾਇਡਨ ਦੇ ਸੱਦੇ 'ਤੇ 21 ਤੋਂ 24 ਜੂਨ ਤੱਕ ਅਮਰੀਕਾ ਦਾ ਦੌਰਾ ਕਰਨਗੇ। ਮੈਥਿਊ ਨੇ ਕਿਹਾ, "ਪਹਿਲਾਂ ਸੱਦਾ ਦਿੱਤਾ ਜਾਂਦਾ ਹੈ। ਵ੍ਹਾਈਟ ਹਾਊਸ ਦੇ ਪ੍ਰੋਗਰਾਮਾਂ ਦੀ ਯੋਜਨਾ 6 ਮਹੀਨੇ ਪਹਿਲਾਂ ਕੀਤੀ ਜਾਂਦੀ ਹੈ। ਸਰਕਾਰੀ ਯਾਤਰਾ ਦੇ ਦਿਨ, ਵ੍ਹਾਈਟ ਹਾਊਸ ਵਿਖੇ ਇਕ ਸਰਕਾਰੀ ਆਗਮਨ ਸਮਾਰੋਹ ਹੋਵੇਗਾ, ਜੋ ਦੱਖਣੀ ਲਾਅਨ 'ਚ ਹੁੰਦਾ ਹੈ। ਇਸ ਦੌਰਾਨ ਰਾਸ਼ਟਰਪਤੀ ਅਤੇ ਰਾਜ ਦੇ ਮੁੱਖ ਮਹਿਮਾਨ ਗੱਲਬਾਤ ਕਰਨਗੇ। ਉਨ੍ਹਾਂ ਦੱਸਿਆ ਕਿ ਦੋਵਾਂ ਦੇਸ਼ਾਂ ਦੇ ਰਾਸ਼ਟਰੀ ਗੀਤ ਵਜਾਏ ਜਾਣਗੇ। ਆਪਣੇ ਸੈਨਿਕਾਂ ਦਾ ਜਾਇਜ਼ਾ ਲੈਣਗੇ ਅਤੇ ਫਿਰ ਉਹ ਗੱਲਬਾਤ ਲਈ ਵ੍ਹਾਈਟ ਹਾਊਸ ਜਾਣਗੇ। ਇਸ ਤੋਂ ਬਾਅਦ ਡਿਨਰ ਕੀਤਾ ਜਾਵੇਗਾ ਅਤੇ ਫਿਰ ਉਹ ਰਾਸ਼ਟਰਪਤੀ ਅਤੇ ਪਹਿਲੀ ਮਹਿਲਾ ਦੇ ਮਹਿਮਾਨ ਵਜੋਂ ਰਾਸ਼ਟਰਪਤੀ ਦੇ ਸਰਕਾਰੀ ਗੈਸਟ ਹਾਊਸ 'ਬਲੇਅਰ ਹਾਊਸ' ਵਿਖੇ ਆਰਾਮ ਕਰਨਗੇ।

ਮੈਥਿਊ ਅਨੁਸਾਰ, 1874 ਵਿਚ ਹਵਾਈ ਦੇ ਰਾਜਾ ਕਾਲਾਕੌਆ ਵੱਲੋਂ ਪਹਿਲੀ ਸਰਕਾਕੀ ਯਾਤਰਾ ਕੀਤੀ ਗਈ ਸੀ। ਬਾਇਡਨ ਦੇ ਕਾਰਜਕਾਲ ਦੌਰਾਨ ਹੋਰ ਦੇਸ਼ਾਂ ਦੇ ਸਿਰਫ 2 ਨੇਤਾ ਸਰਕਾਰੀ ਦੌਰੇ 'ਤੇ ਆਏ ਹਨ, ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕ੍ਰੋਂਨ ਅਤੇ ਦੱਖਣੀ ਕੋਰੀਆ ਦੇ ਰਾਸ਼ਟਰਪਤੀ ਯੂਨ ਸੁਕ ਯੇਓਲ ਸਰਕਾਰੀ ਯਾਤਰਾ 'ਤੇ ਆਏ ਹਨ।

ਮੈਥਿਊ ਕੋਸਟੇਲੋ ਨੇ ਕਿਹਾ ਕਿ ਬਹੁਤ ਸਾਰੇ ਲੋਕ ਸਰਕਾਰੀ ਰਾਤਰੀ ਭੋਜ ਨੂੰ ਪਰੋਸੇ ਜਾਣ ਵਾਲੇ ਭੋਜਨ ਦੇ ਵੱਖ-ਵੱਖ ਰੂਪਾਂ ਸਬੰਧੀ ਸੋਚਦੇ ਹਨ ਪਰ ਬਹੁਤ ਕੁਝ ਅਜਿਹਾ ਵੀ ਹੈ, ਜੋ ਮਹਿਮਾਨ ਦੇ ਦੇਸ਼, ਉਨ੍ਹਾਂ ਦੇ ਸੱਭਿਆਚਾਰ ਅਤੇ ਉਨ੍ਹਾਂ ਦੇ ਆਦਰਸ਼ਾਂ ਲਈ ਸਵੀਕਾਰ ਅਤੇ ਸਤਿਕਾਰ ਨੂੰ ਦਰਸਾਉਂਦਾ ਹੈ ਪਰ ਇਹ ਵੀ ਕਿ ਸਾਡੇ ਸਾਂਝੇ ਵਿਚਾਰ ਅਤੇ ਟੀਚੇ ਅਤੇ ਉਦੇਸ਼ ਕੀ ਹਨ। ਕਿ ਅਸੀਂ ਇਕ ਦੁਵੱਲੇ ਸਬੰਧ ਦੇ ਰੂਪ ਵਿਚ ਮਿਲ ਕੇ ਕੰਮ ਕਰ ਸਕਦੇ ਹਾਂ। ਉਨ੍ਹਾਂ ਕਿਹਾ ਕਿ ਜੌਹਨ ਐੱਫ. ਕੈਨੇਡੀ ਦੇ ਕਾਰਜਕਾਲ ਤੋਂ ਸਰਕਾਰੀ ਰਾਤਰੀ ਭੋਜ ਦਾ ਦਾਇਰਾ ਵੱਡਾ ਹੁੰਦਾ ਗਿਆ ਗਿਆ। ਪਹਿਲਾਂ ਦੇ ਸਰਕਾਰੀ ਰਾਤਰੀ ਭੋਜ ਵਧੇਰੇ ਸਾਧਾਰਨ ਸਨ ਪਰ ਬਾਅਦ ਵਿਚ ਹਾਲਾਤਾਂ ਅਨੁਸਾਰ ਇਸ ਵਿਚ ਬਹੁਤ ਸਾਰੀਆਂ ਚੀਜ਼ਾਂ ਸ਼ਾਮਲ ਕੀਤੀਆਂ ਗਈਆਂ।



TAKHAR URGENT CARE
& Family Medicine
Paramjit S. Takhar, M.D.
Board Certified Family Medicine
Originally from Shankar/Nakodar/Jalandhar
Extensive experience in Family Practice and Primary Care Over 25 years of Family Medicine experience with Kaiser Permanente

Onsite Services
EKG (Electrocardiogram), Blood Work, Pregnancy Test, Urine Analysis, TB Testing, Ear Irrigation, In-grown Toe Nail Removal

$100 First Office Visit
2nd Visit is ONLY $75

- Men's & Women's Health
- Adult Physicals with Labs Drawn on Premises
- Well Woman Exams Including PAP Smears
- Pregnancy Testing
- School /College / Camp Physicals
- Diabetes & Diabetic Foot Care
- High Cholesterol
- Hypertension
- Heart Disease
- Headaches
- Thyroid Problems
- Asthma & Allergies
- Upper Respiratory Infections
- Urinary Tract Infection
- Sexual Dysfuntion
- Back & Neck Pain
- Immigration Physical
- Pre-Employment Physical
- DOT /Non-DOT Physicals
- Breath Alcohol Testing

www.takharfamilymedicine.com

We Speak : English, Hindi, Punjabi, Farsi & Spanish

916-688-8888
8191 Timberlake Way #400
Sacramento, CA 95823

We Accept Medicare, Medical & Cash Pay

N
Bruceville Rd
Timberlake Way
99
Comsumnes River Blvd

ਗੈਂਗਸਟਰ ਤੇ ਹੋਰ ਅਪਰਾਧੀ ਵਾਰਦਾਤਾਂ ਕਰਕੇ ਜਾਅਲੀ ਪਾਸਪੋਰਟਾਂ ਰਾਹੀਂ ਵਿਦੇਸ਼ ਨੂੰ ਮਾਰ ਜਾਂਦੇ ਨੇ ਉਡਾਰੀ

ਚੰਡੀਗੜ੍ਹ, (ਪੰਜਾਬ ਮੇਲ)- ਗੈਂਗਸਟਰ ਤੇ ਹੋਰ ਅਪਰਾਧੀ ਵਾਰਦਾਤਾਂ ਕਰਕੇ ਜਾਅਲੀ ਪਾਸਪੋਰਟਾਂ ਰਾਹੀਂ ਵਿਦੇਸ਼ ਉਡਾਰੀ ਮਾਰ ਜਾਂਦੇ ਹਨ। ਇਸ ਦਾ ਖੁਲਾਸਾ ਪੰਜਾਬ ਪੁਲਿਸ ਨੇ ਕੀਤਾ ਹੈ। ਪੁਲਿਸ ਨੇ ਜਾਅਲੀ ਪਾਸਪੋਰਟ ਤਿਆਰ ਕਰਕੇ ਅਪਰਾਧੀਆਂ ਨੂੰ ਵਿਦੇਸ਼ ਭੇਜਣ ਵਾਲੇ ਅੰਤਰਰਾਜੀ ਗਰੋਹ ਦੇ 12 ਮੈਂਬਰਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਮੁਲਜ਼ਮ ਪੰਜਾਬ, ਦਿੱਲੀ, ਹਰਿਆਣਾ ਤੇ ਝਾਰਖੰਡ ਸੂਬਿਆਂ ਨਾਲ ਸਬੰਧਤ ਹਨ। ਇਨ੍ਹਾਂ ਨੇ ਦੇਸ਼ ਅੰਦਰ ਵੱਡਾ ਨੈੱਟਵਰਕ ਬਣਾਇਆ ਹੋਇਆ ਹੈ।

ਪੁਲਿਸ ਮੁਤਾਬਕ ਮੁਲਜ਼ਮਾਂ ਦੀ ਸ਼ਨਾਖ਼ਤ ਸਾਵਣ ਕੁਮਾਰ, ਸੋਹਣ ਲਾਲ, ਨਵਿੰਦਰ ਸਿੰਘ, ਜਸਵਿੰਦਰ ਗਿੱਲ ਸਾਰੇ ਵਾਸੀ ਕੈਥਲ, ਰਾਕੇਸ਼ ਕੁਮਾਰ ਵਾਸੀ ਜ਼ਿਲ੍ਹਾ ਕੁਰੂਕਸ਼ੇਤਰ, ਸਰਵਣ ਸਿੰਘ ਵਾਸੀ ਜ਼ਿਲ੍ਹਾ ਸੋਨੀਪਤ, ਅੰਮ੍ਰਿਤ ਰਾਘਵ ਵਾਸੀ ਗੁੜਗਾਉਂ (ਸਾਰੇ ਹਰਿਆਣਾ), ਦਲੀਪ ਕੁਮਾਰ ਪਾਸਵਾਨ ਵਾਸੀ ਧਨਬਾਦ (ਝਾਰਖੰਡ), ਨਵੀਨ ਕੁਮਾਰ ਉਰਫ ਬੱਬੂ ਵਾਸੀ ਝਬਾਲ, ਜ਼ਿਲ੍ਹਾ ਤਰਨ ਤਾਰਨ, ਅੰਮ੍ਰਿਤਪਾਲ ਸਿੰਘ ਉਰਫ ਸੰਜੂ ਵਾਸੀ ਜ਼ਿਲ੍ਹਾ ਤਰਨ ਤਾਰਨ, ਅਮਰੀਕ ਸਿੰਘ ਵਾਸੀ ਅੰਮ੍ਰਿਤਸਰ ਤੇ ਰਾਹੁਲ ਓਝਾ ਵਾਸੀ ਨਵੀਂ ਦਿੱਲੀ ਸ਼ਾਮਲ ਸਨ।

ਪੁਲਿਸ ਨੇ ਮੁਲਜ਼ਮਾਂ ਕੋਲੋਂ ਡਰੱਗ ਮਨੀ ਵਜੋਂ 22 ਲੱਖ 15 ਹਜ਼ਾਰ ਰੁਪਏ, ਜਾਅਲੀ ਦਸਤਾਵੇਜ਼ਾਂ ਦੇ ਆਧਾਰ ’ਤੇ ਬਣੇ ਦੋ ਜਾਅਲੀ ਪਾਸਪੋਰਟ, ਇੱਕ ਰਿਵਾਲਵਰ 32 ਬੋਰ ਤੇ ਚਾਰ ਕਾਰਤੂਸਾਂ ਤੋਂ ਇਲਾਵਾ 10 ਗ੍ਰਾਮ ਹੈਰੋਇਨ ਬਰਾਮਦ ਕੀਤੀ ਹੈ। ਇਸ ਸਬੰਧ ਵਿਚ ਥਾਣਾ ਮਕਬੂਲਪੁਰਾ ’ਚ ਕੇਸ ਦਰਜ ਕੀਤਾ ਗਿਆ ਹੈ। ਪੁਲਿਸ ਦਾ ਦਾਅਵਾ ਹੈ ਕਿ ਮੁਲਜ਼ਮਾਂ ਤੋਂ ਪੁੱਛਗਿੱਛ ਵਿਚ ਹੋਰ ਵੱਡੇ ਖੁਲਾਸੇ ਹੋਣ ਦੀ ਉਮੀਦ ਹੈ। ਇਸ ਬਾਰੇ ਏ.ਡੀ.ਸੀ.ਪੀ. ਅਭਿਮੰਨਿਊ ਰਾਣਾ ਨੇ ਦੱਸਿਆ ਕਿ ਕਿ ਉਕਤ ਵਿਅਕਤੀਆਂ ਨੇ ਇੱਕ ਗਰੋਹ ਬਣਾਇਆ ਹੋਇਆ ਸੀ, ਜਿਹੜਾ ਜਾਅਲੀ ਦਸਤਾਵੇਜ਼ਾਂ ਦੇ ਆਧਾਰ ’ਤੇ ਭਾਰਤੀ ਪਾਸਪੋਰਟ ਤਿਆਰ ਕਰਕੇ ਅਪਰਾਧੀਆਂ ਤੇ ਗੈਂਗਸਟਰਾਂ ਨੂੰ ਵਿਦੇਸ਼ ਭੇਜਦਾ ਹੈ। ਉਨ੍ਹਾਂ ਦੱਸਿਆ ਕਿ ਇਸ ਗਰੋਹ ਨੇ ਜਾਅਲੀ ਪਾਸਪੋਰਟ ’ਤੇ ਇੱਕ ਤਸਕਰ ਹਰਭੇਜ ਸਿੰਘ ਉਰਫ਼ ਜਾਵੇਦ ਨੂੰ ਪੁਰਤਗਾਲ ਭੇਜਣ ਵਿਚ ਮਦਦ ਕੀਤੀ ਹੈ। ਉਹ ਗੋਇੰਦਵਾਲ ਜੇਲ੍ਹ ਵਿਚੋਂ ਜ਼ਮਾਨਤ ’ਤੇ ਬਾਹਰ ਆਇਆ ਸੀ, ਜਿਸ ਖ਼ਿਲਾਫ਼ ਪਹਿਲਾਂ ਹੀ ਅੱਠ ਕੇਸ ਦਰਜ ਹਨ।

ਪੰਜਾਬ ਪੁਲਿਸ ਨੇ ਕਾਂਗਰਸੀ ਲੀਡਰ ਗੁਰਸਿਮਰਨ ਮੰਡ ਦੀ ਸੁਰੱਖਿਆ ਘਟਾਈ

ਚੰਡੀਗੜ੍ਹ, (ਪੰਜਾਬ ਮੇਲ)- ਪੰਜਾਬ ਪੁਲਿਸ ਨੇ ਕਾਂਗਰਸੀ ਲੀਡਰ ਗੁਰਸਿਮਰਨ ਮੰਡ ਦੀ ਸੁਰੱਖਿਆ ਘਟਾ ਦਿੱਤੀ ਹੈ। ਇਹ ਕਦਮ ਮੰਡ ਨੂੰ ਕੇਂਦਰ ਸਰਕਾਰ ਵੱਲੋਂ ਵਾਈ ਸ਼੍ਰੇਣੀ ਦੀ ਸੁਰੱਖਿਆ ਦੇਣ ਤੋਂ ਬਾਅਦ ਉਠਾਇਆ ਗਿਆ ਹੈ। ਮੰਡ ਨੇ ਇਸ ਉਪਰ ਇਤਰਾਜ਼ ਜਤਾਇਆ ਹੈ। ਉਸ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਪੱਤਰ ਵੀ ਲਿਖਿਆ ਹੈ।

ਜਾਣਕਾਰੀ ਮੁਤਾਬਕ ਪੰਜਾਬ ਪੁਲਿਸ ਦੇ ਏ.ਡੀ.ਜੀ.ਪੀ. ਸਕਿਉਰਿਟੀ ਦੇ ਹੁਕਮਾਂ ਅਨੁਸਾਰ ਮੰਡ ਨੂੰ ਦਿੱਤੇ ਗਏ ਅੱਠ ਸੁਰੱਖਿਆ ਮੁਲਾਜ਼ਮਾਂ ਵਿਚੋਂ ਛੇ ਸੁਰੱਖਿਆ ਮੁਲਾਜ਼ਮ ਵਾਪਸ ਲੈ ਲਏ ਗਏ ਹਨ। ਪੰਜਾਬ ਸਰਕਾਰ ਵੱਲੋਂ ਗੁਰਸਿਮਰਨ ਸਿੰਘ ਮੰਡ ਨੂੰ ਪਿਛਲੇ ਸਾਲ ਵਿਦੇਸ਼ ਤੋਂ ਮਿਲ ਰਹੀਆਂ ਧਮਕੀਆਂ ਦੇ ਮੱਦੇਨਜ਼ਰ ਸੁਰੱਖਿਆ ਦਿੱਤੀ ਗਈ ਸੀ। ਦੱਸ ਦਈਏ ਕਿ ਗ੍ਰਹਿ ਮੰਤਰਾਲੇ ਵੱਲੋਂ ਪਿਛਲੇ ਮਹੀਨੇ ਮੰਡ ਨੂੰ ਵਾਈ ਸ਼੍ਰੇਣੀ ਦੀ ਸੁਰੱਖਿਆ ਦੇ ਕੇ 11 ਜਵਾਨ ਦਿੱਤੇ ਗਏ ਸਨ। ਇਸ ਸਬੰਧੀ ਗੁਰਸਿਮਰਨ ਮੰਡ ਨੇ ਦੱਸਿਆ ਕਿ ਪੁਲਿਸ ਅਧਿਕਾਰੀਆਂ ਨੇ ਉਸ ਨੂੰ ਸੀ.ਆਰ.ਪੀ. ਦੀ ਸੁਰੱਖਿਆ ਮਿਲਣ ਦਾ ਬਹਾਨਾ ਬਣਾ ਕੇ ਗੰਨਮੈਨ ਵਾਪਸ ਲਏ ਹਨ। ਉਨ੍ਹਾਂ ਨੇ ਸੁਰੱਖਿਆ ਘਟਾਉਣ ਬਾਰੇ ਰੋਸ ਪ੍ਰਗਟ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਨੂੰ ਪੱਤਰ ਲਿਖਿਆ ਹੈ।

ਦੱਸ ਦਈਏ ਕਿ ਪੁਲਿਸ ਵੱਲੋਂ ਉਸ ਦੇ ਘਰ ਜਾਣ ਵਾਲੀ ਗਲੀ ਨੂੰ ਪੂਰੀ ਤਰ੍ਹਾਂ ਸੀਲ ਕੀਤਾ ਹੋਇਆ ਹੈ।

ਪੰਜਾਬ ਮੰਤਰੀ ਮੰਡਲ ਵੱਲੋਂ 19 ਤੇ 20 ਜੂਨ ਨੂੰ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਬੁਲਾਉਣ ਦੀ ਪ੍ਰਵਾਨਗੀ

ਚੰਡੀਗੜ੍ਹ, (ਪੰਜਾਬ ਮੇਲ)- ਪੰਜਾਬ ਮੰਤਰੀ ਮੰਡਲ ਨੇ 19 ਅਤੇ 20 ਜੂਨ ਨੂੰ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਬੁਲਾਉਣ ਦੀ ਪ੍ਰਵਾਨਗੀ ਦੇ ਦਿੱਤੀ ਹੈ। ਇਸ ਸਬੰਧੀ ਫੈਸਲਾ ਮੁੱਖ ਮੰਤਰੀ ਭਗਵੰਤ ਮਾਨ ਦੀ ਪ੍ਰਧਾਨਗੀ ਹੇਠ ਹੋਈ ਮੰਤਰੀ ਮੰਡਲ ਦੀ ਮੀਟਿੰਗ ਵਿਚ ਲਿਆ ਗਿਆ। ਮਾਨ ਨੇ ਕਿਹਾ, ਸੂਬਾ ਸਰਕਾਰ ਆਉਣ ਵਾਲੇ ਵਿਧਾਨ ਸਭਾ ਸੈਸ਼ਨ ਵਿਚ ਕਈ ਅਹਿਮ ਬਿੱਲ ਪੇਸ਼ ਕਰੇਗੀ। ਉਨ੍ਹਾਂ ਕਿਹਾ ਕਿ ਵਿਧਾਨ ਸਭਾ ਸੈਸ਼ਨ ਦੇ ਕੰਮਕਾਜ ਦਾ ਫੈਸਲਾ ਵਪਾਰ ਸਲਾਹਕਾਰ ਕਮੇਟੀ ਕਰੇਗੀ। ਉਨ੍ਹਾਂ ਕਿਹਾ ਕਿ ਇਹ ਵਿਧਾਨ ਸਭਾ ਦਾ ਵਿਸ਼ੇਸ਼ ਸੈਸ਼ਨ ਹੈ ਅਤੇ ਇਸ ਤੋਂ ਬਾਅਦ ਮਾਨਸੂਨ ਸੈਸ਼ਨ ਹੋਵੇਗਾ।

ਸੀ.ਐੱਮ. ਮਾਨ ਨੇ ਕਿਹਾ, ਬਿਜ਼ਨਸ ਐਡਵਾਈਜ਼ਰੀ ਕਮੇਟੀ ਵਿਚ ਜੋ ਵੀ ਹੋਰ ਮੁੱਦੇ ਆਉਣਗੇ, ਉਨ੍ਹਾਂ ਨੂੰ ਮਨਜ਼ੂਰੀ ਦਿੱਤੀ ਜਾਵੇਗੀ ਤੇ ਜੇ ਕੋਈ ਪ੍ਰਸਤਾਵ ਲਿਆਉਣ ਦੀ ਲੋੜ ਪਈ, ਤਾਂ ਉਸ ’ਤੇ ਵੀ ਫੈਸਲਾ ਲਿਆ ਜਾਵੇਗਾ। ਇਹ ਪੁੱਛੇ ਜਾਣ ’ਤੇ ਕਿ ਕੀ ਪੇਂਡੂ ਵਿਕਾਸ ਫੰਡ (ਆਰ.ਡੀ.ਐੱਫ.) ਤੇ ਰਾਸ਼ਟਰੀ ਸਿਹਤ ਮਿਸ਼ਨ ਤਹਿਤ ਬਕਾਇਆ ਫੰਡਾਂ ਦੇ ਮੁੱਦੇ ’ਤੇ ਵਿਸ਼ੇਸ਼ ਸੈਸ਼ਨ ਬੁਲਾਇਆ ਗਿਆ ਹੈ, ਮਾਨ ਨੇ ਕਿਹਾ ਕਿ ਕੇਂਦਰ ਨੇ ਫੰਡ ਜਾਰੀ ਕਰਨ ’ਤੇ ਰੋਕ ਲਾ ਦਿੱਤੀ ਹੈ। ਇਜਲਾਸ ਦੌਰਾਨ ‘ਆਮ ਆਦਮੀ ਪਾਰਟੀ’ ਦੀ ਸਰਕਾਰ ਵੱਲੋਂ ਬਕਾਇਆ ਆਰ.ਡੀ.ਐੱਫ. ਅਤੇ ਨੈਸ਼ਨਲ ਹੈਲਥ ਮਿਸ਼ਨ (ਐੱਨ.ਐੱਚ.ਐੱਮ.) ਤਹਿਤ ਫੰਡ ਜਾਰੀ ਕਰਨ ’ਤੇ ‘ਫ੍ਰੀਜ਼’ ਦਾ ਮੁੱਦਾ ਉਠਾਏ ਜਾਣ ਦੀ ਸੰਭਾਵਨਾ ਹੈ।

ਆਮਦਨ ਤੋਂ ਵੱਧ ਜਾਇਦਾਦ ਮਾਮਲਾ: ਵਿਜੀਲੈਂਸ ਨੇ ਕਾਂਗੜ ਨੂੰ ਵਿਦੇਸ਼ ਫਰਾਰ ਹੋਣ ਤੋਂ ਰੋਕਿਆ!

ਚੰਡੀਗੜ੍ਹ, (ਪੰਜਾਬ ਮੇਲ)- ਵਿਜੀਲੈਂਸ ਬਿਊਰੋ ਨੇ ਮੁਸਤੈਦੀ ਵਰਤਦਿਆਂ ਸਾਬਕਾ ਮਾਲ ਮੰਤਰੀ ਅਤੇ ਭਾਜਪਾ ਨੇਤਾ ਗੁਰਪ੍ਰੀਤ ਸਿੰਘ ਕਾਂਗੜ ਨੂੰ ਵਿਦੇਸ਼ ਫ਼ਰਾਰ ਹੋਣ ਤੋਂ ਰੋਕ ਲਿਆ ਹੈ। ਸਾਬਕਾ ਮੰਤਰੀ ਵਿਜੀਲੈਂਸ ਰੇਂਜ ਬਠਿੰਡਾ ਕੋਲ ਪੇਸ਼ ਹੋਣ ਦੀ ਬਜਾਏ ਵਿਦੇਸ਼ ਫਰਾਰ ਹੋਣ ਦੀ ਤਾਕ ਵਿਚ ਸੀ। ਜਦੋਂ ਸਾਬਕਾ ਮੰਤਰੀ ਕਾਂਗੜ ਉਡਾਣ ਫੜਨ ਦੀ ਕੋਸ਼ਿਸ਼ ਕਰ ਰਹੇ ਸਨ, ਤਾਂ ਉਨ੍ਹਾਂ ਨੂੰ ਮੌਕੇ ’ਤੇ ਰੋਕ ਲਿਆ ਗਿਆ। ਚੇਤੇ ਰਹੇ ਕਿ ਵਿਜੀਲੈਂਸ ਬਿਊਰੋ ਵੱਲੋਂ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿਚ ਕਾਂਗੜ ਖ਼ਿਲਾਫ਼ ਵਿਜੀਲੈਂਸ ਜਾਂਚ ਨੰਬਰ ਤਿੰਨ/2023 ਚੱਲ ਰਹੀ ਹੈ। ਵਿਜੀਲੈਂਸ ਬਿਊਰੋ ਵੱਲੋਂ ਸਾਬਕਾ ਮੰਤਰੀ ਕਾਂਗੜ ਖ਼ਿਲਾਫ਼ ਲੁੱਕਆਊਟ ਨੋਟਿਸ ਜਾਰੀ ਕੀਤਾ ਗਿਆ ਸੀ।

ਸੂਤਰਾਂ ਅਨੁਸਾਰ ਵਿਜੀਲੈਂਸ ਨੂੰ ਭਿਣਕ ਪੈ ਗਈ ਸੀ ਕਿ ਸਾਬਕਾ ਮੰਤਰੀ ਕਾਂਗੜ ਜਾਂਚ ਦੌਰਾਨ ਹੀ ਵਿਦੇਸ਼ ਭੱਜਣ ਦੀ ਤਾਕ ਵਿਚ ਹੈ। ਕਾਂਗੜ ਨੂੰ 11 ਜੂਨ ਦੀ ਰਾਤ ਕਰੀਬ 9 ਵਜੇ ਦਿੱਲੀ ਦੇ ਕੌਮਾਂਤਰੀ ਹਵਾਈ ਅੱਡੇ ਤੋਂ ਦਿੱਲੀ ਤੋਂ ਮਾਂਟਰੀਅਲ (ਕੈਨੇਡਾ) ਲਈ ਫਲਾਈਟ ਚੜ੍ਹਨ ਤੋਂ ਪਹਿਲਾਂ ਹੀ ਰੋਕ ਲਿਆ ਗਿਆ ਕਿਉਂਕਿ ਲੁੱਕਆਊਟ ਨੋਟਿਸ ਜਾਰੀ ਹੋਣ ਕਰਕੇ ਕਾਂਗੜ ਨੂੰ ਵਿਦੇਸ਼ ਜਾਣ ਦੀ ਆਗਿਆ ਨਹੀਂ ਸੀ। ਸੂਤਰਾਂ ਅਨੁਸਾਰ ਕਾਂਗੜ ਨੇ ਐਡਮਿੰਟਨ ਜਾਣਾ ਸੀ। ਵਿਜੀਲੈਂਸ ਰੇਂਜ ਦੇ ਅਧਿਕਾਰੀਆਂ ਨੇ ਇਸ ਮਾਮਲੇ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਕਾਂਗੜ ਨੂੰ ਵਿਦੇਸ਼ ਜਾਣ ਤੋਂ ਰੋਕ ਦਿੱਤਾ ਗਿਆ ਹੈ ਪਰ ਗ੍ਰਿਫ਼ਤਾਰ ਨਹੀਂ ਕੀਤਾ ਗਿਆ। ਵਿਜੀਲੈਂਸ ਅਧਿਕਾਰੀ ਆਖਦੇ ਹਨ ਕਿ ਕਾਂਗੜ ਨੂੰ ਕਈ ਵਾਰ ਤਲਬ ਕੀਤਾ ਗਿਆ ਪਰ ਉਹ ਵਿਜੀਲੈਂਸ ਬਿਊਰੋ ਦੇ ਸਾਹਮਣੇ ਪੇਸ਼ ਨਹੀਂ ਹੋਇਆ। ਵਿਜੀਲੈਂਸ ਰੇਂਜ ਬਠਿੰਡਾ ਨੇ ਪਹਿਲਾਂ 17 ਅਪ੍ਰੈਲ ਨੂੰ ਕਾਂਗੜ ਨੂੰ ਤਲਬ ਕੀਤਾ ਸੀ ਪਰ ਉਸ ਵਕਤ ਕਾਂਗੜ ਨੇ ਆਪਣੇ ਗੋਡਿਆਂ ਦੇ ਅਪਰੇਸ਼ਨ ਦਾ ਮੈਡੀਕਲ ਸਰਟੀਫਿਕੇਟ ਭੇਜ ਦਿੱਤਾ ਸੀ। ਜਦੋਂ ਵਿਜੀਲੈਂਸ ਨੂੰ ਕਾਂਗੜ ਦੇ ਠੀਕ ਹੋਣ ਦਾ ਪਤਾ ਲੱਗਿਆ ਤਾਂ ਕਾਂਗੜ ਨੂੰ 31 ਮਈ ਨੂੰ ਪੇਸ਼ ਹੋਣ ਵਾਸਤੇ ਕਿਹਾ ਗਿਆ।

ਵਿਜੀਲੈਂਸ ਵੱਲੋਂ ਬਰਜਿੰਦਰ ਹਮਦਰਦ ਮੁੜ ਤਲਬ

ਜਲੰਧਰ, (ਪੰਜਾਬ ਮੇਲ)- ਵਿਜੀਲੈਂਸ ਨੇ ਜੰਗ-ਏ-ਆਜ਼ਾਦੀ ਯਾਦਗਾਰ ਮਾਮਲੇ ਸਬੰਧੀ ਡਾ. ਬਰਜਿੰਦਰ ਸਿੰਘ ਹਮਦਰਦ ਨੂੰ ਨੋਟਿਸ ਭੇਜ ਕੇ 16 ਜੂਨ ਨੂੰ ਮੁੜ ਜਲੰਧਰ ਦਫ਼ਤਰ ’ਚ ਹਾਜ਼ਰ ਹੋਣ ਲਈ ਕਿਹਾ ਹੈ। ਹਮਦਰਦ ਨੂੰ ਪੰਜਾਬ ਵਿਜੀਲੈਂਸ ਬਿਊਰੋ ਦਾ ਇਹ ਤੀਜਾ ਨੋਟਿਸ ਹੈ। ਵਿਜੀਲੈਂਸ ਨੇ ਪਹਿਲਾਂ 24 ਮਈ ਤੇ ਮਗਰੋਂ 29 ਮਈ ਨੂੰ ਹਮਦਰਦ ਨੂੰ ਪੇਸ਼ ਹੋਣ ਲਈ ਕਿਹਾ ਸੀ ਪਰ ਉਨ੍ਹਾਂ ਨਿੱਜੀ ਰੁਝੇਵਿਆਂ ਦਾ ਹਵਾਲਾ ਦਿੰਦਿਆਂ 10 ਦਿਨਾਂ ਦਾ ਸਮਾਂ ਮੰਗਿਆ ਸੀ। ਇਸ ਮਗਰੋਂ ਵਿਜੀਲੈਂਸ ਨੇ ਹਮਦਰਦ ਨੂੰ 9 ਜੂਨ ਨੂੰ ਸੱਦਿਆ ਸੀ ਪਰ ਇਸ ਤੋਂ ਪਹਿਲਾਂ ਹੀ ਉਹ ਪੰਜਾਬ ਤੇ ਹਰਿਆਣਾ ਹਾਈ ਕੋਰਟ ਚਲੇ ਗਏ। ਪਹਿਲੀ ਜੂਨ ਨੂੰ ਸੁਣਵਾਈ ਦੌਰਾਨ ਅਦਾਲਤ ਨੇ ਬਰਜਿੰਦਰ ਸਿੰਘ ਨੂੰ ਤਲਬ ਕਰਨ ਤੋਂ ਪਹਿਲਾਂ ਪ੍ਰਸ਼ਨਾਵਲੀ ਭੇਜਣ ਦੇ ਹੁਕਮ ਦਿੱਤੇ ਸਨ। ਇਸ ਮਗਰੋਂ ਵਿਜੀਲੈਂਸ ਨੇ ਉਨ੍ਹਾਂ ਨੂੰ ਪ੍ਰਸ਼ਨਾਵਲੀ ਭੇਜ ਦਿੱਤੀ। ਵਿਜੀਲੈਂਸ ਨੇ ਹੁਣ ਉਨ੍ਹਾਂ ਨੂੰ 16 ਜੂਨ ਨੂੰ ਜਵਾਬ ਲੈ ਕੇ ਹਾਜ਼ਰ ਹੋਣ ਲਈ ਕਿਹਾ ਹੈ।

Mann & Associates Insurance Services, Inc.

Medicare Supplement Plans

• Life • Health • Travel • Medicare • Trucking • ਲਾਈਫ • ਹੈਲਥ • ਟ੍ਰੈਵਲ • ਮੈਡੀਕੇਅਰ • ਟਰੱਕਿੰਗ

- The American Rescue Plan passed by President Biden could save you hundreds or even thousands of dollars a month.
- There is more financial help than ever before
- Even if you didn t qualify for subsidies before, now you might be able to save thousands on health insurance premiums.
- Huge tax credits are available only if you apply thru Covered California

- ਰਾਸ਼ਟਰਪਤੀ ਜੋਅ ਬਾਇਡਨ ਦੁਆਰਾ ਪਾਸ ਕੀਤੀ ਗਈ ਅਮਰੀਕੀ ਬਚਾਅ ਯੋਜਨਾ ਤੁਹਾਨੂੰ ਮਹੀਨੇ ਵਿੱਚ ਹਜ਼ਾਰਾਂ ਡਾਲਰ ਦੀ ਬਚਤ ਕਰਵਾ ਸਕਦੀ ਹੈ।
- ਪਹਿਲਾਂ ਨਾਲੋਂ ਵਧੇਰੇ ਵਿੱਤੀ ਮਦਦ ਮਿਲੀ ਹੈ।
- ਭਾਵੇਂ ਤੁਸੀਂ ਪਹਿਲਾਂ ਸਬਸਿਡੀਆਂ ਲਈ ਯੋਗਤਾ ਪੂਰੀ ਨਹੀਂ ਕਰਦੇ ਹੋ, ਪਰ ਹੁਣ ਤੁਸੀਂ ਸਿਹਤ ਬੀਮਾ ਪ੍ਰੀਮੀਅਮਾਂ ’ਤੇ ਹਜ਼ਾਰਾਂ ਲੋਕਾਂ ਨੂੰ ਬਚਾਉਣ ਦੇ ਯੋਗ ਹੋ ਸਕਦੇ ਹੋ।
- ਭਾਰੀ ਟੈਕਸ ਕ੍ਰੈਡਿਟ ਕੇਵਲ ਤਾਂ ਹੀ ਉਪਲਬਧ ਹੁੰਦੇ ਹਨ, ਜੇ ਤੁਸੀਂ ਕਵਰਡ ਕੈਲੀਫੋਰਨੀਆ ਦੁਆਰਾ ਅਰਜ਼ੀ ਦਿੰਦੇ ਹੋ।

Inderjeet Singh Mann
CA Lic# 0H82488

ਹੈਲਥ ਇੰਸੋਰੈਂਸ ਨਾ ਕਰਵਾਉਣ ’ਤੇ ਤੁਹਾਨੂੰ ਜੁਰਮਾਨਾ ਵੀ ਹੋ ਸਕਦਾ ਹੈ। ਇਸ ਲਈ ਅੱਜ ਹੀ ਆਪਣੀ ਅਤੇ ਆਪਣੇ ਪਰਿਵਾਰ ਦੀ ਹੈਲਥ ਇੰਸ਼ੋਰੈਂਸ ਕਰਵਾਉਣ ਲਈ ਇੰਦਰਜੀਤ ਮਾਨ ਨੂੰ ਕਾਲ ਕਰੋ। ਜਿਹੜੇ Covered California ਦੇ Certified Agent ਸਨ। ਇੰਦਰਜੀਤ ਮਾਨ ਕੋਲ ਹੈਲਥ ਇੰਸੋਰੈਂਸ ਦਾ ਲੰਬੇ ਸਮੇਂ ਦਾ ਤਜ਼ਰਬਾ ਹੈ।

Anthem

COVERED CALIFORNIA

Certified Insurance Agent

Designed By Punjab Mail USA

Ph.: (916) 900-2000

EXPO
FURNITURE
Gallery

FALL SAVINGS
PRICES ARE FALLING!
SAVE UP TO
70%
OFF IN STORE

7310 Home Leisure Plaza
Sacramento, CA 95823
(916) 392-3233

11415 Folsom Blvd. STE #105
Rancho Cordova, CA 95742
(916) 635-3976

Promotion does not apply to previous purchases. 0% Financing available on approved credit - see store for details. "Up to 70% Off" items are available in-store only and are limited in quantity. They will be sold on a first come, first serve basis and may include floor model items, discontinued items and slightly imperfect items. Although every precaution is taken, errors in pricing/description may occur. We reserve the right to correct any such errors.

ਕਟਾਰੂਚੱਕ ਮਾਮਲਾ: ਸ਼ਿਕਾਇਤਕਰਤਾ ਵੱਲੋਂ ਕਾਰਵਾਈ ਕਰਵਾਉਣ ਤੋਂ ਇਨਕਾਰ

ਸ਼ਿਕਾਇਤਕਰਤਾ ਨੇ ਪੁਲਿਸ ਕੋਲ ਲਿਖਤੀ ਤੌਰ ’ਤੇ ਬਿਆਨ ਦਰਜ ਕਰਵਾਏ

ਚੰਡੀਗੜ੍ਹ, (ਪੰਜਾਬ ਮੇਲ)-ਪੰਜਾਬ ਦੇ ਕੈਬਨਿਟ ਮੰਤਰੀ ਲਾਲ ਚੰਦ ਕਟਾਰੂਚੱਕ ਖ਼ਿਲਾਫ਼ ਜਿਨਸੀ ਸ਼ੋਸ਼ਣ ਦੇ ਇਲਜ਼ਾਮ ਲਾਉਣ ਵਾਲੇ ਕੇਸ਼ਵ ਕੁਮਾਰ ਨੇ ਹੁਣ ਯੂ-ਟਰਨ ਲੈ ਲਿਆ ਹੈ। ਪੰਜਾਬ ਪੁਲਿਸ ਦੀ ਵਿਸ਼ੇਸ਼ ਜਾਂਚ ਟੀਮ ਕੋਲ ਕੇਸ਼ਵ ਕੁਮਾਰ ਨੇ ਆਪਣੀ ਪਹਿਲੀ ਸ਼ਿਕਾਇਤ ਤੋਂ ਮੋੜਾ ਕੱਟਦਿਆਂ ਕੈਬਨਿਟ ਮੰਤਰੀ ਕਟਾਰੂਚੱਕ ਖ਼ਿਲਾਫ਼ ਕੋਈ ਕਾਰਵਾਈ ਕਰਾਉਣ ਤੋਂ ਇਨਕਾਰ ਕਰ ਦਿੱਤਾ ਹੈ। ਜ਼ਿਕਰਯੋਗ ਹੈ ਕਿ ਵਿਰੋਧੀ ਧਿਰਾਂ ਨੇ ਇਹ ਗੱਲ ਉਭਾਰੀ ਸੀ ਕਿ ਕੈਬਨਿਟ ਮੰਤਰੀ ਕਟਾਰੂਚੱਕ ਨੇ ਉਸ ਵੇਲੇ ਪੀੜਤ ਦਾ ਜਿਨਸੀ ਸ਼ੋਸ਼ਣ ਕੀਤਾ, ਜਦੋਂ ਉਹ 2013 ਵਿਚ ਨਾਬਾਲਗ ਸੀ। ਸੂਤਰਾਂ ਅਨੁਸਾਰ ਪਠਾਨਕੋਟ ਜ਼ਿਲ੍ਹੇ ਦੇ ਐੱਸ.ਐੱਫ.ਐੱਲ. ਜੇ.ਐੱਲ. ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦੇ ਪ੍ਰਿੰਸੀਪਲ ਨੇ 11 ਮਈ 2023 ਨੂੰ ਪਠਾਨਕੋਟ ਪੁਲਿਸ ਨੂੰ ਪੱਤਰ ਭੇਜ ਕੇ ਦੱਸਿਆ ਹੈ ਕਿ ਕੇਸ਼ਵ ਕੁਮਾਰ 2007-08 ਵਿਚ ਇਸ ਸਕੂਲ ਦਾ ਵਿਦਿਆਰਥੀ ਸੀ ਅਤੇ ਉਸ ਦੀ ਜਨਮ ਮਿਤੀ 3 ਮਈ 1993 ਵੀ ਦੱਸੀ ਗਈ। ਵਿਸ਼ੇਸ਼ ਜਾਂਚ ਟੀਮ ਨੇ ਪਾਇਆ ਕਿ ਘਟਨਾ ਵਾਲੇ 2013 ਦੇ ਵਰ੍ਹੇ ਵਿਚ ਵੀ ਪੀੜਤ ਨਾਬਾਲਗ ਨਹੀਂ ਸੀ। ਪੀੜਤ ਸਕੂਲ ’ਚੋਂ ਨੌਵੀਂ ਕਲਾਸ ਦਾ ਡਰਾਪ ਆਊਟ ਹੈ।

ਸੂਤਰਾਂ ਅਨੁਸਾਰ ਪੀੜਤ ਨੇ 5 ਜੂਨ ਨੂੰ ਵਿਸ਼ੇਸ਼ ਜਾਂਚ ਟੀਮ ਨੂੰ ਆਪਣਾ ਬਿਆਨ ਭੇਜ ਕੇ ਅਪੀਲ ਕੀਤੀ ਸੀ ਕਿ ਉਹ ਇਸ ਮਾਮਲੇ ਵਿਚ ਕੋਈ ਕਾਰਵਾਈ ਨਹੀਂ ਕਰਾਉਣਾ ਚਾਹੁੰਦਾ ਹੈ ਅਤੇ ਪੀੜਤ ਨੇ ਬਿਆਨ ਲਿਖਦੇ ਹੋਏ ਦੀ ਇਕ ਵੀਡੀਓ ਵੀ ਬਣਾਈ ਹੋਈ ਸੀ। ਵਿਸ਼ੇਸ਼ ਜਾਂਚ ਟੀਮ ਨੇ ਉਸ ਨੂੰ ਨਿੱਜੀ ਤੌਰ ’ਤੇ ਪੇਸ਼ ਹੋਣ ਲਈ ਕਿਹਾ ਤਾਂ ਪੀੜਤ ਨੇ 10 ਜੂਨ ਨੂੰ ਪੇਸ਼ ਹੋਣ ਦੀ ਗੱਲ ਆਖੀ।

ਸੂਤਰਾਂ ਅਨੁਸਾਰ ਪੀੜਤ ਨੇ 8 ਜੂਨ ਨੂੰ ਹੀ ਵਿਸ਼ੇਸ਼ ਜਾਂਚ ਟੀਮ ਨਾਲ ਸੰਪਰਕ ਕੀਤਾ ਅਤੇ 9 ਜੂਨ ਨੂੰ ਪੀੜਤ ਵਿਸ਼ੇਸ਼ ਜਾਂਚ ਟੀਮ ਅੱਗੇ ਪੇਸ਼ ਹੋਇਆ। ਤਿੰਨ ਮੈਂਬਰੀ ਟੀਮ ਨੇ ਪੀੜਤ ਦੇ ਪੇਸ਼ ਹੋਣ ਮੌਕੇ ਦੀ ਵੀਡੀਓਗਰਾਫੀ ਵੀ ਕਰਵਾਈ ਅਤੇ ਪੀੜਤ ਨੇ ਹਿੰਦੀ ਭਾਸ਼ਾ ਵਿਚ ਲਿਖ ਕੇ ਇਸ ਮਾਮਲੇ ਵਿਚ ਕੋਈ ਕਾਰਵਾਈ ਨਾ ਕਰਾਉਣ ਦੀ ਗੱਲ ਆਖੀ। ਸੂਤਰਾਂ ਅਨੁਸਾਰ ਸ਼ਿਕਾਇਤਕਰਤਾ ਨੇ ਵਿਸ਼ੇਸ਼ ਜਾਂਚ ਟੀਮ ਕੋਲ ਬਿਆਨ ਕੀਤਾ ਕਿ ਉਸ ਦਾ ਮੋਬਾਈਲ ਫ਼ੋਨ ਗੁੰਮ ਹੋ ਗਿਆ ਸੀ ਅਤੇ ਉਸ ਕੋਲ ਇਕ ਵਿਅਕਤੀ ਮੋਬਾਈਲ ਲੈ ਕੇ ਆਇਆ ਸੀ, ਜਿਸ ਨੇ ਇਕ ਵੀਡੀਓ ਦਿਖਾਈ ਜੋ ਕਿ ਬਦਲੀ ਹੋਈ ਸੀ। ਉਸ ਨੇ ਵਿਸ਼ੇਸ਼ ਜਾਂਚ ਟੀਮ ਅੱਗੇ ਕੋਈ ਸੁਰੱਖਿਆ ਲੈਣ ਤੋਂ ਵੀ ਇਨਕਾਰ ਕਰ ਦਿੱਤਾ।

ਕੌਮੀ ਕਮਿਸ਼ਨ ਨੇ ਪੀੜਤ ਅਨੁਸੂਚਿਤ ਜਾਤੀ ਨਾਲ ਸਬੰਧਤ ਹੋਣ ਦੀ ਗੱਲ ਵੀ ਕੀਤੀ ਸੀ ਪ੍ਰੰਤੂ ਜਾਂਚ ਟੀਮ ਨੇ ਇਹ ਤਰਕ ਦਿੱਤਾ ਹੈ ਕਿ ਕੈਬਨਿਟ ਮੰਤਰੀ ਕਟਾਰੂਚੱਕ ਖ਼ੁਦ ਵੀ ਅਨੁਸੂਚਿਤ ਜਾਤੀ ਵਰਗ ਨਾਲ ਸਬੰਧਤ ਹਨ।

ਜ਼ਿਕਰਯੋਗ ਹੈ ਕਿ ਕੌਮੀ ਅਨੁਸੂਚਿਤ ਜਾਤੀ ਕਮਿਸ਼ਨ ਨੇ ਪੰਜਾਬ ਸਰਕਾਰ ਨੂੰ 6 ਜੂਨ ਨੂੰ ਤੀਜਾ ਨੋਟਿਸ ਜਾਰੀ ਕਰਕੇ 12 ਜੂਨ ਤੱਕ ਰਿਪੋਰਟ ਮੰਗੀ ਸੀ।

ਵਿਧਾਇਕ ਬੁੱਧਰਾਮ ‘ਆਪ’ ਦੀ ਪੰਜਾਬ ਇਕਾਈ ਦੇ ਕਾਰਜਕਾਰੀ ਪ੍ਰਧਾਨ ਨਿਯੁਕਤ

ਚੰਡੀਗੜ੍ਹ, (ਪੰਜਾਬ ਮੇਲ)- ਆਮ ਆਦਮੀ ਪਾਰਟੀ (ਆਪ) ਨੇ ਵਿਧਾਇਕ ਬੁੱਧਰਾਮ ਨੂੰ ਪੰਜਾਬ ਇਕਾਈ ਦਾ ਕਾਰਜਕਾਰੀ ਪ੍ਰਧਾਨ ਨਿਯੁਕਤ ਕਰਨ ਦਾ ਐਲਾਨ ਕੀਤਾ ਹੈ। ਬੁਧਰਾਮ ਬੁਢਲਾਡਾ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਹਨ। ਇਸ ਦੇ ਨਾਲ ਹੀ ਪਾਰਟੀ ਨੇ ਚਾਰ ਸੂਬਾ ਮੀਤ ਪ੍ਰਧਾਨਾਂ ਸਮੇਤ ਛੇ ਹੋਰ ਅਹੁਦੇਦਾਰਾਂ ਦਾ ਵੀ ਐਲਾਨ ਕੀਤਾ ਹੈ। ਇਸ ਤਹਿਤ ਬਟਾਲਾ ਤੋਂ ਵਿਧਾਇਕ ਅਮਨਸ਼ੇਰ ਸਿੰਘ ਕਲਸੀ, ਉੜਮੁੜ ਤੋਂ ਵਿਧਾਇਕ ਜਸਵੀਰ ਸਿੰਘ ਰਾਜਾ ਗਿੱਲ, ਸ੍ਰੀ ਮੁਕਤਸਰ ਸਾਹਿਬ ਤੋਂ ਵਿਧਾਇਕ ਜਗਦੀਪ ਸਿੰਘ ਕਾਕਾ ਬਰਾੜ ਅਤੇ ਖੰਨਾ ਤੋਂ ਵਿਧਾਇਕ ਤਰੁਨਪ੍ਰੀਤ ਸਿੰਘ ਨੂੰ ਸੂਬਾ ਮੀਤ ਪ੍ਰਧਾਨ ਨਿਯੁਕਤ ਕੀਤਾ ਗਿਆ ਹੈ। ਇਸੇ ਤਰ੍ਹਾਂ ਪਾਰਟੀ ਆਗੂ ਜਗਰੂਪ ਸਿੰਘ ਸੇਖਵਾਂ ਨੂੰ ਸੂਬਾ ਜਨਰਲ ਸਕੱਤਰ ਜਦਕਿ ਧਰਮਕੋਟ ਦੇ ਵਿਧਾਇਕ ਦਵਿੰਦਰਜੀਤ ਸਿੰਘ ਲਾਡੀ ਨੂੰ ਪਾਰਟੀ ਦੇ ਯੂਥ ਵਿੰਗ ਦੇ ਸੂਬਾ ਪ੍ਰਧਾਨ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਮੁੱਖ ਮੰਤਰੀ ਭਗਵੰਤ ਮਾਨ ਨੇ ਟਵੀਟ ਕਰ ਕੇ ਸਾਰੇ ਨਵੇਂ ਅਹੁਦੇਦਾਰਾਂ ਨੂੰ ਵਧਾਈ ਦਿੱਤੀ ਹੈ। ਵਿਧਾਨ ਸਭਾ ਹਲਕਾ ਬੁਢਲਾਡਾ ਤੋਂ ਵਿਧਾਇਕ ਪ੍ਰਿੰਸੀਪਲ ਬੁੱਧਰਾਮ ਨੂੰ ‘ਆਪ’ ਦਾ ਸੂਬਾਈ ਕਾਰਜਕਾਰੀ ਪ੍ਰਧਾਨ ਨਿਯੁਕਤ ਕੀਤੇ ਜਾਣ ਮਗਰੋਂ ਇਲਾਕੇ ਵਿਚ ਪਾਰਟੀ ਸਰਗਰਮੀਆਂ ਨੇ ਤੇਜ਼ੀ ਫੜ੍ਹ ਲਈ ਹੈ। ਪੰਜਾਬ ਵਿਚ ਪਹਿਲੀ ਵਾਰ ਸੱਤਾਧਾਰੀ ਪਾਰਟੀ ਵੱਲੋਂ ਮਾਨਸਾ ਜ਼ਿਲ੍ਹੇ ਦੇ ਕਿਸੇ ਆਗੂ ਨੂੰ ਅਜਿਹੀ ਜ਼ਿੰਮੇਵਾਰੀ ਸੌਂਪੀ ਗਈ ਹੈ।

ਸਿਆਸੀ ਗਲਿਆਰਿਆਂ ’ਚ 2 ਮੌਜੂਦਾ ਐੱਮ.ਪੀਜ਼ ਦੇ ਭਾਜਪਾ ਦੇ ਨੇੜੇ ਹੋਣ ਦੇ ਚਰਚੇ!

ਲੁਧਿਆਣਾ, (ਪੰਜਾਬ ਮੇਲ)- ਪੰਜਾਬ ’ਚੋਂ ਵੱਡੀ ਪਾਰਟੀ ਨਾਲ ਸਬੰਧਤ ਦੋ ਮੈਂਬਰ ਪਾਰਲੀਮੈਂਟ ਅੱਜਕੱਲ੍ਹ ਭਾਜਪਾ ਦੀ ਛਤਰੀ ’ਤੇ ਮੰਡਰਾ ਰਹੇ ਹਨ, ਜਿਸ ਦੀ ਖ਼ਬਰ ਰਾਜਸੀ ਗਲਿਆਰਿਆਂ ’ਚ ਉੱਡ ਚੁੱਕੀ ਹੈ। ਇਸ ਉੱਡ ਰਹੀ ਖ਼ਬਰ ’ਚ ਇਹ ਦੱਸਿਆ ਜਾ ਰਿਹਾ ਹੈ ਕਿ ਪੰਜਾਬ ’ਚ ਭਾਜਪਾ 2024 ਦੀਆਂ ਲੋਕ ਸਭਾ ਚੋਣਾਂ ਆਪਣੇ ਬਲਬੂਤੇ ’ਤੇ ਲੜਨ ਦੇ ਰੌਂਅ ਵਿਚ ਹੈ, ਜਿਸ ਦੇ ਚੱਲਦੇ ਕਾਂਗਰਸ ਵਿਚ ਵੱਡਾ ਆਧਾਰ ਰੱਖਣ ਵਾਲੇ ਮੌਜੂਦਾ ਐੱਮ.ਪੀ. ਉਨ੍ਹਾਂ ਦੀ ਪਕੜ ਵਿਚ ਹੁਣੇ ਹੀ ਆ ਗਏ। ਲੋਕ ਸਭਾ ਚੋਣਾਂ ਵਿਚ ਅਜੇ 10 ਮਹੀਨੇ ਪਏ ਹੋਣ ’ਤੇ ਭਾਜਪਾ ਉਨ੍ਹਾਂ ਦੋ ਐੱਮ.ਪੀ. ਨੂੰ ਆਪਣੀ ਰਾਜਸੀ ਛਤਰੀ ’ਤੇ ਅਗਸਤ ਜਾਂ ਸਤੰਬਰ ਵਿਚ ਉੱਤਰ ਕੇ ਵੱਡੀ ਸੰਨ੍ਹ ਲਗਾ ਸਕਦੀ ਹੈ ਕਿਉਂਕਿ ਉਦੋਂ ਚੋਣਾਂ ਵਿਚ ਸਿਰਫ਼ 4 ਮਹੀਨੇ ਰਹਿੰਦੇ ਹੋਣਗੇ ਤੇ ਫਿਰ ਉਨ੍ਹਾਂ ’ਚ ਸ਼ਾਮਲ ਹੋਣ ਵਾਲੇ ਐੱਮ.ਪੀ. ਸੱਜਣਾਂ ਦੇ ਹਲਕੇ ’ਚ ਜ਼ਿਮਨੀ ਚੋਣ ਦੀ ਸੰਭਾਵਨਾ ਮੁੱਕ ਜਾਵੇਗੀ।

ਡੇਰਾ ਪ੍ਰੇਮੀ ਕਤਲ ਕਾਂਡ: ਮੁਲਜ਼ਮ ਹਰਪ੍ਰੀਤ ਅੱਠ ਮਹੀਨਿਆਂ ਮਗਰੋਂ ਗ੍ਰਿਫ਼ਤਾਰ

ਫ਼ਰੀਦਕੋਟ, (ਪੰਜਾਬ ਮੇਲ)- ਐਂਟੀ ਗੈਂਗਸਟਰ ਟਾਸਕ ਫੋਰਸ ਨੇ ਡੇਰਾ ਪ੍ਰੇਮੀ ਪ੍ਰਦੀਪ ਕੁਮਾਰ ਦੇ ਕਤਲ ਕਾਂਡ ਵਿਚ ਲੋੜੀਂਦੇ ਮੁਲਜ਼ਮ ਹਰਪ੍ਰੀਤ ਸਿੰਘ ਨੂੰ ਗ੍ਰਿਫ਼ਤਾਰ ਕਰਕੇ ਇੱਥੇ ਇਲਾਕਾ ਮੈਜਿਸਟਰੇਟ ਅਜੈਪਾਲ ਸਿੰਘ ਦੀ ਅਦਾਲਤ ਵਿਚ ਪੇਸ਼ ਕੀਤਾ। ਅਦਾਲਤ ਨੇ ਮੁਲਜ਼ਮ ਨੂੰ ਪੁੱਛ-ਪੜਤਾਲ ਲਈ ਚਾਰ ਦਿਨ ਦੇ ਪੁਲਿਸ ਰਿਮਾਂਡ ’ਤੇ ਭੇਜਣ ਦਾ ਹੁਕਮ ਦਿੱਤਾ ਹੈ। ਜਾਣਕਾਰੀ ਅਨੁਸਾਰ ਹਰਪ੍ਰੀਤ ਸਿੰਘ ਗੈਂਗਸਟਰ ਗੋਲਡੀ ਬਰਾੜ ਲਈ ਪੰਜਾਬ ਵਿਚ ਅਪਰਾਧਿਕ ਸਰਗਰਮੀਆਂ ਕਰਦਾ ਸੀ। 10 ਨਵੰਬਰ 2022 ਨੂੰ ਕੋਟਕਪੂਰਾ ਵਿਚ ਕਤਲ ਹੋਏ ਬੇਅਦਬੀ ਕਾਂਡ ਦੇ ਮੁਲਜ਼ਮ ਅਤੇ ਡੇਰਾ ਪ੍ਰੇਮੀ ਪ੍ਰਦੀਪ ਕੁਮਾਰ ਦੇ ਕਤਲ ਵਿਚ ਹਰਪ੍ਰੀਤ ਸਿੰਘ ਨੇ ਕਥਿਤ ਤੌਰ ’ਤੇ ਅਹਿਮ ਭੂਮਿਕਾ ਨਿਭਾਈ ਸੀ ਅਤੇ ਮੁਲਜ਼ਮਾਂ ਨੂੰ ਹਥਿਆਰ, ਵਾਹਨ ਅਤੇ ਪੈਸਾ ਆਦਿ ਮੁਹੱਈਆ ਕਰਵਾਇਆ ਸੀ। ਪ੍ਰਦੀਪ ਕਤਲ ਕਾਂਡ ਵਿਚ ਜ਼ਿਲ੍ਹਾ ਪੁਲਿਸ ਹੁਣ ਤੱਕ ਦੋ ਨਾਬਾਲਗ ਬੱਚਿਆਂ ਸਮੇਤ 15 ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਚੁੱਕੀ ਹੈ ਅਤੇ ਇਸ ਕੇਸ ਵਿਚ ਗੋਲਡੀ ਬਰਾੜ ਦੀ ਗ੍ਰਿਫ਼ਤਾਰ ਬਾਕੀ ਹੈ। ਐਂਟੀ ਗੈਂਗਸਟਰ ਟਾਸਕ ਫੋਰਸ ਟੀਮ ਨੇ ਅਦਾਲਤ ਨੂੰ ਦੱਸਿਆ ਕਿ ਹਰਪ੍ਰੀਤ ਸਿੰਘ ਫਰੀਦਕੋਟ ਦੇ ਪਿੰਡ ਰੋੜੀ ਕਪੂਰਾ ਦਾ ਵਸਨੀਕ ਹੈ ਅਤੇ ਉਸ ਨੇ ਗੈਂਗਸਟਰ ਗੋਲਡੀ ਬਰਾੜ ਨਾਲ ਰਲ ਕੇ ਪੰਜਾਬ ਵਿਚ ਹੋਰ ਵੀ ਅਪਰਾਧਿਕ ਘਟਨਾਵਾਂ ਨੂੰ ਅੰਜਾਮ ਦਿੱਤਾ ਹੈ ਅਤੇ ਇਸ ਤੋਂ ਸਾਰੇ ਅਪਰਾਧਾਂ ਬਾਰੇ ਪੁੱਛ-ਪੜਤਾਲ ਕੀਤੀ ਜਾਣੀ ਹੈ। ਇਸ ਕਰਕੇ ਅਦਾਲਤ ਨੇ ਹਰਪ੍ਰੀਤ ਸਿੰਘ ਨੂੰ ਪੁਲਿਸ ਰਿਮਾਂਡ ’ਤੇ ਭੇਜ ਦਿੱਤਾ ਹੈ।

ਐਂਟੀ ਗੈਂਗਸਟਰ ਟਾਸਕ ਫੋਰਸ ਦੀ ਹਿਰਾਸਤ ਵਿੱਚ ਗੈਂਗਸਟਰ ਹਰਪ੍ਰੀਤ ਸਿੰਘ।

Global Allianz
LAW FIRM LLP
ਕਾਨੂੰਨੀ ਸਲਾਹਾਂ

- ਇਮੀਗਰੇਸ਼ਨ ਸੇਵਾਵਾਂ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕੰਮ ’ਤੇ ਸੱਟ ਲਗਣਾ

Asylum & Deportation Defense

Atul Kapoor
C.E.O

Neat Allen Sawyer
Attorney at law

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

ਸ਼੍ਰੋਮਣੀ ਕਮੇਟੀ ਵੱਲੋਂ ਚੋਣਾਂ ਕਰਵਾਉਣ ਲਈ ਵੋਟ ਸੂਚੀਆਂ ਅਪਡੇਟ ਕਰਨ ਦਾ ਐਲਾਨ

- **ਸ਼੍ਰੋਮਣੀ ਕਮੇਟੀ ਨੇ ਗੁਰਦੁਆਰਾ ਕਮਿਸ਼ਨ ਨੂੰ ਹਰਿਆਣਾ ’ਚ 11 ਮੈਂਬਰਾਂ ਦੀ ਚੋਣ ਕਰਵਾਉਣ ਲਈ ਅਮਲ ਸ਼ੁਰੂ ਕਰਨ ਲਈ ਕਿਹਾ**

ਅੰਮ੍ਰਿਤਸਰ, (ਪੰਜਾਬ ਮੇਲ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਨੂੰ ਲੈ ਕੇ ਜਿੱਥੇ ਵੋਟ ਬਣਾਉਣ ਦੀ ਪ੍ਰਕਿਰਿਆ ਸ਼ੁਰੂ ਕਰਨ ਦੀ ਕਵਾਇਦ ਆਰੰਭ ਕਰਨ ਦੇ ਸੰਕੇਤ ਹਨ, ਅਜਿਹੇ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਹੈ ਕਿ ਹਰਿਆਣਾ ਵਿਚ ਅਜੇ ਵੀ ਗੁਰਦੁਆਰਾ ਐਕਟ ਲਾਗੂ ਹੈ। ਇਸ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਗੁਰਦੁਆਰਾ ਜੁਡੀਸ਼ੀਅਲ ਕਮਿਸ਼ਨ ਨੂੰ ਇੱਕ ਮੰਗ ਪੱਤਰ ਰਾਹੀਂ ਕਿਹਾ ਗਿਆ ਹੈ ਕਿ ਹਰਿਆਣਾ ’ਚ 11 ਮੈਂਬਰਾਂ ਦੀ ਚੋਣ ਕਰਵਾਉਣ ਲਈ ਅਮਲ ਸ਼ੁਰੂ ਕੀਤਾ ਜਾਵੇ।

ਦੱਸਣਯੋਗ ਹੈ ਕਿ ਬੀਤੇ ਦਿਨੀਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਕਰਵਾਉਣ ਲਈ ਵੋਟ ਸੂਚੀਆਂ ਸੋਧਣ ਭਾਵ ਅਪਡੇਟ ਕਰਨ ਦਾ ਐਲਾਨ ਕੀਤਾ ਗਿਆ ਹੈ,

ਤਾਂ ਕਿ ਐੱਸ.ਜੀ.ਪੀ.ਸੀ. ਮੈਂਬਰਾਂ ਦਾ ਨਵਾਂ ਜਨਰਲ ਹਾਊਸ ਚੁਣਿਆ ਜਾਵੇ ਪਰ ਇਸ ਫੈਸਲੇ ਦੇ ਆਉਣ ਤੋਂ ਬਾਅਦ ਵੀ ਸਥਿਤੀ ਸਪੱਸ਼ਟ ਨਹੀਂ ਦਿੱਸ ਰਹੀ।

ਇੱਕ ਪਾਸੇ ਹਰਿਆਣਾ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਹੋਂਦ ’ਚ ਆ ਚੁੱਕੀ ਹੈ ਤੇ ਉਨ੍ਹਾਂ ਵੱਲੋਂ ਗੁਰਦੁਆਰਾ ਸਾਹਿਬਾਨ ਦਾ ਪ੍ਰਬੰਧ ਵੀ ਸੰਭਾਲ ਲਿਆ ਗਿਆ ਤੇ ਦੂਜੇ ਪਾਸੇ ਗੁਰਦੁਆਰਾ ਐਕਟ 1925 ਵੀ ਕਾਇਮ ਹੈ, ਜਿਸ ਅਨੁਸਾਰ ਸ਼੍ਰੋਮਣੀ ਕਮੇਟੀ ਦੇ ਸਿੱਧੇ ਚੁਣੇ ਜਾਂਦੇ 157 ਮੈਂਬਰਾਂ ਵਿਚੋਂ 10 ਮੈਂਬਰ ਤੇ ਕੁੱਲ 191 ਮੈਂਬਰਾਂ ’ਚੋਂ 11 ਮੈਂਬਰ ਹਰਿਆਣੇ ’ਚੋਂ ਆਉਂਦੇ ਹਨ।

ਹੁਣ ਇਹ ਬਿਲਕੁਲ ਸਪੱਸ਼ਟ ਨਹੀਂ ਹੈ ਕਿ ਹਰਿਆਣਾ ਕਮੇਟੀ ਦੇ 11 ਮੈਂਬਰਾਂ ਦਾ ਕੀ ਬਣੇਗਾ ਜਾਂ ਸ਼੍ਰੋਮਣੀ ਕਮੇਟੀ ਦੇ ਜਨਰਲ ਹਾਊਸ ’ਚੋਂ 11 ਮੈਂਬਰ ਘਟਾ ਦਿੱਤੇ ਜਾਣਗੇ ਜਾਂ 1925 ਐਕਟ ’ਚ ਸੋਧ ਕੀਤੀ ਜਾਵੇਗੀ ਕਿਉਂਕਿ ਚੰਡੀਗੜ੍ਹ ਤੇ ਹਿਮਾਚਲ ’ਚ ਚੋਣਾਂ ਸਬੰਧੀ ਕੋਈ ਹਲਚਲ ਨਹੀਂ ਤੇ ਨਾ ਹੀ ਚੰਡੀਗੜ੍ਹ ਤੇ ਹਿਮਾਚਲ ਦੇ ਸਿੱਖਾਂ ਦੀਆਂ ਵੋਟਾਂ ਬਣਾਉਣ ਨੂੰ ਵੀ ਲੈ ਕੇ ਕਿਸੇ ਤਰ੍ਹਾਂ ਦਾ ਨੋਟਿਸ ਅਜੇ ਤੱਕ ਜਾਰੀ ਨਹੀਂ ਹੋਇਆ।

ਲੁਧਿਆਣਾ ’ਚ ਹੋਈ ਕਰੋੜਾਂ ਦੀ ਲੁੱਟ ਮਾਮਲੇ ’ਚ 5 ਗ੍ਰਿਫ਼ਤਾਰ: ਡੀ.ਜੀ.ਪੀ.

ਲੁਧਿਆਣਾ, (ਪੰਜਾਬ ਮੇਲ)- ਲੁਧਿਆਣਾ ਦੇ ਰਾਜਗੁਰੂ ਨਗਰ ਨੇੜੇ ਸੀ.ਐੱਮ.ਐੱਸ. ਇਨਫੋ ਸਿਸਟਮਜ਼ ਲਿਮਟਿਡ ਦੇ ਦਫ਼ਤਰ ’ਚ 10 ਜੂਨ ਨੂੰ ਹੋਈ 8.49 ਕਰੋੜ ਰੁਪਏ ਦੀ ਲੁੱਟ ਨਾਲ ਸਬੰਧਤ ਮਾਮਲੇ ਵਿਚ ਡੀ.ਜੀ.ਪੀ. ਗੌਰਵ ਯਾਦਵ ਨੇ ਟਵੀਟ ਕੀਤਾ ਕਿ ਕਾਊਂਟਰ ਇੰਟੈਲੀਜੈਂਸ ਦੇ ਸਹਿਯੋਗ ਨਾਲ ਲੁਧਿਆਣਾ ਪੁਲਿਸ ਨੇ 60 ਘੰਟਿਆਂ ਤੋਂ ਵੀ ਘੱਟ ਸਮੇਂ ’ਚ ਲੁੱਟ ਦੀ ਵਾਰਦਾਤ ਨੂੰ ਸੁਲਝਾ ਲਿਆ ਹੈ। ਉਨ੍ਹਾਂ ਦੱਸਿਆ ਕਿ ਸਾਜ਼ਿਸ਼ ’ਚ ਸ਼ਾਮਲ 10 ਮੁਲਜ਼ਮਾਂ ਵਿਚੋਂ ਪੰਜ ਨੂੰ ਗ੍ਰਿਫ਼ਤਾਰ ਕਰਕੇ ਵੱਡੀ ਬਰਾਮਦਗੀ ਕੀਤੀ ਗਈ ਹੈ। ਸ਼ਨਿੱਚਰਵਾਰ ਤੜਕੇ ਕਰੀਬ 10 ਹਥਿਆਰਬੰਦ ਲੁਟੇਰੇ ਕੰਪਨੀ ਦੇ ਦਫਤਰ ’ਚ ਦਾਖਲ ਹੋ ਕੇ ਪੰਜ ਮੁਲਾਜ਼ਮਾਂ ਨੂੰ ਬੰਦੀ ਬਣਾ ਕੇ ਕੰਪਨੀ ਦੇ ਦਫ਼ਤਰ ਵਿਚੋਂ 8.49 ਕਰੋੜ ਰੁਪਏ ਲੁੱਟ ਕੇ ਕੈਸ਼ ਵੈਨ ਵਿਚ ਫਰਾਰ ਹੋ ਗਏ ਸਨ। ਬਾਅਦ ਵਿਚ ਮੁੱਲਾਂਪੁਰ ਨੇੜੇ ਵੈਨ ਨੂੰ ਛੱਡ ਦਿੱਤਾ। ਪੁਲਿਸ ਨੇ ਵੈਨ ਵਿਚੋਂ ਤਿੰਨ ਹਥਿਆਰ ਬਰਾਮਦ ਕੀਤੇ ਸਨ, ਜੋ ਕੰਪਨੀ ਦੇ ਸਨ।

2024 ਦੀਆਂ ਲੋਕ ਸਭਾ ਚੋਣਾਂ ਨੂੰ ਲੈ ਕੇ ਸੁਖਬੀਰ ‘ਲੁਧਿਆਣਾ, ਬਠਿੰਡਾ, ਫਿਰੋਜ਼ਪੁਰ’ ਤੋਂ ਪਰ ਤੋਲਣ ਲੱਗੇ!

ਲੁਧਿਆਣਾ, (ਪੰਜਾਬ ਮੇਲ)- ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ

ਸੁਖਬੀਰ ਸਿੰਘ ਬਾਦਲ ਜੋ ਅੱਜਕਲ੍ਹ ਫ਼ਿਰੋਜ਼ਪੁਰ ਤੋਂ ਐੱਮ.ਪੀ. ਹਨ ਤੇ ਉਨ੍ਹਾਂ ਦੀ ਧਰਮਪਤਨੀ ਬੀਬਾ ਹਰਸਿਮਰਤ ਕੌਰ ਬਾਦਲ ਬਠਿੰਡਾ ਤੋਂ ਮੌਜੂਦਾ ਐੱਮ.ਪੀ. ਹਨ। ਭਾਵੇਂ 2024 ਦੀਆਂ ਚੋਣਾਂ ਵਿਚ 10 ਮਹੀਨੇ ਬਾਕੀ ਬਚਦੇ ਹਨ ਪਰ ਹੋਰਨਾਂ ਪਾਰਟੀਆਂ ਵਿਚ ਕਸਰਤ ਸ਼ੁਰੂ ਹੋ ਗਈ ਹੈ, ਉਥੇ ਅਕਾਲੀ ਦਲ ਨੇ ਵੀ ਕੰਨ ਚੁੱਕ ਲਏ ਹਨ।

ਹੁਣ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਇਕ ਪਰਿਵਾਰ ’ਚ ਇਕ ਟਿਕਟ ਦੇਣ ਦਾ ਐਲਾਨ ਜੋ ਕੀਤਾ ਹੈ, ਉਸ ਨਾਲ ਹੁਣ ਅਕਾਲੀ ਦਲ ਦੇ ਨੇਤਾਵਾਂ ਵਿਚ ਇਹ ਚਰਚਾ ਹੈ ਕਿ 2024 ਦੀਆਂ ਲੋਕ ਸਭਾ ਚੋਣਾਂ ਵਿਚ ਸੁਖਬੀਰ ਬਾਦਲ ਖੁਦ ਹੀ ਚੋਣ ਲੜਨਗੇ ਜਾਂ ਉਨ੍ਹਾਂ ਦੀ ਪਤਨੀ। ਉਸ ਵੇਲੇ ਲੋਕ ਸਭਾ ਦਾ ਕਿਹੜਾ ਹਲਕਾ ਹੋਵੇਗਾ, ਉਸ ਬਾਰੇ ਸੂਤਰਾਂ ਅਤੇ ਪਾਰਟੀ ਖੇਮੇ ਵਿਚ ਚਰਚਾ ਹੈ ਕਿ ਸ਼੍ਰੋਮਣੀ ਅਕਾਲੀ ਦਲ ਆਪਣੇ ਪੱਧਰ ’ਤੇ ਜੋ ਸਰਵੇ ਕਰਵਾ ਰਿਹਾ ਹੈ, ਜਿੱਥੋਂ ਉਹ ਸ਼ਾਨ ਨਾਲ ਜਿੱਤ ਸਕਣ, ਜਿਹੜੇ ਹਲਕਿਆਂ ਵਿਚ ਪਾਰਟੀ ਅੰਦਰਖਾਤੇ ਸਰਵੇ ਕਰਵਾਉਣ ਦੀ ਚਰਚਾ ਹੈ, ਉਨ੍ਹਾਂ ਵਿਚ ਇਕ ਤਾਂ ਮੌਜੂਦਾ ਲੋਕ ਸਭਾ ਫਿਰੋਜ਼ਪੁਰ ਤੋਂ, ਦੂਜਾ ਬਠਿੰਡਾ, ਤੀਜਾ ਲੁਧਿਆਣਾ ਦੱਸਿਆ ਜਾ ਰਿਹਾ ਹੈ।

ਪੰਜਾਬ ਸਰਕਾਰ ਗੋਇੰਦਵਾਲ ਥਰਮਲ ਦੀ ਖ਼ਰੀਦ ਨੂੰ ਲੈ ਕੇ ਹੁਣ ਦੁਚਿੱਤੀ ’ਚ

- **ਪੰਜਾਬ ਕੈਬਨਿਟ ਨੇ ਪ੍ਰਕਿਰਿਆ ’ਚ ਸਿਰਫ ਹਿੱਸਾ ਲੈਣ ਦੀ ਦਿੱਤੀ ਪ੍ਰਵਾਨਗੀ**
- **ਵਿੱਤੋਂ ਬਾਹਰ ਹੋ ਕੇ ਖ਼ਰੀਦਣ ਦੇ ਰੌਂਅ ’ਚ ਨਹੀਂ ਸਰਕਾਰ**

ਚੰਡੀਗੜ੍ਹ, (ਪੰਜਾਬ ਮੇਲ)- ਪੰਜਾਬ ਕੈਬਨਿਟ ਨੇ ਪ੍ਰਾਈਵੇਟ ਸੈਕਟਰ ਦੇ ਜੀ.ਵੀ.ਕੇ. ਗੋਇੰਦਵਾਲ ਤਾਪ ਬਿਜਲੀ ਘਰ ਦੀ ਖ਼ਰੀਦ ਪ੍ਰਕਿਰਿਆ ਵਿਚ ਸਿਰਫ਼ ਹਿੱਸਾ ਲੈਣ ਨੂੰ ਪ੍ਰਵਾਨਗੀ ਦਿੱਤੀ ਹੈ। ਮਾਨਸਾ ’ਚ ਪੰਜਾਬ ਵਜ਼ਾਰਤ ਦੀ ਹੋਈ ਮੀਟਿੰਗ ਵਿਚ ਇਹ ਫ਼ੈਸਲਾ ਕੀਤਾ ਗਿਆ ਹੈ। ਪੰਜਾਬ ਸਰਕਾਰ ਇਸ ਪ੍ਰਾਈਵੇਟ ਥਰਮਲ ਦੀ ਖ਼ਰੀਦ ਨੂੰ ਲੈ ਕੇ ਹੁਣ ਦੁਚਿੱਤੀ ’ਚ ਜਾਪਦੀ ਹੈ। ਪੰਜਾਬ ਸਰਕਾਰ ਸਿਰਫ਼ ਉਦੋਂ ਹੀ ਖ਼ਰੀਦ ਲਈ ਕਦਮ ਅੱਗੇ ਵਧਾਏਗੀ, ਜੇਕਰ ਖ਼ਰੀਦ ਮੁੱਲ ਪੰਜਾਬ ਲਈ ਢੁੱਕਵਾਂ ਹੋਵੇਗਾ। ਸੂਬਾਈ ਸਰਕਾਰ ਪ੍ਰਾਈਵੇਟ ਥਰਮਲ ਦੀ ਖ਼ਰੀਦ ਨੂੰ ਲੈ ਕੇ ਪੈਰ ਪਿਛਾਂਹ ਖਿੱਚਣ ਦੇ ਰੌਂਅ ਵਿਚ ਹੈ।

ਸੂਤਰਾਂ ਅਨੁਸਾਰ ਗੋਇੰਦਵਾਲ ਥਰਮਲ ਪਲਾਂਟ ਨੂੰ ਖ਼ਰੀਦਣ ਲਈ 15 ਜੂਨ ਤੋਂ ਪਹਿਲਾਂ ਵਿੱਤੀ ਬਿੱਡ ਤਾਂ ਪਾਵੇਗੀ ਪ੍ਰੰਤੂ ਸਰਕਾਰ ਹੁਣ ਇਸ ਥਰਮਲ ਨੂੰ ਵਿੱਤੋਂ ਬਾਹਰ ਹੋ ਕੇ ਖ਼ਰੀਦਣ ਦੇ ਰੌਂਅ ਵਿਚ ਨਹੀਂ ਹੈ। ਇਸ ਤੋਂ ਪਹਿਲਾਂ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਵਿਚ ਬਣੀ ਕੈਬਨਿਟ ਸਬ ਕਮੇਟੀ ਨੇ ਇਸ ਪ੍ਰਾਈਵੇਟ ਥਰਮਲ ਨੂੰ ਖ਼ਰੀਦਣ ਦੀਆਂ ਸੰਭਾਵਨਾਵਾਂ ਤਲਾਸ਼ੀਆਂ ਸਨ। ਸੂਤਰਾਂ ਅਨੁਸਾਰ ਮੁੱਖ ਮੰਤਰੀ ਭਗਵੰਤ ਮਾਨ ਨੇ ਕੈਬਨਿਟ ਮੀਟਿੰਗ ਵਿਚ ਗੋਇੰਦਵਾਲ ਥਰਮਲ ਪਲਾਂਟ ਦੀ ਖ਼ਰੀਦ ਬਾਰੇ ਸਪੱਸ਼ਟ ਆਖ ਦਿੱਤਾ ਹੈ ਕਿ ਜੇ ਢੁਕਵੇਂ ਮੁੱਲ ’ਤੇ ਥਰਮਲ ਮਿਲੇਗਾ ਤਾਂ ਹੀ ਖ਼ਰੀਦ ਲਈ ਕਦਮ ਅੱਗੇ ਵਧਾਏ ਜਾਣਗੇ। ਕੈਬਨਿਟ ਨੇ ਸਿਰਫ਼ ਖ਼ਰੀਦ ਪ੍ਰਕਿਰਿਆ ਵਿਚ ਸ਼ਾਮਲ ਹੋਣ ਦੀ ਹਾਮੀ ਭਰੀ ਹੈ।

ਸੂਤਰ ਆਖਦੇ ਹਨ ਕਿ ਪੰਜਾਬ ਸਰਕਾਰ ਆਪਣੀ ਸ਼ਰਤ ’ਤੇ ਹੀ ਤਾਪ ਬਿਜਲੀ ਘਰ ਨੂੰ ਖ਼ਰੀਦਣਾ ਚਾਹੁੰਦੀ ਹੈ, ਜਿਸ ਬਾਰੇ ਪਾਵਰਕੌਮ ਨੂੰ ਹਦਾਇਤਾਂ ਜਾਰੀ ਕਰ ਦਿੱਤੀਆਂ ਹਨ। ਇਸ ਪ੍ਰਾਈਵੇਟ ਥਰਮਲ ਨੂੰ ਖ਼ਰੀਦਣ ਲਈ ਕੈਬਨਿਟ ਸਬ ਕਮੇਟੀ ਦੀ 2 ਜੂਨ ਨੂੰ ਮੀਟਿੰਗ ਵੀ ਹੋਈ ਸੀ, ਜਿਸ ਵਿਚ ਪ੍ਰਾਈਵੇਟ ਥਰਮਲ ਦੀ ਖ਼ਰੀਦ ਵਿਚਲੇ ਸਭ ਘਾਟੇ-ਵਾਧੇ ਨਜ਼ਰ ’ਚ ਰੱਖ ਕੇ ਚਰਚਾ ਕੀਤੀ ਗਈ। ਦੱਸਣਯੋਗ ਹੈ ਕਿ ਗੋਇੰਦਵਾਲ ਥਰਮਲ ਪਲਾਂਟ ਨੂੰ ਖ਼ਰੀਦਣ ਵਿਚ ਕਰੀਬ ਇੱਕ ਦਰਜਨ ਕੰਪਨੀਆਂ ਨੇ ਰੁਚੀ ਦਿਖਾਈ ਹੈ, ਜਿਸ ਵਿਚ ਅਡਾਨੀ ਪਾਵਰ, ਵੇਦਾਂਤਾ ਗਰੁੱਪ ਅਤੇ ਜਿੰਦਲ ਪਾਵਰ ਵੀ ਸ਼ਾਮਲ ਹੈ। ਇਸ ਥਰਮਲ ਤੋਂ ਸਰਕਾਰ ਨੂੰ ਬਿਜਲੀ ਮਹਿੰਗੀ ਪੈ ਰਹੀ ਹੈ ਅਤੇ ਇਸ ਥਰਮਲ ਨੂੰ ਚਲਾਉਣ ਵਾਲੀ ਕੰਪਨੀ ਦਾ ਦੀਵਾਲ਼ਾ ਨਿਕਲ ਚੁੱਕਾ ਹੈ। ਐਕਸਿਸ ਬੈਂਕ ਨੇ ਜੀ.ਵੀ.ਕੇ. ਗਰੁੱਪ ਦੀ ਵਿੱਤੀ ਮੰਦਹਾਲੀ ਸਬੰਧੀ ਅਕਤੂਬਰ 2022 ਵਿਚ ‘ਨੈਸ਼ਨਲ ਕੰਪਨੀ ਲਾਅ ਟ੍ਰਿਬਿਊਨਲ’ ਦੇ ਹੈਦਰਾਬਾਦ ਬੈਂਚ ਕੋਲ ਪਟੀਸ਼ਨ ਦਾਇਰ ਕੀਤੀ ਸੀ ਅਤੇ ਇਸੇ ਤਰ੍ਹਾਂ ਕਰੀਬ ਦਰਜਨ ਵਿੱਤੀ ਸੰਸਥਾਵਾਂ ਨੇ ਇਸ ਦੇ ਖ਼ਿਲਾਫ਼ 6584 ਕਰੋੜ ਦੇ ਦਾਅਵੇ ਦਾਇਰ ਕੀਤੇ ਹੋਏ ਹਨ।

ਰੋਜ਼ਵਿਲ ਏਰੀਏ ’ਚ ਖੁੱਲ੍ਹ ਗਿਆ ਹੈ ਪੰਜਾਬੀਆਂ ਦਾ ਆਪਣਾ ਇੰਡੀਅਨ ਗਰੋਸਰੀ ਸਟੋਰ

BHARAT
SPICE BAZAR
1402 Blue Oaks Blvd, Suite# 150,
Roseville, CA 95747

ਭਾਰਤ ਸਪਾਈਸ ਬਜ਼ਾਰ
ਰੋਜ਼ਵਿਲ

ਤੁਸੀਂ ਇਥੋਂ ਹਰ ਤਰ੍ਹਾਂ ਦੀ ਭਾਰਤੀ ਗਰੋਸਰੀ ਦਾ ਸਾਮਾਨ,
ਤਾਜ਼ੀਆਂ ਸਬਜ਼ੀਆਂ, ਆਟਾ, ਚਾਵਲ, ਦਾਲਾਂ,
ਮਸਾਲੇ ਆਦਿ ਵਾਜ਼ਿਬ ਦਾਮਾਂ ’ਤੇ ਖਰੀਦ ਸਕਦੇ ਹੋ।

Follow us on

(916) 886-9089, Fax. (916) 692-2558
CONTACT@BHARATSPICEBAZAR.COM | WWW.BHARATSPICEBAZAR.COM

Designed By Punjab Mail USA

ਪੰਜਾਬ ਸਰਕਾਰ ਵੱਲੋਂ ਵਿਦੇਸ਼ਾਂ 'ਚ ਔਰਤਾਂ ਦਾ ਸ਼ੋਸ਼ਣ ਰੋਕਣ ਲਈ ਵੱਡੀ ਪਹਿਲਕਦਮੀ

TRAVEL AGENT
fraud

ਚੰਡੀਗੜ੍ਹ/ਜਲੰਧਰ (ਪੰਜਾਬ ਮੇਲ)- ਪੰਜਾਬ ਸਰਕਾਰ ਵੱਲੋਂ ਵਿਦੇਸ਼ਾਂ 'ਚ ਬਿਹਤਰ ਜ਼ਿੰਦਗੀ ਦੀ ਦੌੜ ਵਿਚ ਸੂਬੇ ਦੀਆਂ ਔਰਤਾਂ ਦੇ ਸ਼ੋਸ਼ਣ ਨੂੰ ਰੋਕਣ ਸਬੰਧੀ ਨੀਤੀ ਨਿਰਮਾਣ ਵਾਸਤੇ ਆਪਣੀ ਤਰ੍ਹਾਂ ਦੀ ਪਹਿਲੀ ਵਿਚਾਰ-ਚਰਚਾ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਦੀ ਮੰਤਰੀ ਡਾ. ਬਲਜੀਤ ਕੌਰ ਦੀ ਅਗਵਾਈ ਹੇਠ ਜਲੰਧਰ ਵਿਖੇ ਹੋਈ। ਜਲੰਧਰ ਦੇ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਹੋਈ ਵਿਚਾਰ-ਚਰਚਾ ਦੌਰਾਨ ਸਥਾਨਕ ਸਰਕਾਰਾਂ ਬਾਰੇ ਮੰਤਰੀ ਬਲਕਾਰ ਸਿੰਘ, ਵਿਧਾਇਕਾ ਇੰਦਰਜੀਤ ਕੌਰ ਮਾਨ, ਡਿਪਟੀ ਕਮਿਸ਼ਨਰ ਦੀਪ ਸ਼ਿਖਾ ਸ਼ਰਮਾ, ਪੰਜਾਬ ਕੰਟੇਨਰ ਤੇ ਵੇਅਰ ਹਾਊਸ ਕਾਰਪੋਰੇਸ਼ਨ ਦੇ ਚੇਅਰਮੈਨ ਰਾਜਵਿੰਦਰ ਕੌਰ ਥਿਆੜਾ ਤੇ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ 'ਚੋਂ ਵੱਡੀ ਗਿਣਤੀ ਵਿਚ ਔਰਤਾਂ ਨੇ ਸ਼ਿਰਕਤ ਕਰਕੇ ਉਨ੍ਹਾਂ ਨਾਲ ਹੋਏ ਦੁਖਾਂਤ ਬਾਰੇ ਕੈਬਨਿਟ ਮੰਤਰੀ ਨੂੰ ਜਾਣੂੰ ਕਰਵਾਇਆ। ਕੈਬਨਿਟ ਮੰਤਰੀ ਨੇ ਉਨ੍ਹਾਂ ਦਾ ਦੁੱਖ ਵੰਡਾਇਆ ਤੇ ਯਕੀਨ ਦਿਵਾਇਆ ਕਿ ਭਵਿੱਖ 'ਚ ਅਜਿਹੀਆਂ ਧੋਖਾਧੜੀਆਂ ਨੂੰ ਰੋਕਣ ਲਈ ਪੰਜਾਬ ਸਰਕਾਰ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਯਤਨਸ਼ੀਲ ਹੈ। ਵਿਚਾਰ ਚਰਚਾ ਦੌਰਾਨ ਕੁਝ ਔਰਤਾਂ ਵੱਲੋਂ ਦੱਸਿਆ ਗਿਆ ਕਿ ਏਜੰਟਾਂ ਵੱਲੋਂ ਉਨ੍ਹਾਂ ਨੂੰ ਨੌਕਰੀ ਦਾ ਝਾਂਸਾ ਦੇ ਕੇ ਖੁਸ਼ਹਾਲ ਜ਼ਿੰਦਗੀ ਦੇ ਸੁਫ਼ਨਾ ਦਿਖਾ ਤੇ ਬਾਹਰਲੇ ਦੇਸ਼ 'ਚ ਭੇਜ ਦਿੱਤਾ ਗਿਆ, ਜਿਥੇ ਉਨ੍ਹਾਂ ਨੂੰ ਕਈ ਤਰ੍ਹਾਂ ਦੇ ਸ਼ੋਸ਼ਣ ਦਾ ਸ਼ਿਕਾਰ ਹੋਣਾ ਪਿਆ। ਕੈਬਨਿਟ ਮੰਤਰੀ ਡਾ. ਬਲਜੀਤ ਕੌਰ ਨੇ ਕਿਹਾ ਕਿ ਪੰਜਾਬ ਦੀਆਂ ਔਰਤਾਂ ਨਾਲ ਹੋ ਰਹੀਆਂ ਅਜਿਹੀਆਂ ਮੰਦਭਾਗੀ ਸ਼ੋਸ਼ਣ ਵਾਲਿਆਂ ਘਟਨਾਵਾਂ ਅਤੇ ਮਾੜੇ ਵਤੀਰੇ ਨੂੰ ਸੂਬਾ ਸਰਕਾਰ ਵੱਲੋਂ ਕਿਸੇ ਵੀ ਕੀਮਤ 'ਤੇ ਸਹਿਣ ਨਹੀਂ ਕੀਤਾ ਜਾਵੇਗਾ ਤੇ ਇਸ ਨੂੰ ਰੋਕਣ ਲਈ ਸਖ਼ਤ ਕਾਨੂੰਨੀ ਤਰਮੀਮਾਂ ਵੀ ਕੀਤੀਆਂ ਜਾਣਗੀਆਂ।

ਉਨ੍ਹਾਂ ਕਿਹਾ ਕਿ ਵਿਚਾਰ-ਵਟਾਂਦਰੇ ਦੌਰਾਨ ਸਭ ਤੋਂ ਵੱਡੀ ਸਮੱਸਿਆ ਏਜੰਟਾਂ ਰਾਹੀਂ ਕੀਤੀ ਜਾਂਦੀ ਧੋਖਾਧੜੀ ਦੀ ਸਾਹਮਣੇ ਆਈ ਹੈ, ਜਿਸ ਨੂੰ ਪੰਜਾਬ ਸਰਕਾਰ ਵੱਲੋਂ ਅਣਅਧਿਕਾਰਤ ਏਜੰਟਾਂ ਨੂੰ ਨੱਥ ਪਾ ਕੇ ਦੂਰ ਕੀਤਾ ਜਾਵੇਗਾ । ਉਨ੍ਹਾਂ ਔਰਤਾਂ ਦੇ ਸਸ਼ਕਤੀਕਰਨ ਦੀ ਗੱਲ 'ਤੇ ਖ਼ਾਸ ਜ਼ੋਰ ਦਿੰਦਿਆਂ ਕਿਹਾ ਕਿ ਪੰਜਾਬ ਅੰਦਰ ਚੱਲ ਰਹੇ 'ਸਖੀ ਵਨ ਸਟਾਪ ਸੈਂਟਰ' ਸਕੀਮ ਰਾਹੀਂ ਔਰਤਾਂ ਨੂੰ ਵੱਧ ਤੋਂ ਵੱਧ ਲਾਭ ਪਹੁੰਚਾਉਣ ਲਈ ਯਤਨ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਪੰਜਾਬ ਦੇ ਜਿਹੜੇ ਜ਼ਿਲ੍ਹਿਆਂ 'ਚ 'ਸਖੀ ਵਨ ਸਟਾਪ ਸੈਂਟਰ' ਖੁੱਲ੍ਹ ਚੁੱਕੇ ਹਨ, ਉੱਥੇ ਸ਼ੋਸ਼ਣ ਜਾਂ ਹਿੰਸਾ ਪੀੜਤ ਔਰਤਾਂ 'ਸਖੀ ਵਨ ਸਟਾਪ ਸੈਂਟਰ' ਨਾਲ ਸੰਪਰਕ ਕਰਕੇ ਤੁਰੰਤ ਮੁਫ਼ਤ ਸਹਾਇਤਾ ਲੈ ਸਕਦੀਆਂ ਹਨ। ਕੈਬਨਿਟ ਮੰਤਰੀ ਨੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਔਰਤਾਂ ਦੀ ਭਲਾਈ ਅਤੇ ਸੁਰੱਖਿਆ ਲਈ ਵਚਨਬੱਧ ਹੈ, ਇਸ ਮੰਤਵ ਲਈ ਸਮਾਜਿਕ ਸੁਰੱਖਿਆ ਇਸਤਰੀ ਅਤੇ ਬਾਲ ਵਿਕਾਸ ਵਿਭਾਗ ਅਧੀਨ ਵੱਖ-ਵੱਖ ਸਕੀਮਾਂ ਲਾਗੂ ਕੀਤੀਆਂ ਜਾ ਰਹੀਆਂ ਹਨ ਅਤੇ ਹੋਰ ਨਵੀਆਂ ਸਕੀਮਾਂ ਲਾਗੂ ਕਰਨ ਲਈ ਵਿਉਂਤਬੰਦੀ ਕੀਤੀ ਜਾ ਰਹੀ ਹੈ।

ਕਈ ਦੇਸ਼ਾਂ ਦੀਆਂ ਯੂਨੀਵਰਸਿਟੀਆਂ ਵਿਦਿਆਰਥੀਆਂ ਦੇ ਜਾਅਲੀ ਦਸਤਾਵੇਜ਼ਾਂ ਨੂੰ ਲੈ ਕੇ ਹੋਈਆਂ ਚੌਕਸ

- **ਯੂਨੀਵਰਸਿਟੀਆਂ ਨੇ ਜਾਂਚ ਦਾ ਦਾਇਰਾ ਵਧਾਇਆ; ਵਿਦਿਆਰਥੀਆਂ ਦੇ ਵੀਜ਼ਾ ਰੱਦ ਹੋਣ ਦੇ ਮਾਮਲੇ ਵਧੇ**

ਜਲੰਧਰ, (ਪੰਜਾਬ ਮੇਲ)- ਕੈਨੇਡਾ 'ਚ 700 ਵਿਦਿਆਰਥੀਆਂ ਨੂੰ ਡਿਪੋਰਟ ਕਰਨ ਦੀ ਚੱਲ ਰਹੀ ਜਾਂਚ ਤੋਂ ਬਾਅਦ ਹੁਣ ਹੋਰ ਦੇਸ਼ ਵੀ ਯੂਨੀਵਰਸਿਟੀਆਂ 'ਚ ਵਿਦਿਆਰਥੀਆਂ ਦੇ ਜਾਅਲੀ ਦਸਤਾਵੇਜ਼ਾਂ ਨੂੰ ਲੈ ਕੇ ਚੌਕਸ ਹੋ ਗਏ ਹਨ, ਜਿਸ ਕਾਰਨ ਵਿਦਿਆਰਥੀਆਂ ਦਾ ਵੀਜ਼ਾ ਰੱਦ ਹੋਣ ਦੇ ਮਾਮਲੇ ਵੀ ਵੱਧ ਗਏ ਹਨ। ਸਿੱਖਿਆ ਸਲਾਹਕਾਰਾਂ ਨੇ ਵੀ ਵਿਦੇਸ਼ਾਂ ਵਿਚ ਪੜ੍ਹਾਈ ਕਰਨ ਦੇ ਚਾਹਵਾਨ ਵਿਦਿਆਰਥੀਆਂ ਨੂੰ ਜਾਅਲੀ ਦਸਤਾਵੇਜ਼ਾਂ ਦਾ ਸਹਾਰਾ ਨਾ ਲੈਣ ਦੀ ਸਲਾਹ ਦਿੱਤੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਹੁਣ ਜਰਮਨੀ, ਆਸਟ੍ਰੇਲੀਆ ਅਤੇ ਕੈਨੇਡਾ ਵਿਚ ਵਿਦੇਸ਼ਾਂ ਤੋਂ ਆਉਣ ਵਾਲੇ ਵਿਦਿਆਰਥੀਆਂ ਦੇ ਦਸਤਾਵੇਜ਼ਾਂ ਦੀ ਚੈਕਿੰਗ ਵਧਾ ਦਿੱਤੀ ਗਈ ਹੈ ਅਤੇ ਕਰਾਸ ਚੈਕਿੰਗ ਲਈ ਉਮੀਦਵਾਰਾਂ ਦੇ ਵਿਦਿਅਕ ਅਦਾਰਿਆਂ ਨਾਲ ਸੰਪਰਕ ਕੀਤਾ ਜਾ ਰਿਹਾ ਹੈ। ਸਰਕਾਰੀ ਕਾਲਜਾਂ ਵਿਚ ਫੀਸਾਂ ਘੱਟ ਹੋਣ ਕਾਰਨ ਅਰਜ਼ੀਆਂ ਦੀ ਗਿਣਤੀ ਜ਼ਿਆਦਾ ਹੈ ਪਰ ਹੁਣ ਪ੍ਰਾਈਵੇਟ ਯੂਨੀਵਰਸਿਟੀਆਂ ਵੀ ਵਧੇਰੇ ਸਾਵਧਾਨੀ ਵਰਤ ਰਹੀਆਂ ਹਨ। ਮੀਡੀਆ ਰਿਪੋਰਟਾਂ ਦੇ ਅਨੁਸਾਰ ਮਾਰਚ 'ਚ ਕੈਨੇਡੀਅਨ ਅਧਿਕਾਰੀ 700 ਵਿਦਿਆਰਥੀਆਂ ਨੂੰ ਡਿਪੋਰਟ ਕਰਨ ਦੀ ਤਿਆਰੀ ਕਰ ਰਹੇ ਸਨ, ਜਿਨ੍ਹਾਂ ਨੇ ਵੀਜ਼ਾ ਸੁਰੱਖਿਅਤ ਕਰਨ ਲਈ ਯੂਨੀਵਰਸਿਟੀਆਂ ਦੇ ਜਾਅਲੀ ਦਾਖਲਾ ਪੇਸ਼ਕਸ਼ ਪੱਤਰਾਂ ਦੀ ਵਰਤੋਂ ਕੀਤੀ ਸੀ। ਸਲਾਹਕਾਰਾਂ ਨੇ ਕਿਹਾ ਕਿ ਜਾਅਲੀ ਦਸਤਾਵੇਜ਼ ਪ੍ਰਾਈਵੇਟ ਯੂਨੀਵਰਸਿਟੀਆਂ ਦੀ ਸਾਖ ਨੂੰ ਖਰਾਬ ਕਰਦੇ ਹਨ, ਸਰਕਾਰਾਂ ਨੂੰ ਯੂਨੀਵਰਸਿਟੀਆਂ ਦੀ ਜਾਂਚ ਵਧਾਉਣ ਦਾ ਦਾਇਰਾ ਵਧਾ ਦਿੰਦੇ ਹਨ। ਜਿਸ ਕਾਰਨ ਹੁਣ ਭਾਰਤੀ ਵਿਦਿਆਰਥੀਆਂ ਨੂੰ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਫੈੱਡਰੇਸ਼ਨ ਯੂਨੀਵਰਸਿਟੀ ਨੇ ਅਗਲੀ ਸੂਚਨਾ ਤੱਕ ਪੰਜਾਬ, ਹਰਿਆਣਾ, ਜੰਮੂ ਅਤੇ ਕਸ਼ਮੀਰ, ਉੱਤਰਾਖੰਡ ਅਤੇ ਉੱਤਰ ਪ੍ਰਦੇਸ਼ ਤੋਂ ਵਿਦਿਆਰਥੀਆਂ ਦੀਆਂ ਅਰਜ਼ੀਆਂ ਦੀ ਪ੍ਰਕਿਰਿਆ 'ਤੇ ਰੋਕ ਲਗਾ ਦਿੱਤੀ ਹੈ, ਜਦਕਿ ਪੱਛਮੀ ਸਿਡਨੀ ਯੂਨੀਵਰਸਿਟੀ ਨੇ ਮਈ ਅਤੇ ਜੂਨ ਲਈ ਪੰਜਾਬ, ਹਰਿਆਣਾ ਅਤੇ ਗੁਜਰਾਤ ਤੋਂ ਭਰਤੀ 'ਤੇ ਰੋਕ ਲਗਾ ਦਿੱਤੀ ਹੈ। ਇਸ ਤੋਂ ਪਹਿਲਾਂ ਅਪ੍ਰੈਲ ਵਿਚ ਘੱਟੋ-ਘੱਟ ਚਾਰ ਹੋਰ ਯੂਨੀਵਰਸਿਟੀਆਂ ਵਿਕਟੋਰੀਆ, ਐਡਿਥ ਕੋਵਾਨ, ਟੋਰੇਨਸ ਅਤੇ ਦੱਖਣੀ ਕਰਾਸ ਨੇ ਚੋਣਵੇਂ ਭਾਰਤੀ ਖੇਤਰਾਂ ਤੋਂ ਦਾਖਲੇ 'ਤੇ ਰੋਕ ਲਗਾ ਦਿੱਤੀ ਸੀ।

ਕੈਨੇਡਾ 'ਚ ਭਾਰਤੀ ਵਿਦਿਆਰਥੀਆਂ ਨੂੰ ਦੇਸ਼ ਨਿਕਾਲੇ ਦੀ ਧਮਕੀ 'ਤੇ ਭਾਰਤ ਸਰਕਾਰ ਨੇ ਜਤਾਈ ਚਿੰਤਾ

ਟੋਰਾਂਟੋ, (ਪੰਜਾਬ ਮੇਲ)- ਭਾਰਤ ਨੇ ਕੈਨੇਡਾ ਵਿਚ ਦੇਸ਼ ਨਿਕਾਲੇ ਦਾ ਸਾਹਮਣਾ ਕਰ ਰਹੇ ਭਾਰਤੀ ਵਿਦਿਆਰਥੀਆਂ ਦਾ ਮੁੱਦਾ ਵਿਦੇਸ਼ ਮੰਤਰੀ ਐੱਸ. ਜੈਸ਼ੰਕਰ ਜ਼ਰੀਏ ਆਪਣੇ ਕੈਨੇਡੀਅਨ ਹਮਰੁਤਬਾ ਕੋਲ ਉਠਾਇਆ ਹੈ। ਸੂਤਰਾਂ ਨੇ ਦੱਸਿਆ ਕਿ ਕੈਨੇਡੀਅਨ ਅਧਿਕਾਰੀਆਂ ਨੂੰ ਵਾਰ-ਵਾਰ ਨਿਰਪੱਖ ਰਹਿਣ ਦੀ ਤਾਕੀਦ ਕੀਤੀ ਗਈ ਹੈ ਕਿਉਂਕਿ ਵਿਦਿਆਰਥੀਆਂ ਦੀ ਕੋਈ ਗ਼ਲਤੀ ਨਹੀਂ ਸੀ। ਸੂਤਰਾਂ ਨੇ ਅੱਗੇ ਕਿਹਾ ਕਿ ਕੈਨੇਡਾ 'ਚ ਕੁਝ ਭਾਰਤੀ ਵਿਦਿਆਰਥੀਆਂ ਨੂੰ ਕਥਿਤ ਤੌਰ 'ਤੇ ਜਾਅਲੀ ਦਾਖਲਾ ਪੱਤਰ ਜਮ੍ਹਾਂ ਕਰਾਉਣ ਲਈ ਦੇਸ਼ ਨਿਕਾਲੇ ਦੀ ਧਮਕੀ ਦਿੱਤੀ ਗਈ ਹੈ ਅਤੇ ਅਸਲ ਗਿਣਤੀ ਮੀਡੀਆ ਵਿਚ ਦੱਸੇ ਜਾ ਰਹੇ 700 ਤੋਂ ਬਹੁਤ ਘੱਟ ਹੈ।

ਸੂਤਰਾਂ ਨੇ ਕਿਹਾ ਕਿ ਕੁਝ ਵਿਦਿਆਰਥੀਆਂ ਨੂੰ ਹਾਲ ਹੀ ਵਿਚ ਉਨ੍ਹਾਂ ਦੇ ਦੇਸ਼ ਨਿਕਾਲੇ ਦੇ ਨੋਟਿਸਾਂ 'ਤੇ ਸਟੇਅ ਆਰਡਰ ਪ੍ਰਾਪਤ ਹੋਏ ਹਨ। ਉਨ੍ਹਾਂ ਨੇ ਕਿਹਾ ਕਿ ਇਹ ਸਵਾਗਤਯੋਗ ਹੈ ਕਿ ਭਾਰਤ ਸਰਕਾਰ ਦੇ ਨਿਰੰਤਰ ਯਤਨਾਂ ਨੇ ਕੈਨੇਡੀਅਨ ਸਰਕਾਰ ਨੂੰ ਇੱਕ ਮਨੁੱਖੀ ਪਹੁੰਚ ਅਪਣਾਉਣ ਅਤੇ ਵਿਦਿਆਰਥੀਆਂ ਦੇ ਦ੍ਰਿਸ਼ਟੀਕੋਣ ਨੂੰ ਬੋਰਡ ਵਿਚ ਸ਼ਾਮਲ ਕਰਨ ਵਿਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਸੂਤਰਾਂ ਨੇ ਦੱਸਿਆ ਕਿ ਇਨ੍ਹਾਂ ਵਿਚੋਂ ਜ਼ਿਆਦਾਤਰ ਵਿਦਿਆਰਥੀ 2017-2019 ਦੌਰਾਨ ਕੈਨੇਡਾ ਗਏ ਸਨ। ਆਪਣੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਉਨ੍ਹਾਂ ਵਿਚੋਂ ਕੁਝ ਨੇ ਵਰਕ ਪਰਮਿਟ ਪ੍ਰਾਪਤ ਕੀਤੇ, ਜਦੋਂ ਕਿ ਕੁਝ ਨੇ ਕੈਨੇਡਾ ਵਿਚ ਪੜ੍ਹਾਈ ਜਾਰੀ ਰੱਖੀ।

ਇੱਕ ਸੂਤਰ ਨੇ ਕਿਹਾ ਕਿ "ਭਾਰਤ ਇਹ ਮਾਮਲਾ ਕੈਨੇਡਾ ਅਤੇ ਨਵੀਂ ਦਿੱਲੀ ਵਿਚ ਕੈਨੇਡੀਅਨ ਅਧਿਕਾਰੀਆਂ ਕੋਲ ਉਠਾ ਰਿਹਾ ਹੈ। ਵਿਦੇਸ਼ ਮੰਤਰੀ ਨੇ ਆਪਣੇ ਕੈਨੇਡੀਅਨ ਹਮਰੁਤਬਾ ਨਾਲ ਵੀ ਮਾਮਲਾ ਉਠਾਇਆ। ਸਕੱਤਰ (ਪੂਰਬੀ), ਐੱਮ.ਈ.ਏ. ਨੇ ਇਸ ਸਾਲ ਅਪ੍ਰੈਲ ਵਿਚ ਆਪਣੀ ਕੈਨੇਡਾ ਫੇਰੀ ਦੌਰਾਨ ਇਸ ਮੁੱਦੇ ਨੂੰ ਉਠਾਇਆ। ਭਾਰਤੀ ਕੌਂਸਲੇਟ ਟੋਰਾਂਟੋ ਵਿਚ ਜਿੱਥੇ ਜ਼ਿਆਦਾਤਰ ਵਿਦਿਆਰਥੀ ਸਥਿਤ ਹਨ, ਉਨ੍ਹਾਂ ਵਿਚੋਂ ਬਹੁਤਿਆਂ ਨੂੰ ਮਿਲੇ ਹਨ। ਕੈਨੇਡੀਅਨ ਅਧਿਕਾਰੀਆਂ ਨੂੰ ਵਾਰ-ਵਾਰ ਨਿਰਪੱਖ ਹੋਣ ਅਤੇ ਮਾਨਵਤਾਵਾਦੀ ਪਹੁੰਚ ਅਪਣਾਉਣ ਲਈ ਕਿਹਾ ਗਿਆ ਸੀ ਕਿਉਂਕਿ ਵਿਦਿਆਰਥੀਆਂ ਦੀ ਕੋਈ ਗ਼ਲਤੀ ਨਹੀਂ ਸੀ। ਸੂਤਰਾਂ ਨੇ ਮੁਤਾਬਕ ਇਹ ਵੀ ਦੱਸਿਆ ਗਿਆ ਸੀ ਕਿ ਕੈਨੇਡੀਅਨ ਪ੍ਰਣਾਲੀ 'ਚ ਖਾਮੀਆਂ ਅਤੇ ਮਿਹਨਤ ਦੀ ਘਾਟ ਸੀ, ਜਿਸ ਕਾਰਨ ਵਿਦਿਆਰਥੀਆਂ ਨੂੰ ਵੀਜ਼ਾ ਦਿੱਤਾ ਗਿਆ ਅਤੇ ਕੈਨੇਡਾ ਵਿਚ ਦਾਖਲ ਹੋਣ ਦੀ ਇਜਾਜ਼ਤ ਵੀ ਦਿੱਤੀ ਗਈ।

L.A. MERCHANDISE
Whole Sale +Retail
ਯੂਬਾ ਸਿਟੀ ਦਾ ਸਭ ਤੋਂ ਵੱਡਾ ਗ੍ਰੋਸਰੀ ਸਟੋਰ
500 N. Palora Ave. Yuba City, CA 95991
Loose Fabrics, Groceries, Blankets, Vegetables
ਵਾਨ ਵਾਲਾ ਮੰਜਾ ਸੇਲ 'ਤੇ ਹੈ
ਜੈਂਟਸ ਕਮੀਜ਼ਾਂ ਅਤੇ ਲੇਡੀਜ਼ ਸੂਟ ਸੇਲ 'ਤੇ ਹਨ।
ਭਾਰਤੀ ਗ੍ਰੋਸਰੀ, ਕੱਪੜੇ, ਪੱਗਾਂ, ਰੁਮਾਲੇ, ਬਰਤਨ, ਤਾਜ਼ੀਆਂ ਸਬਜ਼ੀਆਂ, 220 ਅਤੇ 110 ਵੋਲਟ ਦਾ ਬਿਜਲੀ ਦਾ ਸਾਮਾਨ
ਹਰ ਤਰ੍ਹਾਂ ਦੀ ਦਾਲ ਸੇਲ 'ਤੇ ਹੈ।
Red Label Tea 900 Gm $ 3.99
Bio Bidet Elite 2 $ 39.99+Tax (Smart Lota)
ਇੱਥੇ ਤਾਜ਼ਾ ਸਬਜ਼ੀਆਂ ਹਰ ਰੋਜ਼ ਮਿਲਦੀਆਂ ਹਨ।
Toilet Water Pressure (Elite 2 Bio Bider)
A budget Friendly solution for your desire to feel exceptionally clean and reduce toilet paper waste
only $ 41.99+Tax
ਇੰਡੀਆ ਤੋਂ Mattress ਸਸਤੇ ਰੇਟ 'ਤੇ ਪਹੁੰਚ ਚੁੱਕੀ ਹੈ।
Hardev Singh Visla Baksho Kaur Visla
530-671-0439, Fax-530-822-0439
cell- 530-844-3250.
ਗੋਲਡਨ ਆਟਾ ਨਾਲ 400 ਗ੍ਰਾਮ ਸੂਜੀ ਪੈਕਟ ਮੁਫ਼ਤ
» ਹਰ ਤਰ੍ਹਾਂ ਦੇ ਜੋੜਾਂ, ਮਾਸਪੇਸ਼ੀਆਂ ਦੇ ਦਰਦਾਂ ਦੀ ਦਵਾਈ ਸਾਡੇ ਕੋਲੋਂ ਮਿਲਦੀ ਹੈ।
» ਤੁਹਾਡੇ ਝੜਦੇ ਵਾਲਾਂ ਦੇ ਇਲਾਜ ਲਈ ਸਾਡੇ ਕੋਲ ਹਰਬਲ ਹੇਅਰ ਤੇਲ ਉਪਲਬਧ ਹੈ।
» ਸ਼ੂਗਰ ਦੇ ਮਰੀਜ਼ਾਂ ਲਈ ਕਰੇਲੇ ਦਾ ਜੂਸ ਇਥੋਂ ਖਰੀਦੋ।
ਪੱਗਾਂ
ਹਰ ਤਰ੍ਹਾਂ ਦੀਆਂ ਪੱਗਾਂ ਪਹਿਲਾਂ 3 ਡਾਲਰ ਪ੍ਰਤੀ ਗਜ਼ ਦੀ ਜਗ੍ਹਾ ਹੁਣ 1.79 ਡਾਲਰ ਪ੍ਰਤੀ ਗਜ਼ ਖਰੀਦੋ
ਲਾਈਨਿੰਗ
ਸੂਟਾਂ ਦੀ ਲਾਈਨਿੰਗ ਪਹਿਲਾਂ 4.50 ਡਾਲਰ ਪ੍ਰਤੀ ਗਜ਼ ਵਾਲੀ ਹੁਣ 1.79 ਡਾਲਰ ਪ੍ਰਤੀ ਗਜ਼ ਦੀ ਖਰੀਦੋ
ਸੂਟ
ਹਰ ਤਰ੍ਹਾਂ ਦਾ ਸੂਟ 20 ਡਾਲਰ ਵਿੱਚ ਖਰੀਦੋ
buy 5 get one free

HOTHI FREIGHTLINES
HOTHI FREIGHTLINES
HOTHI FREIGHTLINES
Your Job Search Ends With Us!
Come and Join Our Team!
✓ $2500 salary per week (depending on experience)
✓ Sign On and Referral Bonuses
✓ Contracted Freight and Brand New Equipment
✓ Average salary of our drivers is $10,000/month
- Class A License
- 6-Months continuous experience
- 1 year of driving experience
- 23 years of age or older
- 3 years MVR is verified
- 6 months of reefer experience
- No slip seating
Gary Hothi • (408) 332-9355 • Gary@hflfreight.com

ਕੋਹਿਨੂਰ ਹੀਰਾ ਵਾਪਸ ਲਿਆਉਣ ਦਾ ਮਾਮਲਾ ਸਰਕਾਰ ਦੇ ਵਿਚਾਰਅਧੀਨ

■ ਸੰਸਦੀ ਕਮੇਟੀ ਨੂੰ ਸੌਂਪੀ ਗਈ ਰਿਪੋਰਟ ਮੁਤਾਬਕ ਬੇਸ਼ਕੀਮਤੀ ਹੀਰਾ ਵਾਪਸ ਲਿਆਉਣ 'ਚ ਕੋਈ ਅੜਿੱਕਾ ਨਹੀਂ

ਨਵੀਂ ਦਿੱਲੀ, (ਪੰਜਾਬ ਮੇਲ)- ਕੋਹਿਨੂਰ ਹੀਰੇ ਨੂੰ ਭਾਰਤ ਵਾਪਸ ਲਿਆਉਣ ਦਾ ਮਾਮਲਾ 'ਸਰਕਾਰ ਦੇ ਵਿਚਾਰਅਧੀਨ ਹੈ।' ਦੱਸਣਯੋਗ ਹੈ ਕਿ ਕੁਝ ਦਿਨ ਪਹਿਲਾਂ ਸੰਸਦੀ ਕਮੇਟੀ ਕੋਲ ਇਕ ਰਿਪੋਰਟ ਰੱਖੀ ਗਈ ਸੀ, ਜਿਸ ਵਿਚ ਕਿਹਾ ਗਿਆ ਹੈ ਕਿ ਆਜ਼ਾਦੀ ਤੋਂ ਪਹਿਲਾਂ ਬਰਤਾਨਵੀ ਸਾਮਰਾਜ ਵੱਲੋਂ ਲੈ ਲਿਆ ਗਿਆ ਕੋਹਿਨੂਰ ਹੀਰਾ ਅਤੇ ਹੋਰ ਕੀਮਤੀ ਵਸਤਾਂ ਵਾਪਸ ਮੰਗਣ ਤੋਂ ਭਾਰਤ ਨੂੰ ਕੋਈ ਵੀ ਨਹੀਂ ਰੋਕ ਸਕਦਾ। ਸਭਿਆਚਾਰ ਬਾਰੇ ਕੇਂਦਰੀ ਰਾਜ ਮੰਤਰੀ ਮੇਘਵਾਲ ਨੇ ਕੋਹਿਨੂਰ ਬਾਰੇ ਪੁੱਛੇ ਇਕ ਸਵਾਲ ਦੇ ਜਵਾਬ ਵਿਚ ਕਿਹਾ ਕਿ ਇਹ ਮਾਮਲਾ ਵਿਚਾਰ ਅਧੀਨ ਹੈ। ਉਨ੍ਹਾਂ ਕਿਹਾ ਕਿ 2014 ਤੋਂ ਪਹਿਲਾਂ ਸਿਰਫ਼ 13 ਚੋਰੀ ਕੀਤੀਆਂ ਗਈਆਂ ਵਸਤਾਂ ਮੋੜੀਆਂ ਗਈਆਂ ਹਨ। ਜਦਕਿ 2014 ਤੋਂ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਕਾਰਜਕਾਲ ਦੌਰਾਨ 231 ਚੋਰੀ ਕੀਤੀਆਂ ਪੁਰਾਤਨ ਵਸਤਾਂ ਵਾਪਸ ਲਿਆਂਦੀਆਂ ਗਈਆਂ ਹਨ। ਮੇਘਵਾਲ ਨੇ ਕਿਹਾ ਕਿ ਸਰਕਾਰ ਨੇ ਸੰਸਦੀ ਕਮੇਟੀ ਦੀ ਰਿਪੋਰਟ ਪੜ੍ਹ ਲਈ ਹੈ ਤੇ ਕੋਹਿਨੂਰ ਬਾਰੇ ਵਿਚਾਰ ਹੋ ਰਿਹਾ ਹੈ। ਦੱਸਣਯੋਗ ਹੈ ਕਿ ਟਰਾਂਸਪੋਰਟ, ਸੈਰ-ਸਪਾਟਾ ਤੇ ਸੱਭਿਆਚਾਰ ਬਾਰੇ ਸੰਸਦ ਦੀ ਸਥਾਈ ਕਮੇਟੀ ਨੇ ਚੋਰੀ ਹੋਈਆਂ ਵਿਰਾਸਤੀ ਚੀਜ਼ਾਂ ਬਾਰੇ ਆਪਣੀ ਰਿਪੋਰਟ ਵਿਚ ਸਰਕਾਰ ਨੂੰ ਬੇਨਤੀ ਕੀਤੀ ਸੀ ਕਿ ਕੋਹਿਨੂਰ ਨੂੰ ਵਾਪਸ ਲਿਆਉਣ ਲਈ ਹੋਰ ਕੰਮ ਕਰਨ ਦੀ ਲੋੜ ਹੈ। ਜ਼ਿਕਰਯੋਗ ਹੈ ਕਿ 105.6 ਕੈਰੇਟ ਦਾ ਕੋਹਿਨੂਰ ਦੁਨੀਆਂ ਦੇ ਸਭ ਤੋਂ ਵੱਡੇ ਆਕਾਰ ਦੇ ਕੱਟੇ ਹੋਏ ਹੀਰਿਆਂ 'ਚ ਸ਼ਾਮਲ ਹੈ। ਇਹ ਵਰਤਮਾਨ ਵਿਚ ਯੂ.ਕੇ. ਦੇ 'ਕਰਾਊਨ ਜਿਊਲਜ਼' ਦਾ ਹਿੱਸਾ ਹੈ, ਜਿਸ ਨੂੰ ਸ਼ਾਹੀ ਪਰਿਵਾਰ ਪਹਿਨਦਾ ਹੈ। ਵਾਈ.ਐੱਸ.ਆਰ. ਕਾਂਗਰਸ ਦੇ ਆਗੂ ਵਿਜੈਸਾਈ ਰੈੱਡੀ ਦੀ ਅਗਵਾਈ ਵਿਚ ਕਮੇਟੀ ਨੇ ਸਰਕਾਰ ਨੂੰ ਇਸ ਕੀਮਤੀ ਇਤਿਹਾਸਕ ਵਿਰਾਸਤ ਨੂੰ ਵਾਪਸ ਲਿਆਉਣ ਲਈ ਆਲਮੀ ਪੱਧਰ 'ਤੇ ਪ੍ਰਚੱਲਿਤ ਪ੍ਰਕਿਰਿਆ ਦਾ ਪਾਲਣ ਕਰਨ ਦਾ ਸੁਝਾਅ ਦਿੱਤਾ ਹੈ। ਕਮੇਟੀ ਦੇ ਸੂਤਰਾਂ ਮੁਤਾਬਕ ਕਾਨੂੰਨੀ ਮਾਮਲਿਆਂ ਬਾਰੇ ਵਿਭਾਗ ਦੇ ਕੇਂਦਰੀ ਸਕੱਤਰ ਨਿਤੇਨ ਚੰਦਰਾ ਨੇ ਕਮੇਟੀ ਨੂੰ ਜਾਣੂ ਕਰਾਇਆ ਸੀ ਕਿ 1970 ਦੇ ਇਕ ਯੂਨੈਸਕੋ ਸਮਝੌਤੇ ਤਹਿਤ ਕੋਹਿਨੂਰ ਨੂੰ ਵਾਪਸ ਭਾਰਤ ਲਿਆਉਣ ਦੀ ਕਾਰਵਾਈ ਵਿੱਢੀ ਜਾ ਸਕਦੀ ਹੈ।

ਟਰੂਡੋ ਨੂੰ ਝਟਕਾ: ਚੋਣਾਂ 'ਚ ਵਿਦੇਸ਼ੀ ਦਖਲ ਮਾਮਲੇ ਦੀ ਜਾਂਚ ਦੇ ਨਿਗਰਾਨ ਵੱਲੋਂ ਅਸਤੀਫ਼ਾ

ਵੈਨਕੂਵਰ, (ਪੰਜਾਬ ਮੇਲ)- ਕੈਨੇਡਾ ਦੀਆਂ ਪਿਛਲੀਆਂ ਸੰਸਦੀ ਚੋਣਾਂ 'ਚ ਵਿਦੇਸ਼ੀ ਦਖ਼ਲ ਮਾਮਲੇ ਦੀ ਜਾਂਚ ਕਮੇਟੀ ਦੇ ਨਿਗਰਾਨ ਤੇ ਸਾਬਕਾ ਗਵਰਨਰ ਜਨਰਲ ਡੇਵਿਡ ਜੌਹਨਸਟਨ ਨੇ ਅਸਤੀਫਾ ਦੇ ਦਿੱਤਾ। ਪਿਛਲੇ ਹਫ਼ਤੇ ਉਸ ਨੇ ਸੰਸਦੀ ਦਲ ਵੱਲੋਂ ਬਹੁਮੱਤ ਨਾਲ ਪਾਸ ਕੀਤੇ ਮਤੇ ਨੂੰ ਟਿੱਚ ਜਾਣਦਿਆਂ ਅਹੁਦੇ 'ਤੇ ਬਣੇ ਰਹਿਣ ਦਾ ਐਲਾਨ ਕੀਤਾ ਸੀ। ਪ੍ਰਿਵੀ ਕੌਂਸਲ ਦਫਤਰ ਨੇ ਵੱਖਰੇ ਪੱਤਰ ਰਾਹੀਂ ਅਸਤੀਫੇ ਦੀ ਤਸਦੀਕ ਕਰਦਿਆਂ ਉਸ ਦਾ ਧੰਨਵਾਦ ਕੀਤਾ ਤੇ ਕਿਹਾ ਕਿ ਉਸ ਨੇ ਲੋਕ ਸੇਵਕ ਵਾਂਗ ਦੇਸ਼ ਅਤੇ ਦੇਸ਼ ਵਾਸੀਆਂ ਨਾਲ ਕੀਤਾ ਅਹਿਦ ਨਿਸ਼ਠਾ ਨਾਲ ਨਿਭਾਇਆ ਹੈ। ਦੋ ਕੁ ਮਹੀਨੇ ਪਹਿਲਾਂ ਕੈਨੇਡਾ 'ਚ 2019 ਤੇ 2021 ਦੀਆਂ ਪਾਰਲੀਮੈਂਟ ਚੋਣਾਂ ਵਿਚ ਵਿਦੇਸ਼ੀ ਦਖਲ ਸਬੰਧੀ ਚੀਨ ਦਾ ਨਾਂਅ ਸਾਹਮਣੇ ਆਇਆ ਸੀ। ਕੁੱਝ ਦਿਨ ਬਾਅਦ ਇਸ 'ਚ ਭਾਰਤ ਸਮੇਤ ਹੋਰ ਕੁਝ ਹੋਰ ਦੇਸ਼ਾਂ ਦੇ ਨਾਂ ਜੁੜੇ ਸਨ।

ਕੈਨੇਡਾ ਸਰਕਾਰ ਵੱਲੋਂ ਸੈਲਾਨੀ ਵਜੋਂ ਬਿਨਾਂ ਵੀਜ਼ਾ ਕੈਨੇਡਾ ਆਉਣ ਵਾਲਿਆਂ ਦੀ ਸੂਚੀ 'ਚ 13 ਹੋਰ ਦੇਸ਼ ਸ਼ਾਮਲ

ਟੋਰਾਂਟੋ, (ਪੰਜਾਬ ਮੇਲ)- ਕੈਨੇਡਾ ਸਰਕਾਰ ਨੇ ਸੈਲਾਨੀ ਵਜੋਂ ਬਿਨਾਂ ਵੀਜ਼ਾ ਕੈਨੇਡਾ ਆਉਣ ਵਾਲਿਆਂ ਦੀ ਸੂਚੀ 'ਚ 13 ਹੋਰ ਦੇਸ਼ ਸ਼ਾਮਲ ਕੀਤੇ ਹਨ।

ਆਵਾਸ ਮੰਤਰੀ ਸਿਆਨ ਫ਼ਰੇਜ਼ਰ ਨੇ ਦੱਸਿਆ ਕਿ ਥਾਈਲੈਂਡ, ਮੋਰੱਕੋ, ਕੋਸਟਾ ਰੀਕਾ, ਫਿਲਪੀਨਜ਼ ਤੇ ਪਨਾਮਾ ਸਮੇਤ ਕੁਲ 13 ਦੇਸ਼ਾਂ ਦੇ ਸੈਲਾਨੀ ਹੁਣ 7 ਡਾਲਰ ਫੀਸ ਭਰ ਕੇ ਮਿੰਟਾਂ ਵਿਚ ਕੈਨੇਡਾ ਦਾ ਆਰਜ਼ੀ ਵੀਜਾ ਪ੍ਰਾਪਤ ਕਰ ਸਕਣਗੇ। ਇਸ ਪ੍ਰਕਿਰਿਆ ਤਹਿਤ ਉਹੀ ਲੋਕ ਯੋਗ ਮੰਨੇ ਜਾਣਗੇ, ਜਿਨ੍ਹਾਂ ਪਹਿਲਾਂ ਕਦੇ ਕੈਨੇਡਾ ਦੀ ਯਾਤਰਾ ਕੀਤੀ ਹੋਵੇ ਜਾਂ ਜਿਨ੍ਹਾਂ ਦੇ ਪਾਸਪੋਰਟ 'ਤੇ ਅਮਰੀਕਾ ਦਾ ਵੀਜ਼ਾ ਲੱਗਿਆ ਹੋਵੇਗਾ।

ਇਲੈਕਟ੍ਰਾਨਿਕ ਟਰੈਵਲ ਅਥਾਰਾਈਜ਼ੇਸ਼ਨ (ਈ.ਟੀ.ਏ.) ਪ੍ਰੋਗਰਾਮ ਵਿਚ ਹੁਣ 13 ਦੇਸ਼ਾਂ ਨੂੰ ਸ਼ਾਮਲ ਕੀਤਾ ਗਿਆ ਹੈ। ਇਨ੍ਹਾਂ 13 ਦੇਸ਼ਾਂ ਦੇ ਪਾਸਪੋਰਟ ਧਾਰਕ ਹੁਣ ਹਵਾਈ ਸਫ਼ਰ ਵੇਲੇ ਟੈਂਪਰੇਰੀ ਰੈਜ਼ੀਡੈਂਸ ਵੀਜ਼ਾ (ਟੀ.ਆਰ.ਵੀ.) ਤੋਂ ਬਿਨਾਂ ਕੈਨੇਡਾ ਦੀ ਯਾਤਰਾ ਕਰ ਸਕਣਗੇ। ਹਾਲਾਂਕਿ ਯੋਗ ਹੋਣ ਲਈ ਇਹਨਾਂ ਦੇਸ਼ਾਂ ਦੇ ਯਾਤਰੀਆਂ ਕੋਲ ਜਾਂ ਤਾਂ ਪਿਛਲੇ 10 ਸਾਲਾਂ ਵਿਚ ਇੱਕ ਕੈਨੇਡੀਅਨ ਵੀਜ਼ਾ ਹੋਣਾ ਚਾਹੀਦਾ ਹੈ ਜਾਂ ਵਰਤਮਾਨ ਵਿਚ ਇਕ ਵੈਧ ਸੰਯੁਕਤ ਰਾਜ ਗੈਰ-ਪ੍ਰਵਾਸੀ ਵੀਜ਼ਾ (United States non-immigrant visa) ਹੋਣਾ ਚਾਹੀਦਾ ਹੈ।

ਹਰਦਮਨ ਸਿੰਘ ਕਾਹਲੋਂ ਅਲੂਣਾ ਟੋਰਾਂਟੋ ਨੂੰ ਸ਼ਰਧਾਂਜਲੀਆਂ ਅਰਪਿਤ

ਟੋਰਾਂਟੋ, (ਪੰਜਾਬ ਮੇਲ)- ਪਿਛਲੇ ਦਿਨੀਂ ਪ੍ਰਸਿੱਧ ਆਗੂ ਕਾਮਰੇਡ ਦਲਜੀਤ ਸਿੰਘ ਕਾਹਲੋਂ ਦੇ ਸਪੁੱਤਰ ਹਰਦਮਨ ਸਿੰਘ, ਪਿੰਡ ਅਲੂਣਾ, ਗੁਰਦਾਸਪੁਰ ਦਾ ਟੋਰਾਂਟੋ ਵਿਖੇ ਇਕ ਸੰਖੇਪ ਜਿਹੀ ਬਿਮਾਰੀ ਤੋਂ ਬਾਅਦ ਦਿਹਾਂਤ ਹੋ ਗਿਆ ਸੀ। ਹਰਦਮਨ ਦੀ ਉਮਰ ਲਗਭਗ 39 ਸਾਲ ਦੀ ਸੀ। ਉਹ ਆਪਦੇ ਪਿੱਛੇ ਟੋਰਾਂਟੋ ਵਿਖੇ ਪਤਨੀ ਇਕ ਪੁੱਤਰ ਅਤੇ ਇਕ ਧੀ ਛੱਡ ਗਏ ਹਨ। ਉਨ੍ਹਾਂ ਦੀ ਆਤਮਿਕ ਸ਼ਾਂਤੀ ਨਮਿਤ ਸ੍ਰੀ ਸਹਿਜ ਪਾਠ ਸਾਹਿਬ ਦੇ ਭੋਗ ਉਪਰੰਤ ਅੰਤਿਮ ਅਰਦਾਸ ਅਤੇ ਸ਼ਰਧਾਂਜਲੀ ਸਮਾਰੋਹ ਪਿੰਡ ਅਲੂਣਾ ਵਿਖੇ ਕੀਤਾ ਗਿਆ। ਸ਼ਰਧਾਂਜਲੀ ਸਮਾਰੋਹ ਵਿਚ ਵੱਖ-ਵੱਖ ਅਦਾਰਿਆਂ ਦੇ ਆਗੂ, ਪੱਤਰਕਾਰ, ਲੇਖਕ ਅਤੇ ਕਲਾਕਾਰਾਂ ਨੇ ਸ਼ਰਧਾਂਜਲੀਆਂ ਅਰਪਿਤ ਕੀਤੀਆਂ। ਇਸ ਸ਼ਰਧਾਂਜਲੀ ਸਮਾਰੋਹ ਵਿਚ ਇਲਾਕੇ ਦੇ ਪਤਵੰਤੇ ਸੱਜਣਾਂ ਤੋਂ ਇਲਾਵਾ ਪ੍ਰਮੁੱਖ ਸ਼ਖਸੀਅਤਾਂ ਸੁਖਦੇਵ ਸਿੰਘ ਭਾਗੋਕਾਵਾਂ, ਗੁਰਚਰਨ ਸਿੰਘ, ਸੁਭਾਸ਼ ਕੈਲੇ, ਹਰਚਰਨ ਸਿੰਘ ਔਜਲਾ, ਐਡਵੋਕੇਟ ਦਵਿੰਦਰ ਸਿੰਘ, ਮੋਹਨ ਸਿੰਘ ਅਲੜ ਪਿੰਡੀ, ਗੁਲਜ਼ਾਰ ਸਿੰਘ, ਬਸੰਤ ਕੋਲ, ਹਰਪਾਲ ਸਿੰਘ ਛੀਨਾ, ਪ੍ਰਤਾਪ ਸਿੰਘ ਛੀਨਾ, ਸਲਵਿੰਦਰ ਸਿੰਘ ਨਿਹੰਗ, ਮੱਖਣ ਸਿੰਘ ਕੁਹਾੜ, ਰੰਜਨ ਵਫਾ, ਸੁਰਿੰਦਰ ਸਿੰਘ ਭਾਗੋਵਾਲੀਆ, ਬਾਜਵਾ ਬਟਾਲਾ, ਜਸਵੰਤ ਹਾਸ, ਹਰਦੇਵ ਸਿੰਘ ਬਾਜੇਚਕੋ, ਬਲਬੀਰ ਸਿੰਘ, ਹਰਜੀਤ ਸਿੰਘ ਅਤੇ ਬਲਵਿੰਦਰ ਬਾਲਗ ਹਾਜ਼ਰ ਸਨ।

ਕੈਨੇਡਾ 'ਚ ਬੇਰੁਜ਼ਗਾਰੀ ਦਰ ਵੱਧ ਕੇ 5.2 ਫ਼ੀਸਦ ਪੁੱਜੀ

ਓਟਵਾ, (ਪੰਜਾਬ ਮੇਲ)- ਕੈਨੇਡਾ ਦੀ ਬੇਰੁਜ਼ਗਾਰੀ ਦਰ ਮਈ 'ਚ 0.2 ਫੀਸਦੀ ਵਧ ਕੇ 5.2 ਫੀਸਦੀ 'ਤੇ ਪਹੁੰਚ ਗਈ ਹੈ, ਜੋ ਰਾਸ਼ਟਰੀ ਅੰਕੜਾ ਏਜੰਸੀ ਮੁਤਾਬਕ ਨੌਂ ਮਹੀਨਿਆਂ 'ਚ ਪਹਿਲਾ ਵਾਧਾ ਹੈ। ਸਟੈਟਿਸਟਿਕਸ ਕੈਨੇਡਾ ਨੇ ਕਿਹਾ ਕਿ ਨੌਜਵਾਨਾਂ (15 ਤੋਂ 24 ਸਾਲ ਦੀ ਉਮਰ) ਵਿਚ ਬੇਰੁਜ਼ਗਾਰੀ ਦੀ ਦਰ ਮਈ ਵਿਚ 10.7 ਪ੍ਰਤੀਸ਼ਤ ਸੀ, ਜੋ ਅਪ੍ਰੈਲ ਦੇ ਮੁਕਾਬਲੇ 1.1 ਪ੍ਰਤੀਸ਼ਤ ਵੱਧ ਹੈ। 55 ਸਾਲ ਅਤੇ ਇਸ ਤੋਂ ਵੱਧ ਉਮਰ ਦੇ ਲੋਕਾਂ ਵਿਚ, ਬੇਰੁਜ਼ਗਾਰੀ ਦੀ ਦਰ 0.2 ਪ੍ਰਤੀਸ਼ਤ ਵਧ ਕੇ 4.1 ਪ੍ਰਤੀਸ਼ਤ ਹੋ ਗਈ ਹੈ।

ਰੋਜ਼ਾਨਾ ਖਬਰਾਂ ਪੜ੍ਹਨ ਲਈ ਕਲਿੱਕ ਕਰੋ :
www.punjabmailusa.com

U.S. Fuel Services.
U.S. Fuel Services.
0123 4567 8901 2345
01/17
CARDHOLDER NAME
CARD
40 to 50¢
Cents per Gallon Discount
Additional Services with our Fuel Card
✓ National Tire Program ✓PM & Light Mechanical
✓24 Hour Dedicated Repair Service
Pilot
Pilot FLYING J
AXLE FUEL CARD
ONE 9 FUEL NETWORK.
U.S. Fuel Services.
916-919-7061, 916-686-6713
Designed By Punjab Mail USA

ਦੁਬਈ 'ਚ 'ਆਪਣਾਂ ਪੰਜਾਬ ਫਾਊਂਡੇਸ਼ਨ' ਵੱਲੋਂ ਕਰਵਾਇਆ ਪਹਿਲਾ ਅੰਤਰ-ਰਾਸ਼ਟਰੀ ਸਿੱਖਿਆ ਸੰਮੇਲਨ

- ਸਕੂਲਾਂ ਵਿਚ ਅਜੋਕੀ ਸਿੱਖਿਆ ਪ੍ਰਣਾਲੀ ਦੀ ਥਾਂ ਕਿੱਤਾ ਮੁਖੀ ਕੋਰਸਾਂ ਦੀ ਲੋੜ 'ਤੇ ਜ਼ੋਰ

ਦੁਬਈ, (ਪੰਜਾਬ ਮੇਲ)- ਸਿਹਤ, ਸਿੱਖਿਆ ਅਤੇ ਵਾਤਾਵਰਣ ਦੀ ਸੰਭਾਲ ਲਈ ਕੰਮ ਕਰ ਰਹੀ 'ਆਪਣਾਂ ਪੰਜਾਬ ਫਾਊਂਡੇਸ਼ਨ' ਨੇ ਆਪਣਾਂ ਪਹਿਲਾ ਅੰਤਰਰਾਸ਼ਟਰੀ ਸਮਾਗਮ ਡਾ. ਜਗਜੀਤ ਸਿੰਘ ਧੂਰੀ ਦੀ ਅਗਵਾਈ ਹੇਠ ਦੁਬਈ ਦੇ ਹਯਾਤ ਆਡੀਟੋਰੀਅਮ ਵਿਚ ਕਰਵਾਇਆ। ਸੰਮੇਲਨ ਦਾ ਮੁੱਖ ਉਦੇਸ਼ 21ਵੀਂ ਸਦੀ ਦੇ ਵਿਦਿਅਕ ਵਿਕਾਸ ਲਈ ਮਾਨਸਿਕ ਡਰ ਖਤਮ ਕਰਕੇ ਵਿਦਿਆਰਥੀਆਂ ਦੇ ਸਰਬਪੱਖੀ ਵਿਕਾਸ ਨੂੰ ਮੁੱਖ ਰੱਖਦਿਆਂ ਰਸਮੀ ਸਿੱਖਿਆ ਨੂੰ ਕਿੱਤਾ ਮੁਖੀ, ਗੈਰ ਰਸਮੀ ਸਿੱਖਿਆ ਨੂੰ ਗਿਆਨ ਅਤੇ ਚੇਤੰਨਤਾ ਭਰਪੂਰ ਬਨਾਉਣਾ ਸੀ। ਇਸ ਸੰਮੇਲਨ ਵਿਚ ਕੈਨੇਡਾ, ਇੰਗਲੈਂਡ, ਆਸਟ੍ਰੇਲੀਆ ਅਤੇ ਦੁਬਈ ਦੇ ਵਿਦਿਅਕ ਮਾਹਿਰਾਂ ਨੇ ਹਿੱਸਾ ਲਿਆ। ਸੰਮੇਲਨ ਦੌਰਾਨ ਵੱਖ-ਵੱਖ ਬੁਲਾਰਿਆਂ ਸ਼ੇਖ ਸੁਲਤਾਨ ਬਿਨ ਨਾਸਿਰ, ਬਿਨ ਹੁਮਦਿ ਰਾਸ਼ੀਦ, ਸ਼੍ਰੀ ਜਤਿੰਦਰ ਵੈਦਿਆ ਪ੍ਰਧਾਨ ਯੂ.ਏ.ਈ., ਸੁਰਿੰਦਰ ਸਿੰਘ ਕੰਧਾਰੀ, ਚੇਅਰਮੈਨ ਗੁਰਦਵਾਰਾ ਕਮੇਟੀ ਦੁਬਈ, ਸਤਨਾਮ ਸਿੰਘ ਸੰਧੂ ਚਾਂਸਲਰ ਚੰਡੀਗੜ੍ਹ ਯੂਨੀਵਰਸਿਟੀ ਸਮੇਤ ਹੋਰਨਾਂ ਬੁਲਾਰਿਆਂ ਨੇ 21ਵੀਂ ਸਦੀ ਦੀ ਸਿੱਖਿਆ 'ਤੇ ਆਪਣੇ ਵਿਚਾਰ ਪ੍ਰਗਟ ਕਰਦਿਆਂ ਸਿੱਖਿਆ ਨੂੰ ਗਿਆਨ ਭਰਪੂਰ ਅਤੇ ਕਿੱਤਾ ਮੁਖੀ ਬਨਾਉਣ ਲਈ ਲੋੜ 'ਤੇ ਜ਼ੋਰ ਦਿੱਤਾ।

ਸੰਮੇਲਨ ਦੇ ਮੁੱਖ ਪ੍ਰਬੰਧਕ ਡਾ: ਜਗਜੀਤ ਸਿੰਘ ਧੂਰੀ ਨੇ ਸੰਮੇਲਨ ਦੇ ਉਦੇਸ਼ ਦਾ ਜ਼ਿਕਰ ਕਰਦਿਆਂ ਕਿਹਾ ਕਿ 21ਵੀਂ ਸਦੀ ਦੀ ਸਕੂਲੀ ਸਿੱਖਿਆ ਨੂੰ ਸਾਰਥਿਕ ਬਨਾਉਣ ਲਈ ਰੋਡ ਮੈਪ ਤਿਆਰ ਕੀਤਾ ਜਾ ਰਿਹਾ ਹੈ, ਤਾਂ ਕਿ ਵਿਦਿਆਰਥੀ ਕੇਵਲ ਅੰਕਾਂ ਦੀ ਦੌੜ ਵਿਚ ਪੈਣ ਦੀ ਬਜਾਇ ਸਿੱਖਿਆ ਨੂੰ ਗਿਆਨ ਹਾਸਲ ਕਰਨ ਦੇ ਨਾਲ-ਨਾਲ ਖੁਸ਼ੀ, ਤੰਦਰੁਸਤੀ ਅਤੇ ਦਿਲਚਸਪੀ ਨਾਲ ਹਾਸਲ ਕਰਨ। ਵਿਦਿਆਰਥੀਆਂ ਵਿਚ ਦੇਸ਼ ਪ੍ਰਤੀ ਸਵੈ ਮਾਣ, ਦੇਸ਼ ਭਗਤੀ ਅਤੇ ਦੇਸ਼ ਦੇ ਅੰਦਰੂਨੀ ਪ੍ਰਬੰਧਕੀ ਢਾਂਚੇ ਵਿਚ ਵਿਸ਼ਵਾਸ ਪੈਦਾ ਕੀਤਾ ਜਾਵੇ। ਚੰਡੀਗੜ੍ਹ ਯੂਨੀਵਰਸਿਟੀ ਦੇ ਚਾਂਸਲਰ ਸਤਨਾਮ ਸਿੰਘ ਸੰਧੂ ਨੇ ਤਾਂ ਇੱਥੋਂ ਤੱਕ ਕਿਹਾ ਕਿ ਸਾਨੂੰ ਹੁਨਰਮੰਦਾਂ ਦਾ ਸਤਿਕਾਰ ਬਹਾਲ ਕਰਨ ਦੀ ਵੱਡੀ ਲੋੜ ਹੈ।

ਐੱਮ.ਐੱਲ.ਡੀ. ਵਿਦਿਅਕ ਸੰਸਥਾ ਦੇ ਪ੍ਰਿੰ: ਬਲਦੇਵ ਬਾਵਾ ਨੇ ਕਿਹਾ ਕਿ ਅੰਤਰਰਾਸ਼ਟਰੀ ਦੁਬਈ ਸੰਮੇਲਨ ਦਾ ਉਦੇਸ਼ ਕੇਵਲ ਸੈਰ ਸਪਾਟਾ, ਦੁਬਈ ਦੀ ਤਰੱਕੀ ਜਾਂ ਅਨੁਸ਼ਾਸ਼ਿਤ ਪ੍ਰਬੰਧਕੀ ਢਾਂਚਾ ਦੇਖਣਾ ਹੀ ਨਹੀਂ, ਬਲਕਿ ਇਹ ਸਿੱਖਣਾ ਹੈ ਕਿ ਚੰਗੇ ਪ੍ਰਬੰਧਕੀ ਢਾਂਚੇ ਤੇ ਦ੍ਰਿੜ ਇਰਾਦੇ, ਆਪਣੀ ਭਾਸ਼ਾ, ਵਿਰਾਸਤ, ਪਹਿਰਾਵਾ ਅਤੇ ਪੁਰਾਤਨ ਸੱਭਿਆਚਾਰ ਤੇ ਮਾਣ ਕਰਦੇ ਹੋਏ ਮਿਹਨਤ ਨਾਲ਼ ਕਿਸ ਤਰ੍ਹਾਂ ਰੇਗਿਸਤਾਨ ਨੂੰ ਹਰਿਆ-ਭਰਿਆ ਬਣਾ ਕੇ ਪੂਰੇ ਵਿਸ਼ਵ ਦਾ ਧਿਆਨ ਖਿੱਚਿਆ ਜਾ ਸਕਦਾ ਹੈ। ਬਾਵਾ ਨੇ ਅੱਗੇ ਕਿਹਾ ਕਿ ਭਾਰਤ ਵਿਚ ਪੂਰੇ ਵਿਸ਼ਵ ਨਾਲੋਂ ਵਧੀਆ ਜਰਖੇਜ਼ ਜ਼ਮੀਨ, ਪਾਣੀ, ਪੈਦਾਵਰ, ਹਰਿਆਲੀ, ਸ਼ਾਨਦਾਰ ਵਾਤਾਵਰਣ ਅਤੇ ਖਣਿਜ ਪਦਾਰਥਾਂ ਨਾਲ਼ ਭਰਪੂਰ ਹੋਣ ਦੇ ਬਾਵਜੂਦ ਵੀ ਸਾਡਾ ਪ੍ਰਬੰਧਕੀ ਢਾਂਚਾ ਨਾਗਰਿਕਾਂ ਦੇ ਜੀਵਨ ਵਿਚ ਸੁਧਾਰ ਅਤੇ ਅਨੁਸ਼ਾਸ਼ਨ ਪੈਦਾ ਨਹੀਂ ਕਰ ਸਕਿਆ। ਇਸੇ ਵਿਸ਼ਵਾਸ ਦੀ ਅਣਹੋਂਦ ਕਾਰਨ ਸਾਡਾ ਭਵਿੱਖ ਸਾਡੇ ਬੱਚਿਆਂ ਨੇ ਵਿਦੇਸ਼ਾਂ ਵੱਲ ਰੁਖ ਕਰ ਲਿਆ। ਉਨ੍ਹਾਂ ਭਾਰਤ ਸਰਕਾਰ ਅਤੇ ਪੰਜਾਬ ਸਰਕਾਰ ਪਾਸੋਂ ਮੰਗ ਕਰਦਿਆਂ ਕਿਹਾ ਕਿ ਪ੍ਰਬੰਧਕੀ ਢਾਂਚੇ ਵਿਚ ਲੋੜੀਂਦੇ ਸੁਧਾਰ ਕੀਤੇ ਜਾਣ। ਸੰਮੇਲਨ ਦੇ ਅੰਤ ਵਿਚ ਆਏ ਮਹਿਮਾਨਾਂ ਅਤੇ ਫੈਡਰੇਸ਼ਨ ਆਫ ਪ੍ਰਾਈਵੇਟ ਸਕੂਲਜ਼ ਐਸੋਸੀਏਸ਼ਨ, ਆਪਣਾਂ ਪੰਜਾਬ ਫਾਊਂਡੇਸ਼ਨ ਦੇ ਉਪਰਾਲੇ ਦੀ ਸ਼ਲਾਘਾ ਕੀਤੀ ਗਈ ਅਤੇ ਪ੍ਰਬੰਧਕਾਂ ਵਲੋਂ ਆਏ ਹੋਏ ਡੈਲੀਗੇਟਸ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਪ੍ਰਬੰਧਕਾਂ ਅਨੁਸਾਰ ਅਗਲਾ ਸਿੱਖਿਆ ਸੰਮੇਲਨ ਅਧਿਆਪਕਾਂ ਅਤੇ ਡੈਲੀਗੇਟਸ ਦੇ ਵੱਡੇ ਇਕੱਠ ਨਾਲ਼ ਨਿਊਯਾਰਕ ਅਮਰੀਕਾ ਵਿਖੇ ਹੋਵੇਗਾ।

ਧੋਖਾਧੜੀ ਦੇ ਸ਼ਿਕਾਰ ਪੀੜਤ ਵਿਦਿਆਰਥੀਆਂ ਨੂੰ ਨਹੀਂ ਦਿੱਤੀ ਜਾਵੇਗੀ ਸਜ਼ਾ : ਇਮੀਗ੍ਰੇਸ਼ਨ ਮੰਤਰੀ

ਟੋਰਾਂਟੋ, (ਪੰਜਾਬ ਮੇਲ)- ਕੈਨੇਡਾ ਵਿਚ ਦੇਸ਼ ਨਿਕਾਲੇ ਦਾ ਸਾਹਮਣਾ ਕਰ ਰਹੇ ਵਿਦਿਆਰਥੀਆਂ ਨੂੰ ਵੱਡੀ ਰਾਹਤ ਮਿਲੀ ਹੈ। ਕੈਨੇਡਾ ਦੇ ਇਮੀਗ੍ਰੇਸ਼ਨ, ਰਫਿਊਜ਼ੀ ਅਤੇ ਸਿਟੀਜ਼ਨਸ਼ਿਪ ਮੰਤਰੀ ਸੀਨ ਫਰੇਜ਼ਰ ਨੇ ਸਹਿਮਤੀ ਪ੍ਰਗਟਾਈ ਹੈ ਕਿ ਧੋਖੇਬਾਜ਼ ਸਲਾਹਕਾਰਾਂ ਦੁਆਰਾ ਧੋਖਾਧੜੀ ਦੇ ਸ਼ਿਕਾਰ ਪੀੜਤ ਵਿਦਿਆਰਥੀਆਂ ਨੂੰ ਸਜ਼ਾ ਨਹੀਂ ਦਿੱਤੀ ਜਾਵੇਗੀ। ਫਰੈਂਡਜ਼ ਆਫ ਕੈਨੇਡਾ ਅਤੇ ਇੰਡੀਆ ਫਾਊਂਡੇਸ਼ਨ ਦੇ ਪ੍ਰਧਾਨ ਮਨਿੰਦਰ ਗਿੱਲ ਨੇ ਇਸ ਬਿਆਨ ਨੂੰ ਵਿਦਿਆਰਥੀਆਂ ਲਈ ਵੱਡੀ ਰਾਹਤ ਦੱਸਿਆ ਹੈ। ਪ੍ਰਵਾਸੀ ਮੰਤਰੀ ਨੇ ਹਾਊਸ ਤੋਂ ਕਿਹਾ ਹੈ ਕਿ ਸਰਕਾਰ ਇੱਕ "ਪ੍ਰਕਿਰਿਆ" 'ਤੇ ਹੈ, ਤਾਂ ਜੋ ਬੇਕਸੂਰ ਵਿਦਿਆਰਥੀ ਕੈਨੇਡਾ ਵਿਚ ਰਹਿ ਸਕਣ।

ਇਸ ਗੱਲ ਦੀ ਜਾਣਕਾਰੀ ਵੈਨਕੂਵਰ ਤੋਂ ਐੱਨ.ਡੀ.ਪੀ. ਸੰਸਦ ਮੈਂਬਰ ਜੈਨੀ ਕਵਾਨ ਨੇ ਇਕ ਟਵੀਟ ਜ਼ਰੀਏ ਦਿੱਤੀ। ਜੈਨੀ ਕਵਾਨ ਨੇ ਇਹ ਵੀ ਕਿਹਾ ਕਿ ਅੰਤਰਰਾਸ਼ਟਰੀ ਵਿਦਿਆਰਥੀਆਂ ਜਿਨ੍ਹਾਂ ਨੂੰ ਧੋਖੇਬਾਜ਼ ਸਲਾਹਕਾਰਾਂ ਦੁਆਰਾ ਧੋਖਾ ਦਿੱਤਾ ਗਿਆ ਹੈ, ਨੂੰ ਗਲਤ ਬਿਆਨਬਾਜ਼ੀ ਦੇ ਆਧਾਰ 'ਤੇ ਦੇਸ਼ ਨਿਕਾਲੇ ਅਤੇ ਅਯੋਗਤਾ ਦੀ ਸਜ਼ਾ ਨਹੀਂ ਦਿੱਤੀ ਜਾਣੀ ਚਾਹੀਦੀ। ਉਨ੍ਹਾਂ ਨੇ ਬਿਹਤਰ ਭਵਿੱਖ ਲਈ ਨਿਵੇਸ਼ ਕੀਤਾ ਹੈ। ਉਨ੍ਹਾਂ ਨੇ ਸਖ਼ਤ ਮਿਹਨਤ ਕੀਤੀ ਅਤੇ ਅਧਿਐਨ ਕੀਤਾ। ਇਸ ਸਮੇਂ ਉਹ ਬਹੁਤ ਮੁਸ਼ਕਲ ਸਥਿਤੀ ਵਿਚ ਹਨ। ਉਹ ਬਹੁਤ ਜ਼ਿਆਦਾ ਦਬਾਅ ਹੇਠ ਹਨ। ਲਿਬਰਲ ਸਰਕਾਰ ਇਸ ਅਨਿਸ਼ਚਿਤਤਾ ਨੂੰ ਕੈਨੇਡਾ ਵਿਚ ਰਹਿਣ ਦੀ ਇਜਾਜ਼ਤ ਦੇ ਕੇ ਖ਼ਤਮ ਕਰ ਸਕਦੀ ਹੈ।

ਇਹ ਸਭ ਕੈਨੇਡਾ ਵਿਚ ਭਾਰਤੀ ਪ੍ਰਵਾਸੀਆਂ ਦੇ ਲਗਾਤਾਰ ਯਤਨਾਂ ਸਦਕਾ ਸੰਭਵ ਹੋਇਆ ਹੈ। ਫਰੈਂਡਜ਼ ਆਫ ਕੈਨੇਡਾ ਐਂਡ ਇੰਡੀਆ ਫਾਊਂਡੇਸ਼ਨ ਮਾਰਚ ਤੋਂ ਇਸ ਮੁੱਦੇ ਨੂੰ ਚੁੱਕ ਰਿਹਾ ਹੈ। ਫਾਊਂਡੇਸ਼ਨ ਨੇ ਕਿਹਾ ਕਿ ਅਸੀਂ ਇਮੀਗ੍ਰੇਸ਼ਨ ਮੰਤਰੀ ਸੀਨ ਫਰੇਜ਼ਰ, ਐੱਮ.ਪੀ. ਸੁੱਖ ਧਾਲੀਵਾਲ, ਐੱਮ.ਪੀ. ਰਣਦੀਪ ਸਰਾਏ, ਐੱਮ.ਪੀ. ਪਰਮ ਬੈਂਸ, ਐੱਮ.ਪੀ. ਕੇਨ ਹਾਰਡੀ, ਐੱਮ.ਪੀ. ਜੌਹਨ ਐਲਡਾਗ, ਐੱਮ.ਪੀ. ਕੈਰੀ ਲਾਇਨ ਫਿੰਡਲੇ ਅਤੇ ਓਨਟਾਰੀਓ ਸਥਿਤ ਪੰਜਾਬੀ ਮੂਲ ਦੇ ਐੱਮ.ਪੀਜ਼ ਦਾ ਵੀ ਇਸ ਮੁੱਦੇ 'ਤੇ ਸਖ਼ਤ ਸਟੈਂਡ ਲੈਣ ਲਈ ਧੰਨਵਾਦ ਕਰਦੇ ਹਾਂ। ਭਾਰਤ ਦੇ ਵਿਦੇਸ਼ ਮੰਤਰੀ ਡਾ. ਐਸ. ਜੈਸ਼ੰਕਰ ਸ਼ਲਾਘਾ ਦੇ ਹੱਕਦਾਰ ਹਨ। ਸੰਜੇ ਵਰਮਾ, ਕੈਨੇਡਾ ਵਿਚ ਭਾਰਤ ਦੇ ਹਾਈ ਕਮਿਸ਼ਨਰ ਵਿਦਿਆਰਥੀਆਂ ਲਈ ਨਿਰਪੱਖ ਨਤੀਜੇ ਪ੍ਰਾਪਤ ਕਰਨ ਵਿਚ ਬਹੁਤ ਸਰਗਰਮ ਸਨ। ਇਸ ਮੁੱਦੇ ਨੂੰ ਹੱਲ ਕਰਨ ਲਈ ਅਸੀਂ ਭਾਰਤ ਸਰਕਾਰ ਦਾ ਧੰਨਵਾਦ ਕਰਦਾ ਹਾਂ। ਅਸੀਂ ਉਮੀਦ ਕਰਦੇ ਹਾਂ ਕਿ ਭਾਰਤ ਅਤੇ ਕੈਨੇਡਾ ਦੇ ਅਧਿਕਾਰੀ ਇਸ ਧੋਖਾਧੜੀ ਦੀ ਤਹਿ ਤੱਕ ਪਹੁੰਚਣਗੇ, ਤਾਂ ਜੋ ਭਵਿੱਖ ਵਿਚ ਇਸ ਤਰ੍ਹਾਂ ਦੀ ਸਥਿਤੀ ਨੂੰ ਰੋਕਿਆ ਜਾ ਸਕੇ।



ਅਸੀਂ ਤੁਹਾਡਾ ਕ੍ਰੈਡਿਟ ਰਿਪੇਅਰ ਕਰਦੇ ਹਾਂ।
FREEMAN FINANCIAL SERVICES
ਆਪਣਾ ਕ੍ਰੈਡਿਟ ਠੀਕ ਕਰਵਾਉਣ ਲਈ ਸਾਡੇ ਨਾਲ ਸੰਪਰਕ ਕਰੋ।
CONTACT US
(916) 465-3200
(916) 471-5505
WHAT WE DO
BOOSTING YOUR CREDIT SCORE ...
ਅਸੀਂ ਤੁਹਾਡਾ ਕ੍ਰੈਡਿਟ ਸਕੋਰ ਵਧਾ ਸਕਦੇ ਹਾਂ।
WE CAN HELP WITH
- COLLECTIONS
- LATE PAYMENTS
- HARD INQUIRIES
- CHARGED OFF
- AND MORE.....
VISIT MORE
www.freemanfinsvcs.com

PUNJAB MAIL USA
TV Channel, Newspaper, Radio
All over America, Canada, Australia & Europe
24 Hours 7 Days
Gold #2867, Gem #375, TV Zon #6888, Glow TV #1828, Real TV etc.
You can also watch on our website: PunjabMailUSA.com
For any Information & Advertisement Call at
+1-916-280-8811 or +1-916-320-9444
E-mail: punjabmailtv@gmail.com Web: punjabmailusa.com

ਅਮਰੀਕਾ ਵੱਲੋਂ ਯੂਨੈਸਕੋ ’ਚ ਮੁੜ ਸ਼ਾਮਲ ਹੋਣ ਦੀ ਯੋਜਨਾ

- ਅਮਰੀਕਾ ਵੱਲੋਂ ਯੂਨੈਸਕੋ ’ਚ ਮੁੜ ਸ਼ਾਮਲ ਹੋਣ ਦੀ ਯੋਜਨਾ
- ਚੀਨ ਦੇ ਵਧਦੇ ਦਬਦਬੇ ਦੇ ਮੱਦੇਨਜ਼ਰ ਲਿਆ ਫ਼ੈਸਲਾ
- ਫਲਸਤੀਨ ਨੂੰ ਮੈਂਬਰ ਵਜੋਂ ਸ਼ਾਮਲ ਕੀਤੇ ਜਾਣ ਦੇ ਰੋਸ ਵਜੋਂ ਛੱਡਿਆ ਸੀ ਸੰਗਠਨ; ਯੂਨੈਸਕੋ ਨੂੰ ਮਿਲੇਗੀ ਵਿੱਤੀ ਮਦਦ

ਪੈਰਿਸ, (ਪੰਜਾਬ ਮੇਲ)- ਅਮਰੀਕਾ ਦੀ ਸੱਭਿਆਚਾਰਕ ਤੇ ਵਿਗਿਆਨਕ ਏਜੰਸੀ ਯੂਨੈਸਕੋ ਨੇ ਐਲਾਨ ਕੀਤਾ ਕਿ ਅਮਰੀਕਾ ਇਸ ਸੰਗਠਨ ’ਚ ਮੁੜ ਸ਼ਾਮਲ ਹੋਣ ਦੀ ਯੋਜਨਾ ਬਣਾ ਰਿਹਾ ਹੈ ਅਤੇ ਉਹ ਸੰਗਠਨ ਦੇ ਬਕਾਇਆਂ ਵਜੋਂ 60 ਕਰੋੜ ਡਾਲਰ ਤੋਂ ਵੱਧ ਰਾਸ਼ੀ ਦਾ ਭੁਗਤਾਨ ਕਰੇਗਾ।

ਫਲਸਤੀਨ ਨੂੰ ਯੂਨੈਸਕੋ ਦਾ ਮੈਂਬਰ ਬਣਾਏ ਜਾਣ ਕਾਰਨ ਪੈਦਾ ਹੋਏ ਦਹਾਕੇ ਪੁਰਾਣੇ ਵਿਵਾਦ ਤੋਂ ਬਾਅਦ ਅਮਰੀਕਾ ਨੇ ਇਹ ਫ਼ੈਸਲਾ ਕੀਤਾ ਹੈ। ਅਮਰੀਕੀ ਅਧਿਕਾਰੀਆਂ ਨੇ ਕਿਹਾ ਕਿ ਸੰਗਠਨ ’ਚ ਮੁੜਨ ਦਾ ਫ਼ੈਸਲਾ ਇਸ ਚਿੰਤਾ ਤੋਂ ਪ੍ਰੇਰਿਤ ਹੈ ਕਿ ਚੀਨ ਯੂਨੈਸਕੋ ਵਿਚ ਨੀਤੀਆਂ ਦੇ ਨਿਰਮਾਣ ’ਚ ਅਮਰੀਕਾ ਵੱਲੋਂ ਛੱਡੇ ਗਏ ਖੱਪੇ ਨੂੰ ਪੂਰ ਰਿਹਾ ਹੈ ਅਤੇ ਖਾਸ ਤੌਰ ’ਤੇ ਚੀਨ ਦੁਨੀਆਂ ਭਰ ’ਚ ਮਸਨੂਈ ਬੌਧਿਕਤਾ ਤੇ ਤਕਨੀਕੀ ਸਿੱਖਿਆ ਲਈ ਪੈਮਾਨੇ ਸਥਾਪਤ ਕਰ ਰਿਹਾ ਹੈ। ਅਮਰੀਕਾ ਦੇ ਮੈਨੇਜਮੈਂਟ ਤੇ ਸਰੋਤਾਂ ਬਾਰੇ ਉਪ ਵਿਦੇਸ਼ ਮੰਤਰੀ ਰਿਚਰਡ ਵਰਮਾ ਨੇ ਪਿਛਲੇ ਹਫ਼ਤੇ ਯੂਨੈਸਕੋ ਦੇ ਡਾਇਰੈਕਟਰ ਜਨਰਲ ਔਦਰੇ ਅਜ਼ੌਲੇ ਨੂੰ ਪੱਤਰ ਦੇ ਕੇ ਸੰਗਠਨ ’ਚ ਮੁੜ ਸ਼ਾਮਲ ਹੋਣ ਦੀ ਯੋਜਨਾ ਬਾਰੇ ਜਾਣਕਾਰੀ ਦਿੱਤੀ ਸੀ। ਅਜ਼ੌਲੇ ਨੇ ਅਮਰੀਕਾ ਦੇ ਫੈਸਲੇ ਬਾਰੇ ਜਾਣਕਾਰੀ ਮੀਟਿੰਗ ਦੌਰਾਨ ਹੋਰ ਰਾਜਦੂਤਾਂ ਨੂੰ ਦਿੱਤੀ। ਯੂਨੈਸਕੋ ਦੇ ਦੂਤ ਅਨੁਸਾਰ ਅਮਰੀਕਾ ਦੀ ਵਾਪਸੀ ਲਈ ਅਗਲੇ ਮਹੀਨੇ 193 ਮੈਂਬਰ ਵੋਟ ਕਰ ਸਕਦੇ ਹਨ। ਅਮਰੀਕਾ ਯੂਨੈਸਕੋ ਲਈ ਸਭ ਵੱਧ ਫੰਡ ਦੇਣ ਵਾਲਾ ਮੁਲਕ ਹੈ। ਇਹ ਫ਼ੈਸਲਾ ਸੰਯੁਕਤ ਰਾਸ਼ਟਰ ਸਿੱਖਿਆ, ਵਿਗਿਆਨ ਤੇ ਸੱਭਿਆਚਾਰ ਸੰਗਠਨ (ਯੂਨੈਸਕੋ) ਲਈ ਵਿੱਤੀ ਮਦਦ ਲਈ ਵੱਡੇ ਪੱਧਰ ’ਤੇ ਉਤਸ਼ਾਹਿਤ ਕਰਨ ਵਾਲਾ ਹੈ, ਜੋ ਆਪਣੇ ਆਲਮੀ ਵਿਰਾਸਤੀ ਪ੍ਰੋਗਰਾਮ ਦੇ ਨਾਲ-ਨਾਲ ਵਾਤਾਵਰਣ ਤਬਦੀਲੀਆਂ ਨਾਲ ਲੜਨ ਤੇ ਲੜਕੀਆਂ ਦੀ ਪੜ੍ਹਾਈ ਲਈ ਪ੍ਰਾਜੈਕਟ ਉਲੀਕਣ ਲਈ ਜਾਣਿਆ ਜਾਂਦਾ ਹੈ। ਸਾਲ 2011 ’ਚ ਫਸਲਤੀਨ ਨੂੰ ਇੱਕ ਮੈਂਬਰ ਮੁਲਕ ਵੱਲੋਂ ਸ਼ਾਮਲ ਕਰਨ ਲਈ ਹੋਈ ਵੋਟਿੰਗ ਮਗਰੋਂ ਅਮਰੀਕਾ ਤੇ ਇਜ਼ਰਾਈਲ ਨੇ ਯੂਨੈਸਕੋ ਨੂੰ ਫੰਡ ਦੇਣੇ ਬੰਦ ਕਰ ਦਿੱਤੇ ਸੀ ਅਤੇ ਦੋਵਾਂ ਮੁਲਕਾਂ ਨੇ 2013 ਵਿਚ ਆਪਣਾ ਵੋਟਿੰਗ ਦਾ ਅਧਿਕਾਰ ਗੁਆ ਲਿਆ ਸੀ।

ਸਿੱਖ ਵਿਰੋਧੀ ਦੰਗਾ ਮਾਮਲੇ ’ਚ ਟਾਈਟਲਰ ਖ਼ਿਲਾਫ਼ ਸੁਣਵਾਈ ਟਲੀ; ਅਗਲੀ ਸੁਣਵਾਈ 30 ਜੂਨ ਨੂੰ

ਨਵੀਂ ਦਿੱਲੀ, (ਪੰਜਾਬ ਮੇਲ)- ਇਥੋਂ ਦੀ ਅਦਾਲਤ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਮਾਮਲੇ ਵਿਚ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਖ਼ਿਲਾਫ਼ ਸੁਣਵਾਈ ਟਾਲ ਦਿੱਤੀ ਹੈ। ਸੀ.ਬੀ.ਆਈ. ਵੱਲੋਂ ਜਗਦੀਸ਼ ਟਾਈਟਲਰ ਖ਼ਿਲਾਫ਼ ਚਾਰਜਸ਼ੀਟ ਦਾਖ਼ਲ ਕੀਤੀ ਜਾ ਚੁੱਕੀ ਹੈ। ਹੁਣ ਦਾਇਰ ਚਾਰਜਸ਼ੀਟ ਨਾਲ ਸਬੰਧਤ ਮਾਮਲੇ ਦੀ ਸੁਣਵਾਈ ਗਰਮੀਆਂ ਦੀਆਂ ਛੁੱਟੀਆਂ ਤੋਂ ਬਾਅਦ ਹੋਵੇਗੀ। ਜੱਜ ਨੇ ਕਿਹਾ ਕਿ ਉਹ ਫਾਈਲ ਦੀ ਘੋਖ ਕਰਨਗੇ ਤੇ ਇਸ ਤੋਂ ਬਾਅਦ ਢੁੱਕਵੇਂ ਹੁਕਮ ਜਾਰੀ ਕੀਤੇ ਜਾਣਗੇ। ਮਾਮਲੇ ਦੀ ਅਗਲੀ ਸੁਣਵਾਈ 30 ਜੂਨ ਨੂੰ ਹੋਵੇਗੀ।

ਸ਼੍ਰੋਮਣੀ ਕਮੇਟੀ ਚੋਣਾਂ ਤੁਰੰਤ ਕਰਵਾਉਣ ਲਈ ਅਕਾਲੀ ਦਲ (ਅ) ਦਾ ਵਫ਼ਦ ਮੁੱਖ ਸਕੱਤਰ ਨੂੰ ਮਿਲਿਆ

ਸ੍ਰੀ ਫ਼ਤਹਿਗੜ੍ਹ ਸਾਹਿਬ, (ਪੰਜਾਬ ਮੇਲ)- ਅਕਾਲੀ ਦਲ ਅੰਮ੍ਰਿਤਸਰ ਦਾ ਇੱਕ ਵਫ਼ਦ ਪੰਜਾਬ ਦੇ ਮੁੱਖ ਸਕੱਤਰ ਨੂੰ ਮਿਲਿਆ ਅਤੇ ਮੰਗ ਕੀਤੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਤੁਰੰਤ ਕਰਵਾਉਣ ਲਈ ਲੋੜੀਂਦੇ ਆਦੇਸ਼ ਦਿੱਤੇ ਜਾਣ। ਵਫ਼ਦ ਵਿਚ ਪਾਰਟੀ ਦੇ ਮੁੱਖ ਬੁਲਾਰੇ, ਸਿਆਸੀ ਅਤੇ ਮੀਡੀਆ ਸਲਾਹਕਾਰ ਇਕਬਾਲ ਸਿੰਘ ਟਿਵਾਣਾ, ਯੂਥ ਵਿੰਗ ਦੇ ਸਰਪਰਸਤ ਇਮਾਨ ਸਿੰਘ ਮਾਨ, ਕੁਸ਼ਲਪਾਲ ਸਿੰਘ ਮਾਨ ਅਤੇ ਭੋਗਤੀ ਸਿੰਘ ਐਡਵੋਕੇਟ ਆਦਿ ਸ਼ਾਮਲ ਹੋਏ। ਉਨ੍ਹਾਂ ਉਨ੍ਹਾਂ ਮੰਗ ਕੀਤੀ ਕਿ ਵੋਟਾਂ ਬਣਾਉਣ ਦਾ ਜਲਦ ਅਮਲ ਸ਼ੁਰੂ ਕੀਤਾ ਜਾਵੇ। ਆਗੂਆਂ ਨੇ ਦੱਸਿਆ ਕਿ ਸ਼੍ਰੀ ਜੰਜੂਆ ਨੇ ਵਫ਼ਦ ਨੂੰ ਭਰੋਸਾ ਦਿਵਾਇਆ ਕਿ ਉਹ ਜਲਦੀ ਹੀ ਮੁੱਖ ਮੰਤਰੀ ਨਾਲ ਗੱਲ ਕਰ ਕੇ ਇਸ ਸਬੰਧੀ ਅਗਲੀ ਕਾਰਵਾਈ ਕਰਨਗੇ।

ਬ੍ਰਿਟੇਨ ਦੇ ਸਾਬਕਾ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਵੱਲੋਂ ਸੰਸਦ ਦੀ ਮੈਂਬਰਸ਼ਿਪ ਤੋਂ ਅਸਤੀਫਾ

ਲੰਡਨ, (ਪੰਜਾਬ ਮੇਲ)- ਬ੍ਰਿਟੇਨ ਦੇ ਸਾਬਕਾ ਪ੍ਰਧਾਨ ਮੰਤਰੀ ਬੋਰਿਸ ਜਾਨਸਨ ਨੇ ਸੰਸਦ ਦੀ ਮੈਂਬਰਸ਼ਿਪ ਤੋਂ ਅਸਤੀਫਾ ਦੇ ਦਿੱਤਾ ਹੈ। ਉਨ੍ਹਾਂ ਨੇ ਤੁਰੰਤ ਪ੍ਰਭਾਵ ਨਾਲ ਸੰਸਦ ਦੀ ਮੈਂਬਰਸ਼ਿਪ ਛੱਡਣ ਦਾ ਫੈਸਲਾ ਕੀਤਾ ਹੈ। ਬੋਰਿਸ ਜਾਨਸਨ ਦੇ ਅਸਤੀਫੇ ਤੋਂ ਬਾਅਦ ਉਨ੍ਹਾਂ ਦੀ ਸੀਟ ’ਤੇ ਉਪ ਚੋਣ ਹੋਣੀ ਹੈ। ਬੋਰਿਸ ਜੌਨਸਨ ਦੀ ਇਸ ਸਮੇਂ ਸੰਸਦੀ ਜਾਂਚ ਚੱਲ ਰਹੀ ਹੈ। ਉਹ 41 ਮੰਤਰੀਆਂ ਦੀ ਬਗਾਵਤ ਤੋਂ ਬਾਅਦ ਦਬਾਅ ਦਾ ਸਾਹਮਣਾ ਕਰ ਰਹੇ ਸਨ। ਜਾਨਸਨ ਆਪਣੀ ਹੀ ਕੰਜ਼ਰਵੇਟਿਵ ਪਾਰਟੀ ’ਚ ਘਿਰ ਗਏ ਸਨ।

ਇੱਕ ਸੰਸਦੀ ਕਮੇਟੀ ਇਸ ਗੱਲ ਦੀ ਜਾਂਚ ਕਰ ਰਹੀ ਹੈ ਕਿ ਕੀ ਉਸਨੇ ਹਾਊਸ ਆਫ ਕਾਮਨਜ਼ ਨੂੰ ਇਹ ਕਹਿ ਕੇ ਗੁੰਮਰਾਹ ਕੀਤਾ ਕਿ ਕੋਰੋਨਾ ਨਾਲ ਸਬੰਧਤ ਸਾਰੇ ਨਿਯਮਾਂ ਦੀ ਪਾਲਣਾ ਕੀਤੀ ਜਾ ਰਹੀ ਹੈ। ਜਾਂਚ ਦਾ ਜੌਹਨਸਨ ਦੇ ਸਿਆਸੀ ਭਵਿੱਖ ’ਤੇ ਅਸਰ ਪੈਣ ਦੀ ਸੰਭਾਵਨਾ ਹੈ। ਸੰਸਦ ਦੀ ਵਿਸ਼ੇਸ਼ ਅਧਿਕਾਰ ਕਮੇਟੀ ਨੂੰ ਇਹ ਅਧਿਕਾਰ ਹੈ ਕਿ ਜੇਕਰ ਇਹ ਸਾਬਤ ਹੋ ਜਾਂਦਾ ਹੈ ਕਿ ਬੋਰਿਸ ਜੌਹਨਸਨ ਨੇ ਸੰਸਦ ਨੂੰ ਗੁੰਮਰਾਹ ਕੀਤਾ ਹੈ, ਤਾਂ ਫਿਰ ਇਹ ਉਨ੍ਹਾਂ ਦੀ ਮੈਂਬਰਸ਼ਿਪ ਨੂੰ 10 ਦਿਨਾਂ ਤੋਂ ਵੱਧ ਲਈ ਮੁਅੱਤਲ ਕਰਨ ਦੀ ਸਿਫ਼ਾਰਸ਼ ਕਰ ਸਕਦਾ ਹੈ। ਬੋਰਿਸ ਜਾਨਸਨ ਨੇ ਕਿਹਾ: “ਮੈਨੂੰ ਵਿਸ਼ੇਸ਼ ਅਧਿਕਾਰਾਂ ਦੀ ਕਮੇਟੀ ਤੋਂ ਇੱਕ ਪੱਤਰ ਮਿਲਿਆ ਹੈ, ਜਿਸ ਵਿਚ ਕਿਹਾ ਗਿਆ ਹੈ ਕਿ ਉਹ ਮੇਰੇ ਵਿਰੁੱਧ ਕਾਰਵਾਈ ਨੂੰ ਅੱਗੇ ਵਧਾਉਣ ਲਈ ਦ੍ਰਿੜ੍ਹ ਹੈ।” ਦੱਸ ਦਈਏ ਬੋਰਿਸ ਜੌਨਸਨ ਨੇ 2022 ਵਿਚ ਪ੍ਰਧਾਨ ਮੰਤਰੀ ਦਾ ਅਹੁਦਾ ਛੱਡ ਦਿੱਤਾ ਸੀ, ਪਰ ਉਹ ਸੰਸਦ ਮੈਂਬਰ ਵਜੋਂ ਸੇਵਾ ਕਰਦੇ ਰਹੇ।

ਵਿਸ਼ਵ ਸੁੰਦਰੀ ਮੁਕਾਬਲਾ ਇਸ ਸਾਲ ਹੋਵੇਗਾ ਭਾਰਤ ’ਚ !

- 27 ਸਾਲਾਂ ਬਾਅਦ ਮਿਲੀ ਮੁਕਾਬਲੇ ਦੀ ਮੇਜ਼ਬਾਨੀ

ਨਵੀਂ ਦਿੱਲੀ, (ਪੰਜਾਬ ਮੇਲ)- ਇਸ ਸਾਲ ਹੋਣ ਵਾਲਾ 71ਵਾਂ ਵਿਸ਼ਵ ਸੁੰਦਰੀ ਮੁਕਾਬਲਾ ਭਾਰਤ ’ਚ ਕਰਵਾਇਆ ਜਾਵੇਗਾ। ਇਹ ਮੁਕਾਬਲਾ ਇਸ ਸਾਲ ਨਵੰਬਰ ਮਹੀਨੇ ਵਿਚ ਕਰਵਾਇਆ ਜਾਵੇਗਾ, ਭਾਰਤ ਲਗਭਗ ਤਿੰਨ ਦਹਾਕਿਆਂ ਬਾਅਦ ਮੁੜ ਇਸ ਕੌਮਾਂਤਰੀ ਮੁਕਾਬਲੇ ਦੀ ਮੇਜ਼ਬਾਨੀ ਕਰੇਗਾ, ਪਿਛਲੀ ਵਾਰ ਭਾਰਤ ਨੇ 1996 ਵਿਚ ਮੇਜ਼ਬਾਨੀ ਕੀਤੀ ਸੀ। ਵਿਸ਼ਵ ਸੁੰਦਰੀ ਆਰਗੇਨਾਈਜ਼ੇਸ਼ਨ ਦੀ ਚੇਅਰਪਰਸਨ ਅਤੇ ਸੀ.ਈ.ਓ. ਜੂਲੀਆ ਮੋਰਲੇ ਨੇ ਇਥੇ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ, “ਮੈਨੂੰ ਇਹ ਐਲਾਨ ਕਰਦਿਆਂ ਬਹੁਤ ਖੁਸ਼ੀ ਹੋ ਰਹੀ ਹੈ ਕਿ ਇਸ ਵਾਰ ਦੇ ਵਿਸ਼ਵ ਸੁੰਦਰੀ ਮੁਕਾਬਲੇ ਦਾ ਫਾਈਨਲ ਭਾਰਤ ਵਿਚ ਕਰਵਾਇਆ ਜਾਵੇਗਾ। ਅਸੀਂ ਭਾਰਤ ਦੇ ਨਿਵੇਕਲੇ ਸੱਭਿਆਚਾਰ ਅਤੇ ਸੰਸਕ੍ਰਿਤੀ ਨੂੰ ਪੂਰੀ ਦੁਨੀਆਂ ਸਾਹਮਣੇ ਰੱਖਣ ਲਈ ਬੇਤਾਬ ਹਾਂ।”

ਇਸ ਮੁਕਾਬਲੇ ਦੇ ਫਾਈਨਲ ’ਚ 130 ਦੇਸ਼ਾਂ ਦੀਆਂ ਜੇਤੂ ਮੁਟਿਆਰਾਂ ਇਕ ਮਹੀਨੇ ਲਈ ਭਾਰਤ ਆਉਣਗੀਆਂ। ਇਕ ਮਹੀਨਾ ਚੱਲਣ ਵਾਲੇ ਇਸ ਮੁਕਾਬਲੇ ਦੌਰਾਨ ਮੁਟਿਆਰਾਂ ਦੇ ਕਈ ਤਰ੍ਹਾਂ ਦੇ ਮੁਕਾਬਲੇ ਕਰਵਾਏ ਜਾਣਗੇ, ਜਿਨ੍ਹਾਂ ਵਿਚ ਹੁਨਰ ਪ੍ਰਦਰਸ਼ਨ, ਖੇਡਾਂ ਦੇ ਮੁਕਾਬਲੇ ਤੇ ਭਲਾਈ ਕਾਰਜ ਵੀ ਸ਼ਾਮਲ ਹਨ।

DR. TAKHAR'S
MEDICAL SPA
Experience Sacramento's Top Medical Spa
(916) 688-9994
Our multi-cultural staff will welcome you to our spa and put together a treatment plan that meets your lifestyle and budget.
Free Consultations!
Before
After
Cheek Filler Treatment for Facial Volume Loss
Before
After
Frown Line and forehead Line Treatment with Dysport
BEFORE
AFTER
Double Chin Treatment with Kybella
Under Arm Laser Hair Removal
Designed By Punjab Mail USA
ਡਾ. ਤੱਖਰ ਮੈਡਿਕਲ ਸਪਾ
www.takharmedicalspa.com
8191 Timberlake Way Suite 350
Sacramento, CA 95823
(916) 688-9994
info@takharmedicalspa.com
Mon-Sat: 9:00AM to 7:00 PM Sun: By Appointment Only

ਵੈਨਕੂਵਰ ਵਿਚਾਰ ਮੰਚ ਵੱਲੋਂ ਪ੍ਰਸਿੱਧ ਪੰਜਾਬੀ ਵਿਦਵਾਨ ਪ੍ਰੋ. ਰਵਿੰਦਰ ਸਿੰਘ ਨਾਲ ਰੂਬਰੂ ਪ੍ਰੋਗਰਾਮ

- ਪ੍ਰੋ. ਰਵਿੰਦਰ ਸਿੰਘ ਨੇ ਪੰਜਾਬੀ ਸਾਹਿਤ, ਪੰਜਾਬ ਅਤੇ ਪਰਵਾਸੀ ਪੰਜਾਬੀਆਂ ਬਾਰੇ ਉਠਾਏ ਕਈ ਅਹਿਮ ਨੁਕਤੇ

ਸਰੀ, (ਹਰਦਮ ਮਾਨ/ਪੰਜਾਬ ਮੇਲ)- ਵੈਨਕੂਵਰ ਵਿਚਾਰ ਮੰਚ ਵੱਲੋਂ ਜਰਨੈਲ ਆਰਟ ਗੈਲਰੀ ਅਤੇ ਗੁਰਦੀਪ ਆਰਟਸ ਅਕੈਡਮੀ ਦੇ ਸਹਿਯੋਗ ਨਾਲ ਭਾਰਤ ਤੋਂ ਆਏ ਪ੍ਰਸਿੱਧ ਪੰਜਾਬੀ ਆਲੋਚਕ ਅਤੇ ਦਿਆਲ ਸਿੰਘ ਕਾਲਜ (ਦਿੱਲੀ ਯੂਨੀਵਰਸਿਟੀ) ਦੇ ਪ੍ਰੋਫੈਸਰ ਰਵਿੰਦਰ ਸਿੰਘ ਨਾਲ ਰੂਬਰੂ ਪ੍ਰੋਗਰਾਮ ਕਰਵਾਇਆ ਗਿਆ, ਜਿਸ ਵਿਚ ਪ੍ਰੋ. ਰਵਿੰਦਰ ਸਿੰਘ ਨੇ ਪੰਜਾਬੀ ਸਾਹਿਤ ਦੇ ਵਿਚਾਰਧਾਰਕ ਪੱਖ, ਰਾਜਨੀਤਿਕ ਸੁਰ, ਗੁਰਬਾਣੀ, ਪੰਜਾਬ, ਪਰਵਾਸੀ ਪੰਜਾਬ ਅਤੇ ਪੰਜਾਬੀਅਤ ਬਾਰੇ ਵਿਸਥਾਰ ਵਿਚ ਬੜੇ ਅਹਿਮ ਪਹਿਲੂਆਂ ਉਪਰ ਆਪਣਾ ਨਜ਼ਰੀਆ ਪੇਸ਼ ਕੀਤਾ।

ਪ੍ਰੋਗਰਾਮ ਦਾ ਆਗਾਜ਼ ਕਰਦਿਆਂ ਵੈਨਕੂਵਰ ਵਿਚਾਰ ਮੰਚ ਦੇ ਜਨਰਲ ਸਕੱਤਰ ਮੋਹਨ ਗਿੱਲ ਨੇ ਪ੍ਰੋ. ਰਵਿੰਦਰ ਸਿੰਘ, ਉਨ੍ਹਾਂ ਦੀ ਧਰਮ ਪਤਨੀ ਗੁਰਜੀਤ ਕੌਰ ਅਤੇ ਹਾਜ਼ਰ ਸ਼ਖ਼ਸੀਅਤਾਂ ਨੂੰ ਜੀ ਆਇਆਂ ਆਖਦਿਆਂ ਪ੍ਰੋ. ਰਵਿੰਦਰ ਸਿੰਘ ਬਾਰੇ ਸੰਖੇਪ ਜਾਣਕਾਰੀ ਦਿੱਤੀ। ਮੰਚ ਦੇ ਪ੍ਰਧਾਨ ਜਰਨੈਲ ਸਿੰਘ ਆਰਟਿਸਟ ਨੇ ਮੰਚ ਦੀ ਸਥਾਪਨਾ ਅਤੇ ਉਦੇਸ਼ ਬਾਰੇ ਚਾਨਣਾ ਪਾਇਆ।

ਪ੍ਰੋ. ਰਵਿੰਦਰ ਸਿੰਘ ਨੇ ਇੰਡੀਅਨ ਇੰਸਟੀਚਿਊਟ ਆਫ ਅਡਵਾਂਸਡ ਸਟੱਡੀ ਸ਼ਿਮਲਾ ਵਿਖੇ ਆਪਣੀ ਮੌਜੂਦਾ ਜ਼ਿੰਮੇਵਾਰੀ ਬਾਰੇ ਦੱਸਿਆ। ਉਨ੍ਹਾਂ ਕਿਹਾ ਕਿ ਮੀਡੀਆ ਜਾਂ ਸੋਸ਼ਲ ਮੀਡੀਆ ਰਾਹੀਂ ਕਿਸੇ ਇਕ ਧਿਰ ਦੇ ਵਿਚਾਰ ਜਾਂ ਪੱਖ ਸੁਣ ਕੇ ਉਸ ਨੂੰ ਹੀ ਸੱਚ ਨਹੀਂ ਮੰਨ ਲੈਣਾ ਚਾਹੀਦਾ, ਸਗੋਂ ਵਿਵਾਦ ਪੂਰਨ ਮਸਲਿਆਂ ਬਾਰੇ ਵੱਖ-ਵੱਖ ਸਰੋਤਾਂ ਤੋਂ ਸਾਰੇ ਧਿਰਾਂ ਦਾ ਪੱਖ ਜਾਣ ਕੇ ਹੀ ਆਪਣੀ ਕੋਈ ਸੋਚ ਨਿਰਧਾਰਤ ਕਰਨੀ ਚਾਹੀਦੀ ਹੈ। ਇਸ ਮੌਕੇ ਉਨ੍ਹਾਂ ਦੀ ਸੁਪਤਨੀ ਗੁਰਜੀਤ ਕੌਰ ਨੇ ਵੀ ਆਪਣੇ ਵਿਚਾਰ ਰੱਖੇ।

ਇਸ ਰੂਬਰੂ ਪ੍ਰੋਗਰਾਮ ਸਮੇਂ ਡਾ. ਹਰਜੀਤ ਕੌਰ ਖੈਹਿਰਾ, ਸਤੀਸ਼ ਗੁਲਾਟੀ, ਮੋਹਨ ਗਿੱਲ ਨੇ ਵੀ ਆਪਣੇ ਵਿਚਾਰ ਪ੍ਰਗਟ ਕੀਤੇ। ਮੰਚ ਦੇ ਸਰਪ੍ਰਸਤ ਅਤੇ ਪ੍ਰਸਿੱਧ ਨਾਵਲਕਾਰ ਜਰਨੈਲ ਸਿੰਘ ਸੇਖਾ ਨੇ ਅੰਤ ਵਿਚ ਪ੍ਰੋ. ਰਵਿੰਦਰ ਸਿੰਘ ਅਤੇ ਸਭਨਾਂ ਹਾਜਰ ਸ਼ਖ਼ਸੀਅਤਾਂ ਦਾ ਧੰਨਵਾਦ ਕੀਤਾ। ਰੂਬਰੂ ਪ੍ਰੋਗਰਾਮ ਵਿਚ ਡਾ. ਸੁਖਵਿੰਦਰ ਸਿੰਘ ਸੇਖੋਂ, ਲਖਵਿੰਦਰ ਸਿੰਘ ਔਜਲਾ, ਕੁਲਦੀਪ ਮਿਨਹਾਸ, ਜਰਨਲਿਸਟ ਬਖਸ਼ਿੰਦਰ ਅਤੇ ਹਰਦਮ ਸਿੰਘ ਮਾਨ ਵੀ ਮੌਜੂਦ ਸਨ।

ਦਿੱਲੀ ਪੁਲਿਸ ਪਹਿਲਵਾਨਾਂ ਦੇ ਮਾਮਲੇ ’ਚ ਜਲਦ ਹੀ ਅਦਾਲਤ ’ਚ ਪੇਸ਼ ਕਰੇਗੀ ਰਿਪੋਰਟ

ਨਵੀਂ ਦਿੱਲੀ, (ਪੰਜਾਬ ਮੇਲ)- ਦਿੱਲੀ ਪੁਲਿਸ ਪਹਿਲਵਾਨਾਂ ਦੇ ਮਾਮਲੇ ’ਚ ਜਲਦ ਹੀ 150 ਤੋਂ ਵੱਧ ਗਵਾਹਾਂ ਦੀ ਚੈਟ, ਵੀਡੀਓ ਅਤੇ ਬਿਆਨ ਅਦਾਲਤ ’ਚ ਪੇਸ਼ ਕਰੇਗੀ। ਸੂਤਰਾਂ ਅਨੁਸਾਰ ਪੁਲਿਸ ਨੇ ਭਾਰਤੀ ਕੁਸ਼ਤੀ ਸੰਘ ਦੇ ਦਫਤਰ ਦੇ ਸੀ.ਸੀ.ਟੀ.ਵੀ. ਫੁਟੇਜ ਸਮੇਤ ਕਈ ਵੀਡੀਓਜ਼ ਇਕੱਠੇ ਕੀਤੇ ਹਨ। ਇਸ ਤੋਂ ਪਹਿਲਾਂ ਪੁਲਿਸ ਨੇ ਪੰਜ ਵਿਦੇਸ਼ੀ ਕੁਸ਼ਤੀ ਫੈਡਰੇਸ਼ਨਾਂ ਤੱਕ ਪਹੁੰਚ ਕਰਕੇ ਜਾਣਕਾਰੀ ਮੰਗੀ ਸੀ, ਕਿਉਂਕਿ ਕਈ ਪਹਿਲਵਾਨਾਂ ਨੇ ਵਿਦੇਸ਼ਾਂ ਵਿਚ ਟੂਰਨਾਮੈਂਟਾਂ ਦੌਰਾਨ ਤੰਗ-ਪ੍ਰੇਸ਼ਾਨ ਕਰਨ ਦੇ ਦੋਸ਼ ਲਗਾਏ ਹਨ। ਫਿਲਹਾਲ ਉਹ ਇਨ੍ਹਾਂ ਫੈਡਰੇਸ਼ਨਾਂ ਦੇ ਜਵਾਬ ਦੀ ਉਡੀਕ ਕਰ ਰਹੀ ਹੈ। ਪੁਲਿਸ ਵੱਲੋਂ ਦਾਇਰ ਚਾਰਜਸ਼ੀਟ ਬਾਰੇ ਅਧਿਕਾਰੀਆਂ ਨੇ ਦੱਸਿਆ ਕਿ ਪੁਲਿਸ ਕਮਿਸ਼ਨਰ ਸੰਜੇ ਅਰੋੜਾ ਨੇ ਜਾਂਚ ਦੀ ਪ੍ਰਗਤੀ ਦਾ ਜਾਇਜ਼ਾ ਲਿਆ ਹੈ। ਜਾਂਚ ਅਧਿਕਾਰੀ ਹੁਣ ਜ਼ਰੂਰੀ ਪ੍ਰਕਿਰਿਆਵਾਂ ਨੂੰ ਪੂਰਾ ਕਰੇਗਾ ਅਤੇ ਰਿਪੋਰਟਾਂ ਨੂੰ ਅਦਾਲਤ ਨੂੰ ਸੌਂਪੇਗਾ। ਅਪ੍ਰੈਲ ਵਿਚ, ਦਿੱਲੀ ਪੁਲਿਸ ਨੇ ਜਿਨਸੀ ਸ਼ੋਸ਼ਣ ਦੇ ਦੋਸ਼ਾਂ ਦੇ ਅਧਾਰ ’ਤੇ ਡਬਲਯੂ.ਐੱਫ.ਆਈ. ਦੇ ਮੁਖੀ ਬ੍ਰਿਜ ਭੂਸ਼ਣ ਸ਼ਰਨ ਸਿੰਘ ਵਿਰੁੱਧ ਦੋ ਵੱਖਰੀਆਂ ਪਹਿਲੀ ਸੂਚਨਾ ਰਿਪੋਰਟਾਂ (ਐੱਫ.ਆਈ.ਆਰ.) ਦਰਜ ਕੀਤੀਆਂ। ਪਹਿਲੀ ਐੱਫ.ਆਈ.ਆਰ. ਇੱਕ ਨਾਬਾਲਗ ਦੁਆਰਾ ਲਗਾਏ ਗਏ ਦੋਸ਼ਾਂ ਨਾਲ ਸਬੰਧਤ ਹੈ ਅਤੇ ਇਸ ਨੂੰ ਜਿਨਸੀ ਅਪਰਾਧਾਂ ਤੋਂ ਬੱਚਿਆਂ ਦੀ ਸੁਰੱਖਿਆ (ਪੋਕਸੋ) ਐਕਟ ਦੇ ਤਹਿਤ, ਭਾਰਤੀ ਦੰਡ ਸੰਹਿਤਾ ਦੀਆਂ ਸਬੰਧਤ ਧਾਰਾਵਾਂ ਦੇ ਨਾਲ-ਨਾਲ ਨਿਮਰਤਾ ਨੂੰ ਭੜਕਾਉਣ ਵਾਲੇ ਕੰਮ ਦੇ ਸੰਬੰਧ ਵਿਚ ਦਰਜ ਕੀਤਾ ਗਿਆ ਹੈ। ਦੂਜੀ ਐੱਫ.ਆਈ.ਆਰ. ਬਾਲਗ ਸ਼ਿਕਾਇਤਕਰਤਾਵਾਂ ਦੁਆਰਾ ਕੀਤੀਆਂ ਗਈਆਂ ਸ਼ਿਕਾਇਤਾਂ ਦੀ ਵਿਆਪਕ ਜਾਂਚ ’ਤੇ ਕੇਂਦਰਿਤ ਕਰਦੀ ਹੈ ਅਤੇ ਇਸ ਵਿਚ ਅਪਮਾਨਜਨਕ ਨਿਮਰਤਾ ਨਾਲ ਸਬੰਧਤ ਆਈ.ਪੀ.ਸੀ. ਦੀਆਂ ਸਬੰਧਤ ਧਾਰਾਵਾਂ ਸ਼ਾਮਲ ਹਨ। ਮਾਮਲੇ ’ਚ ਸ਼ਾਮਲ ਨਾਬਾਲਗ ਪਹਿਲਵਾਨ ਦੇ ਪਿਤਾ ਨੇ ਅੱਗੇ ਵਧਦਿਆਂ ਦਾਅਵਾ ਕੀਤਾ ਹੈ ਕਿ ਉਨ੍ਹਾਂ ਨੇ ਮੁਖੀ ਖਿਲਾਫ ਜਿਨਸੀ ਸ਼ੋਸ਼ਣ ਦੀ ‘ਝੂਠੀ’ ਸ਼ਿਕਾਇਤ ਦਰਜ ਕਰਵਾਈ ਹੈ। ਪਿਤਾ ਦਾ ਦੋਸ਼ ਹੈ ਕਿ ਉਸਦੀ ਧੀ ਨਾਲ ਮੁਖੀ ਦੇ ਕਥਿਤ ਪੱਖਪਾਤੀ ਵਿਵਹਾਰ ਨੂੰ ਲੈ ਕੇ ਗੁੱਸੇ ਅਤੇ ਨਿਰਾਸ਼ਾ ਦੁਆਰਾ ਉਸ ਦੀਆਂ ਹਰਕਤਾਂ ਕੀਤੀਆਂ ਗਈਆਂ ਸਨ।

ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ :
www.punjabmailusa.com

ਸਫਾ 1 ਦਾ ਬਾਕੀ

ਗੁਪਤ ਦਸਤਾਵੇਜ਼ਾਂ ਨਾਲ ਜੁੜੇ ਅਪਰਾਧਿਕ ਮਾਮਲੇ ’ਚ...

ਗਏ ਦੋਸ਼ਾਂ ਦੇ ਅਨੁਸਾਰ, ਟਰੰਪ ਨੇ ਆਪਣੇ ਮਾਰ-ਏ-ਲਾਗੋ ਨਿਵਾਸ ਅਤੇ ਕਲੱਬ ਵਿਚ ਦਸਤਾਵੇਜ਼ਾਂ ਨੂੰ ਅਸੁਰੱਖਿਅਤ ਰੱਖਿਆ, ਜੋ ਨਿਯਮਤ ਤੌਰ ’ਤੇ ਸਮਾਗਮਾਂ ਲਈ ਹਜ਼ਾਰਾਂ ਮਹਿਮਾਨਾਂ ਦੀ ਮੇਜ਼ਬਾਨੀ ਕਰਦਾ ਹੈ। ਦੋਸ਼ਾਂ ਵਿਚ ਕਿਹਾ ਗਿਆ ਹੈ ਕਿ ਦਸਤਾਵੇਜ਼ਾਂ ਦਾ ਅਣਅਧਿਕਾਰਤ ਖੁਲਾਸਾ ਅਮਰੀਕਾ ਦੀ ਰਾਸ਼ਟਰੀ ਸੁਰੱਖਿਆ ਨੂੰ ਖਤਰੇ ਵਿਚ ਪਾ ਸਕਦਾ ਹੈ।

ਜੇ ਟਰੰਪ ’ਤੇ ਦੋਸ਼ ਸਾਬਤ ਹੁੰਦੇ ਹਨ, ਤਾਂ ਇਸ ਨੂੰ ਪੂਰਾ ਕੇਸ ਚੱਲਣ ਤੋਂ ਬਾਅਦ ਲੰਮੀ ਸਜ਼ਾ ਵੀ ਹੋ ਸਕਦੀ ਹੈ। ਟਰੰਪ 3 ਵਜੇ ਦੇ ਕਰੀਬ ਮਿਆਮੀ ਪੁੱਜੇ। ਉਸ ਤੋਂ ਬਾਅਦ ਉਹ ਸਿੱਧਾ ਕੋਰਟ ਹਾਊਸ ਗਏ। ਪੂਰਾ ਕੋਰਟ ਹਾਊਸ ਸੀਕ੍ਰੇਟ ਸਰਵਿਸ ਏਜੰਟਾਂ ਦੁਆਰਾ ਘਿਰਿਆ ਹੋਇਆ ਸੀ। ਕੋਰਟ ਹਾਊਸ ਦੇ ਬਾਹਰ ਕਾਫੀ ਵੱਡੀ ਭੀੜ ਸੀ, ਜਿਨ੍ਹਾਂ ਵਿਚ ਜਿੱਥੇ ਟਰੰਪ ਦੇ ਹੱਕ ਵਿਚ ਲੋਕ ਇਕੱਤਰ ਹੋਏ ਸਨ, ਉਥੇ ਉਸ ਦੇ ਖਿਲਾਫ ਵੀ ਨਾਅਰੇਬਾਜ਼ੀ ਕੀਤੀ ਗਈ।

ਸਫਾ 1 ਦਾ ਬਾਕੀ

ਧੋਖਾਧੜੀ ਦਾ ਸ਼ਿਕਾਰ ਵਿਦਿਆਰਥੀਆਂ ਨੂੰ ਪੀ.ਆਰ. ਦੇਣ...

ਹੁਣ ਇਹ ਸਾਬਿਤ ਕਰਨ ਦਾ ਮੌਕਾ ਦਿੱਤਾ ਜਾਵੇਗਾ ਕਿ ਉਨ੍ਹਾਂ ਦਾ ਫਾਇਦਾ ਉਠਾਇਆ ਗਿਆ ਹੈ। ਵਿਦਿਆਰਥੀਆਂ ਦੇ ਦਾਖਲਾ ਪੱਤਰ ਜਾਅਲੀ ਹੋਣ ਬਾਰੇ ਪ੍ਰਸ਼ਾਸਨ ਨੂੰ ਮਾਰਚ ਮਹੀਨੇ ਪਤਾ ਲੱਗਿਆ ਸੀ। ਜਦੋਂ ਪੀ.ਆਰ. ਲਈ ਇਨ੍ਹਾਂ ਵਿਦਿਆਰਥੀਆਂ ਨੇ ਅਪਲਾਈ ਕੀਤਾ ਸੀ। ਸੀਨ ਫਰੇਜ਼ਰ ਨੇ ਕਿਹਾ ਕਿ ਬੇਕਸੂਰ ਵਿਦਿਆਰਥੀ, ਜੋ ਕਿ ਧੋਖਾਧੜੀ ਦਾ ਸ਼ਿਕਾਰ ਹੋਏ ਹਨ, ਉਨ੍ਹਾਂ ਨੂੰ ਇਹ ਸਾਬਿਤ ਕਰਨ ਦਾ ਕੈਨੇਡਾ ਸਰਕਾਰ ਮੌਕਾ ਦੇਵੇਗੀ ਕਿ ਕਿਵੇਂ ਉਨ੍ਹਾਂ ਦੇ ਨਾਲ ਧੋਖਾ ਹੋਇਆ ਅਤੇ ਉਨ੍ਹਾਂ ਦਾ ਫਾਇਦਾ ਚੁੱਕਿਆ ਗਿਆ। ਸਰਕਾਰ ਇਸ ਲਈ ਇੱਕ ਢੁੱਕਵਾਂ ਹੱਲ ਉਪਲਬਧ ਕਰਾਏਗੀ। ਜਿਹੜੇ ਵਿਦਿਆਰਥੀਆਂ ’ਤੇ ਡਿਪੋਰਟ ਦੀ ਤਲਵਾਰ ਲਟਕੀ ਹੋਈ ਸੀ, ਉਨ੍ਹਾਂ ਵਿਚੋਂ ਵੱਡੀ ਗਿਣਤੀ ਪੰਜਾਬੀ ਵਿਦਿਆਰਥੀਆਂ ਦੀ ਹੈ। ਇਸ ਲਈ ਕੈਨੇਡਾ ਵਿਚ ਪੰਜਾਬੀ ਭਾਈਚਾਰੇ ਵੱਲੋਂ ਪੂਰੀ ਆਵਾਜ਼ ਉਠਾਈ ਜਾ ਰਹੀ ਹੈ।

ਸਫਾ 1 ਦਾ ਬਾਕੀ

ਵਿਜੀਲੈਂਸ ਬਿਊਰੋ ਵੱਲੋਂ ਸਾਬਕਾ ਮੁੱਖ ਮੰਤਰੀ ਚੰਨੀ ਖਿਲਾਫ਼...

ਬਣਾਉਣ ਬਾਰੇ ਸਵਾਲ ਜਵਾਬ ਕੀਤੇ ਗਏ। ਪਤਾ ਲੱਗਾ ਹੈ ਕਿ ਵਿਜੀਲੈਂਸ ਨੇ ਚੰਨੀ ਨੂੰ ਆਪਣੇ ਆਮਦਨ ਸਰੋਤਾਂ ਅਤੇ ਜਾਇਦਾਦਾਂ ਬਾਰੇ ਜਿਹੜਾ ਪ੍ਰੋਫਾਰਮਾ ਭਰਨ ਲਈ ਦਿੱਤਾ ਸੀ, ਉਨ੍ਹਾਂ ਉਹ ਪ੍ਰੋਫਾਰਮਾ ਭਰ ਕੇ ਵਿਜੀਲੈਂਸ ਨੂੰ ਸੌਂਪ ਦਿੱਤਾ ਹੈ। ਇਸ ਵਿਚ ਸਾਬਕਾ ਮੁੱਖ ਮੰਤਰੀ ਵੱਲੋਂ ਆਪਣੇ ਆਮਦਨ ਸਰੋਤਾਂ ਅਤੇ ਸੰਪਤੀਆਂ ਦਾ ਵਿਸਥਾਰ ਵਿਚ ਬਿਓਰਾ ਦਿੱਤਾ ਗਿਆ ਹੈ। ਉਧਰ, ਜਦੋਂ ਸਾਬਕਾ ਮੁੱਖ ਮੰਤਰੀ ਚਰਨਜੀਤ ਚੰਨੀ ਜਿਵੇਂ ਹੀ ਵਿਜੀਲੈਂਸ ਭਵਨ ਤੋਂ ਬਾਹਰ ਆਏ, ਤਾਂ ਉੱਥੇ ਵੱਡੀ ਗਿਣਤੀ ਵਿਚ ਤਾਇਨਾਤ ਮੀਡੀਆ ਕਰਮੀਆਂ ਨੇ ਉਨ੍ਹਾਂ ਨਾਲ ਗੱਲਬਾਤ ਕਰਨ ਦੀ ਬਹੁਤ ਕੋਸ਼ਿਸ਼ ਕੀਤੀ, ਲੇਕਿਨ ਚੰਨੀ ਮੀਡੀਆ ਨਾਲ ਗੱਲ ਕੀਤੇ ਬਿਨਾਂ ਹੀ ਆਪਣੀ ਕਾਰ ਵਿਚ ਬੈਠ ਕੇ ਰਵਾਨਾ ਹੋ ਗਏ, ਜਦੋਂਕਿ ਇਸ ਤੋਂ ਪਹਿਲਾਂ ਚੰਨੀ, ਹਮੇਸ਼ਾ ਸੂਬਾ ਸਰਕਾਰ ਅਤੇ ਜਾਂਚ ਏਜੰਸੀ ਦੀ ਕਾਰਵਾਈ ’ਤੇ ਸਵਾਲ ਚੁੱਕਦੇ ਰਹੇ ਹਨ ਪਰ ਇਸ ਵਾਰ ਉਨ੍ਹਾਂ ਨੇ ਬਿਲਕੁਲ ਚੁੱਪ ਧਾਰ ਲਈ। ਜ਼ਿਕਰਯੋਗ ਹੈ ਕਿ ਪੰਜਾਬ ਵਿਚ ਸੱਤਾ ਪਰਿਵਰਤਨ ਤੋਂ ਬਾਅਦ ਚਰਨਜੀਤ ਚੰਨੀ ‘ਆਪ’ ਸਰਕਾਰ ਦੇ ਰਾਡਾਰ ’ਤੇ ਹਨ। ਹਾਲਾਂਕਿ ਪਹਿਲਾਂ ਇਹ ਗੱਲ ਬੜੇ ਜ਼ੋਰਾਂ-ਸ਼ੋਰਾਂ ਨਾਲ ਪ੍ਰਚਾਰੀ ਗਈ ਸੀ ਕਿ ਕਾਨੂੰਨੀ ਕਾਰਵਾਈ ਤੋਂ ਬਚਣ ਲਈ ਚੰਨੀ ਵਿਦੇਸ਼ ਦੌੜ ਗਏ ਹਨ ਪ੍ਰੰਤੂ ਹੁਣ ਚੰਨੀ ਨੂੰ ਵਾਪਸ ਆਇਆਂ ਨੂੰ ਕਾਫ਼ੀ ਸਮਾਂ ਹੋ ਗਿਆ ਹੈ ਲੇਕਿਨ ਅਜੇ ਤਾਈਂ ਸਰਕਾਰ ਨੇ ਉਨ੍ਹਾਂ ਖ਼ਿਲਾਫ਼ ਕੋਈ ਕਾਰਵਾਈ ਅਮਲ ਵਿਚ ਨਹੀਂ ਲਿਆਂਦੀ। ਵਿਜੀਲੈਂਸ ਬਿਊਰੋ ਵੱਲੋਂ ਚੰਨੀ ਦੇ ਖ਼ਿਲਾਫ਼ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਦੇ ਮਾਮਲੇ ਦੀ ਜਾਂਚ ਸ਼ੁਰੂ ਕੀਤੀ ਹੋਈ ਹੈ। ਪਿੱਛੇ ਜਿਹੇ ਮੁੱਖ ਮੰਤਰੀ ਭਗਵੰਤ ਮਾਨ ਨੇ ਬਜਟ ਸੈਸ਼ਨ ਦੌਰਾਨ ਹਾਊਸ ਵਿਚ ਇਹ ਗੱਲ ਆਖੀ ਸੀ ਕਿ ਸੂਬੇ ਦੇ ਕਈ ਸਾਬਕਾ ਕਾਂਗਰਸੀ ਮੰਤਰੀਆਂ ਨੂੰ ਭ੍ਰਿਸ਼ਟਾਚਾਰ ਦੇ ਮਾਮਲਿਆਂ ਵਿਚ ਫੜ ਕੇ ਜੇਲ੍ਹ ਵਿਚ ਡੱਕਿਆ ਗਿਆ ਹੈ ਅਤੇ ਹੁਣ ਸਾਬਕਾ ਮੁੱਖ ਮੰਤਰੀ ਚਰਨਜੀਤ ਚੰਨੀ ਦੀ ਵਾਰੀ ਹੈ। ਉਨ੍ਹਾਂ ਨੂੰ ਵੀ ਫੜ ਕੇ ਹਵਾਲਾਤ ਵਿਚ ਬੰਦ ਕੀਤਾ ਜਾਵੇਗਾ।

ਰੋਜ਼ਾਨਾ ਖਬਰਾਂ ਪੜ੍ਹਨ ਲਈ ਕਲਿੱਕ ਕਰੋ :
www.punjabmailusa.com

ਸਫਾ 1 ਦਾ ਬਾਕੀ

ਕੈਨੇਡਾ ਦਾ ਕਿਊਬਿਕ ਇਮੀਗ੍ਰੈਂਟ ਇਨਵੈਸਟਰ ਪ੍ਰੋਗਰਾਮ ਮੁੜ...

ਫ੍ਰੈਂਚ ਡਿਪਲੋਮਾ ਕੋਰਸ ਜ਼ਰੂਰ ਕਰਨਾ ਹੋਵੇਗਾ। ਇੱਥੇ ਦੱਸ ਦਈਏ ਕਿ ਕਿਊਬਿਕ ਪ੍ਰੀਮੀਅਰ ਨੇ ਹਾਲ ਹੀ ਵਿਚ ਕਿਊਬਿਕ ਦੇ ਇਮੀਗ੍ਰੇਸ਼ਨ ਪ੍ਰੋਗਰਾਮਾਂ ਵਿਚ ਕਈ ਪ੍ਰਸਤਾਵਿਤ ਤਬਦੀਲੀਆਂ ਦਾ ਐਲਾਨ ਕੀਤਾ ਹੈ। ਜਿਸ ਦੇ ਤਹਿਤ ਕਿਊਬਿਕ ਦੇ ਬਿਜ਼ਨਸ ਇਮੀਗ੍ਰੇਸ਼ਨ ਪ੍ਰੋਗਰਾਮਾਂ ਵਿਚ ਕੁਝ ਮਹੱਤਵਪੂਰਨ ਤਬਦੀਲੀਆਂ ਕੀਤੀਆਂ ਜਾਣਗੀਆਂ, ਜਿਸ ਵਿਚ ਕਿਊਬਿਕ ਇਮੀਗ੍ਰੈਂਟ ਇਨਵੈਸਟਰ ਪ੍ਰੋਗਰਾਮ (ਕਿਊ.ਆਈ.ਆਈ.ਪੀ.) ਵੀ ਸ਼ਾਮਲ ਹੈ। ਲਗਭਗ 30 ਸਾਲਾਂ ਤੋਂ ਕੰਮ ਕਰ ਰਿਹਾ ਇਹ ਪ੍ਰੋਗਰਾਮ ਉਨ੍ਹਾਂ ਕਾਰੋਬਾਰੀ ਲੋਕਾਂ ਨੂੰ ਇਮੀਗ੍ਰੇਸ਼ਨ ਵਿਕਲਪ ਪ੍ਰਦਾਨ ਕਰਦਾ ਹੈ ਜੋ ਕਿਊਬਿਕ ਵਿਚ ਸੈਟਲ ਹੋਣਾ ਅਤੇ ਸਥਾਈ ਨਿਵਾਸੀ ਬਣਨਾ ਚਾਹੁੰਦੇ ਹਨ। ਪ੍ਰੋਗਰਾਮ ਲਈ ਜ਼ੋਖਮ-ਮੁਕਤ ਨਿਵੇਸ਼ ਦੀ ਲੋੜ ਹੁੰਦੀ ਹੈ, ਜਿਸ ਦੀ ਕਿਊਬਿਕ ਸਰਕਾਰ ਦੁਆਰਾ ਪੂਰੀ ਤਰ੍ਹਾਂ ਗਾਰੰਟੀ ਦਿੱਤੀ ਜਾਂਦੀ ਹੈ। ਇਸ ਲਈ ਕੋਈ ਕਾਰੋਬਾਰ ਹਾਸਲ ਕਰਨ ਜਾਂ ਬਣਾਉਣ ਜਾਂ ਜ਼ੋਖਮ ਭਰੇ ਨਿਵੇਸ਼ ਕਰਨ ਦੀ ਲੋੜ ਨਹੀਂ ਹੈ। ਕਿਊਬਿਕ ਵਿਚ ਕਾਰੋਬਾਰੀ ਇਮੀਗ੍ਰੇਸ਼ਨ ਇੱਕ ਸ਼੍ਰੇਣੀ ਹੈ, ਜੋ ਬਹੁਤ ਸਾਰੇ ਉੱਚ-ਆਮਦਨ ਵਾਲੇ ਵਿਅਕਤੀਆਂ ਨੂੰ ਲਾਭ ਪਹੁੰਚਾਉਂਦੀ ਹੈ, ਜਿਸ ਬਾਰੇ ਪ੍ਰੋਵਿੰਸ ਦਾ ਮੰਨਣਾ ਹੈ ਕਿ ਇਹ ਨੌਕਰੀਆਂ ਪੈਦਾ ਕਰਨ ਅਤੇ ਆਰਥਿਕਤਾ ਵਿਚ ਯੋਗਦਾਨ ਪਾਉਣ ਵਿਚ ਮਦਦ ਕਰ ਸਕਦੇ ਹਨ। ਕਿਊ.ਆਈ.ਆਈ.ਪੀ. ਵਿਚ ਨਿਵੇਸ਼ਕ ਪ੍ਰਵਾਸੀ ਪ੍ਰੋਵਿੰਸ ਨੂੰ 1.2 ਮਿਲੀਅਨ ਡਾਲਰ ਦੇ ਵਿਆਜ-ਮੁਕਤ ਕਰਜ਼ੇ ਦੇ ਬਦਲੇ ਪੀ.ਆਰ. ਲਈ ਅਰਜ਼ੀ ਦੇ ਸਕਦੇ ਹਨ। ਕਰਜ਼ੇ ਦੀ ਪੰਜ ਸਾਲਾਂ ਦੇ ਅੰਦਰ ਪੂਰੀ ਅਦਾਇਗੀ ਕਰਨ ਦੀ ਗਾਰੰਟੀ ਹੈ ਅਤੇ ਉਮੀਦਵਾਰਾਂ ਤੋਂ ਕਾਰੋਬਾਰ ਦਾ ਪ੍ਰਬੰਧਨ ਕਰਨ ਦੀ ਉਮੀਦ ਨਹੀਂ ਕੀਤੀ ਜਾਂਦੀ।

Do you know how to plan & secure your finances?

Book your free consultations for

- ✓ Tax free Retirement Planning
- ✓ College Education Planning
- ✓ Proper Protection
- ✓ Health & Disability (Long Term Care Planning)
- ✓ Annuities
- ✓ Will & Trust (Discounted for a limited time with conditions applied)
- ✓ Building Legacy

Harsimran Bajwa
Lic# 4267166
Call/Text: (916) 479-4783
Email: bajwahgi@gmail.com

Let's do the needful to secure our life and our family's future!

‘ਕੋਈ ਹਰਿਓ ਬੂਟੁ ਰਹਿਓ ਗੀ’

ਸਾਊ ਸਿਆਸਤਦਾਨ : ਤੇਜ ਪ੍ਰਕਾਸ਼ ਸਿੰਘ ਕੋਟਲੀ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
(Punjab Mail USA)

ਖ਼ੁਸ਼ਹਾਲ ਮਨੁੱਖੀ ਜ਼ਿੰਦਗੀ ਜਿਊਣ ਲਈ ਸੰਸਾਰਕ ਅਤੇ ਅਧਿਆਤਮਕ ਸੋਚ ਸਾਕਾਰਾਤਮਕ ਹੋਣੀ ਜ਼ਰੂਰੀ ਹੈ। ਜਿਸ ਵਿਅਕਤੀ ਨੇ ਇਨ੍ਹਾਂ ਦੋਹਾਂ ਪੱਖਾਂ ’ਤੇ ਨੈਤਿਕਤਾ ਨਾਲ ਪਹਿਰਾ ਦੇਣ ਦਾ ਫ਼ੈਸਲਾ ਕਰ ਲਿਆ, ਤਾਂ ਉਹ ਭਾਵੇਂ ਕਿਸੇ ਖੇਤਰ ਵਿਚ ਵੀ ਜੀਵਨ ਨਿਰਬਾਹ ਲਈ ਵਿਚਰਦਾ ਹੋਵੇ, ਸਫ਼ਲਤਾ ਉਸ ਦੇ ਪੈਰ ਚੁੰਮੇਗੀ। ਗੁਰਬਾਣੀ ਵਿਚ ਆਉਂਦਾ ਹੈ, “ਦਾਵਾ ਅਗਨਿ ਬਹੁਤੁ ਤ੍ਰਿਣ ਜਾਲੇ ਕੋਈ ਹਰਿਆ ਬੂਟੁ ਰਹਿਓ ਗੀ॥” ਭਾਵ ਜੰਗਲ ਵਿਚ ਲੱਗੀ ਅੱਗ ਸਭ ਕੁਝ ਸਾੜ ਦਿੰਦੀ ਹੈ, ਇਥੋਂ ਤੱਕ ਕਿ ਘਾਹ ਨੂੰ ਵੀ ਫੂਕ ਦਿੰਦੀ ਹੈ ਪ੍ਰੰਤੂ ਫਿਰ ਵੀ ਘਾਹ ਦੀਆਂ ਕੁਝ ਤਿੜ੍ਹਾਂ ਹਰੀਆਂ ਰਹਿ ਜਾਂਦੀਆਂ ਹਨ। ਇਸੇ ਤਰ੍ਹਾਂ ਸੰਸਾਰ ਵਿਚ ਘੋਰ ਅੰਧੇਰ ਛਾਇਆ ਹੋਵੇ, ਤਾਂ ਵੀ ਕੁਝ ਇਨਸਾਨ ਇਨਸਾਨੀਅਤ ਦੀਆਂ ਕਦਰਾਂ-ਕੀਮਤਾਂ ’ਤੇ ਪਹਿਰਾ ਦਿੰਦੇ ਰਹਿੰਦੇ ਹਨ। ਇਸੇ ਤਰ੍ਹਾਂ ਅਜੋਕੇ ਸਿਆਸੀ ਗੰਧਲੇਪਣ ਵਿਚ ਇਕ ਅਜਿਹਾ ਸਾਊ ਸਿਆਸਤਦਾਨ ਤੇਜ ਪ੍ਰਕਾਸ਼ ਸਿੰਘ ਹੈ, ਜਿਹੜਾ ਨੈਤਿਕਤਾ ਦੀਆਂ ਕਦਰਾਂ-ਕੀਮਤਾਂ ’ਤੇ ਪਹਿਰਾ ਦੇ ਰਿਹਾ ਹੈ। ਜਿਸ ਦੇ ਦਿਮਾਗ ’ਤੇ ਸਿਆਸੀ ਤਾਕਤ ਅਸਰ ਨਹੀਂ ਕਰ ਸਕੀ। ਸਿਆਸਤਦਾਨਾਂ ਵਿਚ ਸਿਆਸੀ ਤਾਕਤ ਹਾਸਲ ਕਰਨ ਲਈ ਵਰਤੇ ਜਾਂਦੇ ਹੱਥਕੰਡੇ ਸਿਆਸਤਦਾਨਾਂ ਦੇ ਕਿਰਦਾਰ ਦਾ ਪ੍ਰਗਟਾਵਾ ਕਰਦੇ ਹਨ। ਅਜਿਹੇ ਦੌਰ ਵਿਚ ਕੁਝ ਸਿਆਸਤਦਾਨ ਇਨ੍ਹਾਂ ਚਾਲਾਂ ਤੋਂ ਕੋਹਾਂ ਦੂਰ ਵੀ ਹਨ। ਉਨ੍ਹਾਂ ਵਿਚ ਸ. ਤੇਜ ਪ੍ਰਕਾਸ਼ ਸਿੰਘ ਸਾਬਕਾ ਮੰਤਰੀ ਖਾਸ ਤੌਰ ’ਤੇ ਵਰਨਣਯੋਗ ਹਨ, ਜਿਹੜੇ ਤਿੰਨ ਸਰਕਾਰਾਂ ਵਿਚ ਟਰਾਂਸਪੋਰਟ ਮੰਤਰੀ ਰਹੇ ਹਨ ਪਰੰਤੂ ਉਨ੍ਹਾਂ ਦੇ ਕਿਰਦਾਰ ’ਤੇ ਕਦੀ ਕੋਈ ਦਾਗ਼ ਨਹੀਂ ਲੱਗਿਆ। ਸਿਆਸਤ ਨੂੰ ਤਿਗੜਮਬਾਜ਼ੀ ਅਤੇ ਚੁਸਤ ਚਾਲਾਕ ਕਿਸਮ ਦੇ ਸ਼ਾਤਰ ਵਿਅਕਤੀਆਂ ਦੀ ਖੇਡ ਕਿਹਾ ਜਾਂਦਾ ਹੈ। ਜਿਸ ਕਰਕੇ ਅੱਜਕੱਲ੍ਹ ਲੋਕ ਸਿਆਸਤਦਾਨਾਂ ’ਤੇ ਵਿਸ਼ਵਾਸ ਕਰਨਾ ਛੱਡ ਗਏ ਹਨ। ਸ਼ੁਰੂ ਵਿਚ ਸਿਆਸਤ ਨੂੰ ਸਮਾਜ ਸੇਵਾ ਦੇ ਤੌਰ ’ਤੇ ਵੇਖਿਆ ਜਾਂਦਾ ਸੀ। ਦੇਸ਼ ਦੇ ਆਜ਼ਾਦ ਹੋਣ ਤੋਂ ਲਗਪਗ 50 ਸਾਲ ਸਿਆਸਤ ਰਾਹੀਂ ਸਮਾਜ ਸੇਵਾ ਦੀ ਪ੍ਰਵਿਰਤੀ ਚਾਲੂ ਰਹੀ। ਸਿਆਸਤਦਾਨਾਂ ਵਿਚ ਲੋਕ ਭਲਾਈ ਨੂੰ ਤਰਜ਼ੀਹ ਦਿੱਤੀ ਜਾਂਦੀ ਸੀ। ਪ੍ਰੰਤੂ ਸਮਾਜਿਕ, ਆਰਥਿਕ ਅਤੇ ਸੱਭਿਆਚਾਰਕ ਤਬਦੀਲੀਆਂ ਦੇ ਆਉਣ ਨਾਲ ਸਿਆਸਤ ਵਿਚ ਵੀ ਤੇਜ਼ੀ ਨਾਲ ਤਬਦੀਲੀਆਂ ਨੇ ਦਸਤਕ ਦੇ ਦਿੱਤੀ। ਇੰਝ ਹੋਣਾ ਕੁਦਰਤੀ ਸੀ ਕਿਉਂਕਿ ਸਿਆਸਤਦਾਨ ਵੀ ਸਮਾਜ ਦਾ ਅਟੁੱਟ ਅੰਗ ਹਨ। ਸਿਆਸਤ ਵਿਚ ਤਬਦੀਲੀ ਦੀ ਰਫ਼ਤਾਰ ਇੰਨੀ ਜ਼ਿਆਦਾ ਤੇਜ਼ ਹੋ ਗਈ, ਜਿਸ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ ਸੀ। ਭਾਰਤ ਦੀ ਚੋਣ ਪ੍ਰਣਾਲੀ ਬਹੁਤ ਮਹਿੰਗੀ, ਨੁਕਸਦਾਰ ਅਤੇ ਪਾਰਦਰਸ਼ੀ ਨਾ ਹੋਣ ਕਰਕੇ ਸਿਆਸਤਦਾਨਾਂ ਵਿਚ ਭ੍ਰਿਸ਼ਟਾਚਾਰ ਭਾਰੂ ਹੋ ਗਿਆ। ਸਿਆਸਤਦਾਨਾਂ ਦੀ ਚੋਣ ਪ੍ਰਣਾਲੀ ਅਤੇ ਚੋਣ ਤੋਂ ਬਾਅਦ ਅਥਾਹ ਖ਼ਰਚੇ ਹੋਣ ਲੱਗ ਗਏ, ਜਿਸ ਕਰਕੇ ਸਿਆਸਤਦਾਨਾਂ ਵਿਚ ਲਾਲਚ, ਫ਼ਰੇਬ, ਧੋਖੇ ਅਤੇ ਚਲਾਕੀਆਂ ਨੇ ਸ਼ਾਮਲ ਹੋਣਾ ਸ਼ੁਰੂ ਕਰ ਦਿੱਤਾ। ਅਜਿਹੇ ਹਾਲਤ ਵਿਚ ਵੀ ਸਾਰੇ ਸਿਆਸਤਦਾਨਾਂ ਨੂੰ ਇਕੋ ਰੱਸੇ ਨਾਲ ਨਹੀਂ ਬੰਨ੍ਹਿਆ ਜਾ ਸਕਦਾ। ਅਜੇ ਵੀ ਬਹੁਤ ਸਾਰੇ ਸਿਆਸਤਦਾਨ ਇਮਾਨਦਾਰੀ ਨਾਲ ਬੱਝੇ ਹੋਏ ਹਨ, ਉਹ ਲਾਲਚੀ ਨਹੀਂ ਹਨ। ‘ਕੋਈ ਹਰਿਓ ਬੂਟੁ ਰਹਿਓ ਗੀ’ ਵੀ ਹੈ। ਇਮਾਨਦਾਰ, ਸ਼ਰੀਫ਼, ਦਰਵੇਸ਼ ਅਤੇ ਸਾਊ ਸਿਆਸਤਦਾਨਾਂ ਵਿਚ ਤੇਜ ਪ੍ਰਕਾਸ਼ ਸਿੰਘ ਦਾ ਨਾਮ ਵੀ ਧਰੂ ਤਾਰੇ ਦੀ ਤਰ੍ਹਾਂ ਚਮਕਦਾ ਹੈ। ਵਰਤਮਾਨ ਸਿਆਸੀ ਢਾਂਚੇ ਨੂੰ ਵੇਖਦਿਆਂ ਤੇਜ ਪ੍ਰਕਾਸ਼ ਸਿੰਘ ਦਾ ਸਿਆਸਤਦਾਨ ਹੋਣਾ ਹੈਰਾਨੀ ਕਰਨ ਵਾਲਾ ਹੈ। ਉਹ ਇਮਾਨਦਾਰ, ਦਿਆਨਤਦਾਰ, ਸਾਧਾਰਨ ਰਹਿਣੀ-ਬਹਿਣੀ, ਪਹਿਰਾਵਾ ਅਤੇ ਸਾਫ਼ਗੋਈ ਦੇ ਪਹਿਰੇਦਾਰ ਬਣਕੇ ਸਾਹਮਣੇ ਆਏ ਹਨ। ਉਹ 3 ਵਾਰ ਵਿਧਾਨਕਾਰ ਅਤੇ 3 ਵਾਰ ਹੀ ਪੰਜਾਬ ਦੇ ਮੰਤਰੀ ਮੰਡਲ ਵਿਚ ਟਰਾਂਸਪੋਰਟ ਮੰਤਰੀ ਰਹੇ ਹਨ। ਪ੍ਰੰਤੂ ਉਨ੍ਹਾਂ ਦੇ ਵਿਅਕਤੀਤਵ ਉਪਰ ਮੰਤਰੀ ਦੇ ਅਹੁਦੇ ਦਾ ਪ੍ਰਗਟਾਵਾ ਨਹੀਂ ਹੋਇਆ। ਆਮ ਦੀ ਤਰ੍ਹਾਂ ਵਿਚਰਦੇ ਅਤੇ ਵਿਵਹਾਰ ਕਰਦੇ ਰਹੇ ਹਨ। ‘ਨਾ ਕਹੂੰ ਸੇ ਦੋਸਤੀ ਨਾ ਕਾਹੂੰ ਸੇ ਵੈਰ’ ਦੀ ਨੀਤੀ ਅਪਣਾਈ ਰੱਖੀ। ਉਹ ਮੰਤਰੀ ਹੁੰਦਿਆਂ ਵੀ ਆਪਣਾ ਸਾਧਾਰਨ ਜੀਵਨ ਬਸਰ ਕਰਦੇ ਰਹੇ ਹਨ। ਮੁੱਢਲੇ ਤੌਰ ’ਤੇ ਉਹ ਇਕ ਅਜਿਹੇ ਵਿਭਾਗ ਦੇ ਅਧਿਕਾਰੀ ਰਹੇ ਹਨ, ਜਿਸਦਾ ਕਿਸਾਨ ਵਰਗ ਨਾਲ ਗੂੜ੍ਹਾ ਸੰਬੰਧ ਰਿਹਾ ਹੈ। ਇਸ ਕਰਕੇ ਉਹ ਪੰਜਾਬ ਦੇ ਕਿਸਾਨਾਂ, ਮਜ਼ਦੂਰਾਂ ਅਤੇ ਦਲਿਤਾਂ ਦੀ ਜੀਵਨ ਸ਼ੈਲੀ ਅਤੇ ਉਨ੍ਹਾਂ ਦੀ ਆਰਥਿਕਤਾ ਨੂੰ ਭਲੀਭਾਂਤ ਨੇੜਿਓਂ ਵੇਖ ਚੁੱਕੇ ਹਨ। ਉਹ ਖ਼ੁਦ ਵੀ ਇਕ ਮੱਧਵਰਗੀ ਕਿਸਾਨੀ ਪਰਿਵਾਰ ਨਾਲ ਸੰਬੰਧ ਰੱਖਦੇ ਹਨ।

ਤੇਜ ਪ੍ਰਕਾਸ਼ ਸਿੰਘ ਦਾ ਜਨਮ ਪਿਤਾ ਸ ਬੇਅੰਤ ਸਿੰਘ ਅਤੇ ਮਾਤਾ ਸ਼੍ਰੀਮਤੀ ਜਸਵੰਤ ਕੌਰ ਦੇ ਘਰ ਸਾਂਝੇ ਪੰਜਾਬ ਦੇ ਮਿੰਟਗੁਮਰੀ ਜ਼ਿਲ੍ਹੇ ਦੇ ਚੱਕ 53 ਐੱਲ-2 ਵਿਚ 12 ਜਨਵਰੀ 1944 ਨੂੰ ਹੋਇਆ। ਪਰੰਤੂ ਉਨ੍ਹਾਂ ਦਾ ਜੱਦੀ ਪਿੰਡ ਬਿਲਾਸਪੁਰ ਲੁਧਿਆਣਾ ਜ਼ਿਲ੍ਹੇ ਵਿਚ ਹੈ। ਉਨ੍ਹਾਂ ਨੂੰ ਜ਼ਮੀਨ ਦੀ ਅਲਾਟਮੈਂਟ ਪਾਇਲ ਦੇ ਨਜ਼ਦੀਕ ਕੋਟਲਾ ਅਫ਼ਗਾਨਾ ਪਿੰਡ ਵਿਚ ਹੋਈ, ਜਿਸ ਨੂੰ ਕੋਟਲੀ ਕਿਹਾ ਜਾਂਦਾ ਹੈ। ਤੇਜ ਪ੍ਰਕਾਸ਼ ਸਿੰਘ ਨੇ ਦਸਵੀਂ ਤੱਕ ਦੀ ਪੜ੍ਹਾਈ ਮਾਲਵਾ ਹਾਈ ਸਕੂਲ ਸਿਵਲ ਲਾਈਨਜ਼ ਲੁਧਿਆਣਾ ਤੋਂ 1959 ’ਚ ਪਾਸ ਕੀਤੀ। ਉਸ ਤੋਂ ਬਾਅਦ ਖਾਲਸਾ ਕਾਲਜ ਲੁਧਿਆਣਾ ਵਿਚ ਇਕ ਸਾਲ ਪੜ੍ਹਾਈ ਕਰਨ ਤੋਂ ਬਾਅਦ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿਚ ਬੀ.ਐੱਸ.ਸੀ. ਐਗਰੀਕਲਚਰ ਵਿਚ ਦਾਖਲਾ ਲੈ ਲਿਆ। ਉਨ੍ਹਾਂ 1966 ਵਿਚ ਬੀ.ਐੱਸ.ਸੀ. ਦੀ ਡਿਗਰੀ ਪਾਸ ਕੀਤੀ। 1966 ਵਿਚ ਹੀ ਉਨ੍ਹਾਂ ਦੀ ਖੇਤੀਬਾੜੀ ਵਿਭਾਗ ਵਿਚ ਇੰਸਪੈਕਟਰ ਖੇਤੀਬਾੜੀ ਦੀ ਚੋਣ ਹੋ ਗਈ ਅਤੇ ਉਨ੍ਹਾਂ ਨੂੰ ਹੁਸ਼ਿਆਰਪੁਰ ਜ਼ਿਲ੍ਹੇ ਦੇ ਦਸੂਹਾ ਵਿਖੇ ਨਿਯੁਕਤ ਕਰ ਦਿੱਤਾ ਗਿਆ। ਥੋੜ੍ਹੀ ਦੇਰ ਬਾਅਦ ਉਨ੍ਹਾਂ ਦੀ ਤਬਦੀਲੀ ਸੰਗਰੂਰ ਦੀ ਹੋ ਗਈ। ਸਰਕਾਰੀ ਨੌਕਰੀ ਵਿਚ ਤਬਦੀਲੀਆਂ ਹੁੰਦੀਆਂ ਰਹੀਆਂ ਅਤੇ 1967 ਵਿਚ ਉਨ੍ਹਾਂ ਨੂੰ ਅਮਲੋਹ ਵਿਖੇ ਲਗਾ ਦਿੱਤਾ ਗਿਆ। ਅਮਲੋਹ ਵਿਖੇ ਆਪਣੇ ਖੇਤੀਬਾੜੀ ਇੰਸਪੈਕਟਰ ਦੇ ਕੰਮ ਦੇ ਨਾਲ ਹੀ ਨਰਾਇਣਗੜ੍ਹ ਸੀਡ ਫ਼ਾਰਮ ਦੇ ਖੋਜ ਸੈਂਟਰ ਦਾ ਵਾਧੂ ਕੰਮ ਵੀ ਦੇ ਦਿੱਤਾ ਗਿਆ। ਸੀਡ ਫ਼ਾਰਮ ਵਿਚ ਉਨ੍ਹਾਂ ਦਿਨਾਂ ਵਿਚ ਫ਼ਸਲਾਂ ਦੀਆਂ ਨਵੀਂਆਂ ਕਿਸਮਾ ਦੀ ਖੋਜ ਖਾਸ ਤੌਰ ’ਤੇ ਕਣਕ ਅਤੇ ਮੱਕੀ ਦੀ ਖੋਜ ਦਾ ਮਹੱਤਵਪੂਰਨ ਕੰਮ ਹੋ ਰਿਹਾ ਸੀ ਕਿਉਂਕਿ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਭਾਵੇਂ ਬਣ ਤਾਂ ਗਈ ਸੀ ਪ੍ਰੰਤੂ ਬਹੁਤਾ ਖੋਜ ਦਾ ਕੰਮ ਅਜੇ ਇਸੇ ਸੈਂਟਰ ਵਿਚ ਹੋ ਰਿਹਾ ਸੀ। ਉਨ੍ਹਾਂ ਬੜੀ ਜ਼ਿੰਮੇਵਾਰੀ ਅਤੇ ਸਿਆਣਪ ਨਾਲ ਇਸ ਖੋਜ ਸੈਂਟਰ ਦੀ ਨਿਗਰਾਨੀ ਦਾ ਕੰਮ ਕੀਤਾ। ਉਹ ਤਿੰਨ ਸਾਲ 1970 ਤੱਕ ਇਹ ਜ਼ਿੰਮੇਵਾਰੀ ਬਾਖ਼ੂਬੀ ਨਿਭਾਉਂਦੇ ਰਹੇ। 1970 ਵਿਚ ਉਨ੍ਹਾਂ ਦੀ ਬਦਲੀ ਜਲੰਧਰ ਜ਼ਿਲ੍ਹੇ ਵਿਚ ਫਿਲੌਰ ਦੀ ਕਰ ਦਿੱਤੀ ਗਈ। ਫਿਲੌਰ ਵਿਖੇ ਉਨ੍ਹਾਂ ਆਪਣੀ ਸਰਵਿਸ ਦਾ ਸਭ ਤੋਂ ਲੰਬਾ ਸਮਾਂ 1978 ਤੱਕ ਕੰਮ ਕੀਤਾ। 1978 ਵਿਚ ਉਨ੍ਹਾਂ ਨੂੰ ਸਾਹਨੇਵਾਲ ਵਿਖੇ ਨਿਯੁਕਤ ਕਰ ਦਿੱਤਾ ਗਿਆ। ਇਥੇ ਵੀ ਉਹ 3 ਸਾਲ ਰਹੇ। ਇਸ ਤੋਂ ਬਾਅਦ 1981 ਤੋਂ ਰੋਪੜ ਜ਼ਿਲ੍ਹੇ ਦੇ ਕ੍ਰਮਵਾਰ ਕੁਰਾਲੀ, ਮੋਰਿੰਡਾ ਅਤੇ ਮਾਜਰੀ ਬਲਾਕ ਵਿਚ 1995 ਤੱਕ ਆਪਣੇ ਫ਼ਰਜ਼ ਨਿਭਾਏ। ਇਹ ਇਲਾਕਾ ਖੇਤੀਬਾੜੀ ਲਈ ਪੰਜਾਬ ਦਾ ਉਨ੍ਹਾਂ ਦਿਨਾਂ ਵਿਚ ਸਭ ਤੋਂ ਪਛੜਿਆ ਹੋਇਆ ਇਲਾਕਾ ਸੀ ਕਿਉਂਕਿ ਇਹ ਸਾਰਾ ਇਲਾਕਾ ਹੜ੍ਹਾਂ ਦੀ ਮਾਰ ਹੇਠ ਪੈਂਦਾ ਸੀ। ਇਸ ਇਲਾਕੇ ਵਿਚ ਕਿਸਾਨਾਂ ਨਾਲ ਤਾਲਮੇਲ ਕਰਨ ਲਈ ਉਨ੍ਹਾਂ ਨੂੰ ਪਿੰਡਾਂ ਤੱਕ ਪਹੁੰਚਣ ਲਈ ਵੀ ਬੜੀਆਂ ਮੁਸ਼ਕਲਾਂ ਆ ਰਹੀਆਂ ਸਨ ਪ੍ਰੰਤੂ ਉਹ ਆਪਣੇ ਫ਼ਰਜ਼ਾਂ ਨੂੰ ਸੁਚੱਜੇ ਢੰਗ ਨਾਲ ਨਿਭਾਉਂਦੇ ਰਹੇ। ਉਨ੍ਹਾਂ ਦੀਆਂ ਆਪਣੀ ਨੌਕਰੀ ਦੌਰਾਨ ਅਨੇਕਾਂ ਵਾਰ ਬਦਲੀਆਂ ਹੁੰਦੀਆਂ ਰਹੀਆਂ ਪ੍ਰੰਤੂ ਸਿਆਸੀ ਪਰਿਵਾਰ ਹੋਣ ਦੇ ਬਾਵਜੂਦ ਉਨ੍ਹਾਂ ਕਦੀਂ ਵੀ ਬਦਲੀ ਲਈ ਸਿਫ਼ਾਰਸ਼ ਨਹੀਂ ਕਰਵਾਈ। ਜਿਥੇ ਵੀ ਬਦਲੀ ਹੁੰਦੀ ਰਹੀ ਚੁੱਪ ਕਰਕੇ ਉਥੇ ਹੀ ਜਾ ਕੇ ਨੌਕਰੀ ਕਰਦੇ ਰਹੇ। ਇਹ ਵੀ ਹੈਰਾਨ ਹੋਵੋਗੇ ਕਿ ਜਦੋਂ ਸ. ਬੇਅੰਤ ਸਿੰਘ ਦਰਬਾਰਾ ਸਿੰਘ ਮੁੱਖ ਮੰਤਰੀ ਦੀ ਸਰਕਾਰ ਵਿਚ ਮੰਤਰੀ ਹੁੰਦੇ ਸਨ, ਉਦੋਂ ਵੀ ਉਹ ਮੰਤਰੀ ਵਾਲੀ ਕੋਠੀ ਤੋਂ ਪੈਦਲ ਚਲਕੇ ਪੀ.ਜੀ.ਆਈ. ਚੰਡੀਗੜ੍ਹ ਤੋਂ ਬਸ ਵਿਚ ਆਪਣੀ ਨੌਕਰੀ ਤੇ ਕੁਰਾਲੀ, ਮੋਰਿੰਡਾ ਅਤੇ ਮਾਜਰੀ ਬਲਾਕ ਵਿਚ ਜਾਂਦੇ ਸਨ। ਆਪਣੇ ਦਫ਼ਤਰ ਵਿਚ ਵੀ ਕਦੀਂ ਵੀ ਕਿਸੇ ਅਧਿਕਾਰੀ ਨੂੰ ਆਪਣੇ ਪਿਤਾ ਦੇ ਮੰਤਰੀ ਹੋਣ ਦਾ ਰੋਹਬ ਤਾਂ ਕੀ ਪਾਉਣਾ ਸੀ, ਸਗੋਂ ਹੋਰ ਵਧੇਰੇ ਨਿਮਰਤਾ ਨਾਲ ਵਿਵਹਾਰ ਕਰਦੇ ਰਹੇ। ਵਿਭਾਗ ਵਿਚ ਤਰੱਕੀਆਂ ਕਰਦੇ ਹੋਏ 1993 ਵਿਚ ਡਿਪਟੀ ਡਾਇਰੈਕਟਰ ਦੀ ਅਸਾਮੀ ਤੱਕ ਪਹੁੰਚ ਗਏ। ਖੇਤੀਬਾੜੀ ਵਿਭਾਗ ਵਿਚ ਹਰਾ ਇਨਕਲਾਬ ਲਿਆਉਣ ਵਿਚ ਵੀ ਉਨ੍ਹਾਂ ਦਾ ਯੋਗਦਾਨ ਮਹੱਤਵਪੂਰਨ ਰਿਹਾ ਹੈ ਕਿਉਂਕਿ ਉਹ ਕਿਸਾਨਾਂ ਨੂੰ ਫਸਲਾਂ ਦੀਆਂ ਨਵੀਂਆਂ ਕਿਸਮਾਂ ਦੇ ਬੀਜ, ਖਾਦਾਂ ਅਤੇ ਕੀਟਨਾਸ਼ਕ ਦਵਾਈਆਂ ਬਾਰੇ ਪਿੰਡ-ਪਿੰਡ ਜਾ ਕੇ ਜਾਣਕਾਰੀ ਦਿੰਦੇ ਹੋਏ ਉਨ੍ਹਾਂ ਨੂੰ ਉਤਸ਼ਾਹਤ ਕਰਦੇ ਰਹੇ।

ਭਾਵੇਂ ਉਹ ਸਰਕਾਰੀ ਨੌਕਰੀ ਕਰਦੇ ਸਨ ਪ੍ਰੰਤੂ ਸਿਆਸੀ ਗੁੜ੍ਹਤੀ ਉਨ੍ਹਾਂ ਨੂੰ ਪਰਿਵਾਰ ਵਿਚੋਂ ਹੀ ਮਿਲਦੀ ਰਹੀ ਕਿਉਂਕਿ ਸ. ਬੇਅੰਤ ਸਿੰਘ ਨੇ ਆਪਣਾ ਸਿਆਸੀ ਜੀਵਨ ਉਨ੍ਹਾਂ ਦੇ ਸਾਹਮਣੇ ਹੀ ਇਕ ਸਰਪੰਚ ਤੋਂ ਸ਼ੁਰੂ ਕੀਤਾ ਅਤੇ ਪੰਜਾਬ ਦੇ ਮੁੱਖ ਮੰਤਰੀ ਬਣੇ। ਤੇਜ ਪ੍ਰਕਾਸ਼ ਸਿੰਘ ਨੇ ਸਰਕਾਰੀ ਨੌਕਰੀ ਕਰਕੇ ਚੋਣਾਂ ਵਿਚ ਸਿੱਧੇ ਤੌਰ ’ਤੇ ਕੋਈ ਹਿੱਸਾ ਨਹੀਂ ਲਿਆ ਪ੍ਰੰਤੂ ਪਰਿਵਾਰ ਦੇ ਮੈਂਬਰ ਹੋਣ ਦੇ ਨਾਤੇ ਸਾਰੀਆਂ ਚੋਣਾਂ ਸਮੇਂ ਨੇੜੇ ਹੋ ਕੇ ਚੋਣ ਦੀ ਕਾਰਜ ਪ੍ਰਣਾਲੀ ਨੂੰ ਨੀਝ ਨਾਲ ਵੇਖਦੇ ਅਤੇ ਸਮਝਦੇ ਰਹੇ। ਜਿਸਦੇ ਨਤੀਜੇ ਵਜੋਂ ਉਨ੍ਹਾਂ ਪੰਜਾਬ ਦੇ ਟਰਾਂਸਪੋਰਟ ਮੰਤਰੀ ਹੁੰਦਿਆਂ ਬੜੀ ਹਲੀਮੀ, ਸੂਝ ਅਤੇ ਸਿਆਣਪ ਨਾਲ ਸਫਲਤਾ ਪ੍ਰਾਪਤ ਕੀਤੀ, ਅਜਿਹੇ ਵਾਦ-ਵਿਵਾਦ ਵਾਲੇ ਵਿਭਾਗ ਵਿਚ ਵੀ ਉਹ ਚਿੱਟੀ ਚਾਦਰ ਲੈ ਕੇ ਸਫਲ ਹੋਏ। 31 ਅਗਸਤ 1995 ਨੂੰ ਉਨ੍ਹਾਂ ਦੇ ਪਿਤਾ ਸ. ਬੇਅੰਤ ਸਿੰਘ ਸਵਰਗਵਾਸ ਹੋ ਗਏ। ਉਨ੍ਹਾਂ ਦੀ ਮੌਤ ਤੋਂ ਬਾਅਦ ਉਨ੍ਹਾਂ ਆਪਣੀ ਸਰਕਾਰੀ ਨੌਕਰੀ ਵਿਚੋਂ ਸੇਵਾਮੁਕਤੀ ਲੈ ਲਈ। ਹਰਚਰਨ ਸਿੰਘ ਬਰਾੜ ਮੁੱਖ ਮੰਤਰੀ ਦੀ ਸਰਕਾਰ ਵਿਚ ਪਹਿਲੇ ਪੜਾਅ ਵਿਚ ਬਣਾਏ ਗਏ 5 ਮੰਤਰੀਆਂ ਵਿਚ ਉਨ੍ਹਾਂ ਨੂੰ ਟਰਾਂਸਪੋਰਟ ਮੰਤਰੀ ਬਣਾਇਆ ਗਿਆ। ਉਹ 1997 ਵਿਚ ਜਲੰਧਰ ਛਾਉਣੀ, 2002 ਅਤੇ 2007 ਵਿਚ ਪਾਇਲ ਵਿਧਾਨ ਸਭਾ ਹਲਕੇ ਤੋਂ ਵਿਧਾਨਕਾਰ ਬਣੇ। 2012 ਵਿਚ ਉਨ੍ਹਾਂ ਆਪਣੀ ਥਾਂ ਆਪਣੇ ਲੜਕੇ ਗੁਰਕੀਰਤ ਸਿੰਘ ਕੋਟਲੀ ਨੂੰ ਪਾਇਲ ਹਲਕਾ ਰਾਖਵਾਂ ਹੋਣ ’ਤੇ ਖੰਨਾ ਹਲਕੇ ਤੋਂ ਚੋਣ ਲੜਨ ਲਈ ਛੱਡ ਦਿੱਤਾ। ਉਹ ਹਰਚਰਨ ਸਿੰਘ ਬਰਾੜ ਦੀ ਸਰਕਾਰ ਵਿਚ 6 ਮਹੀਨੇ ਟਰਾਂਸਪੋਰਟ ਮੰਤਰੀ, ਰਾਜਿੰਦਰ ਕੌਰ ਭੱਠਲ ਦੀ ਵਜ਼ਾਰਤ ਵਿਚ ਵੀ ਟਰਾਂਸਪੋਰਟ ਅਤੇ ਕੈਪਟਨ ਅਮਰਿੰਦਰ ਸਿੰਘ ਦੀ ਵਜ਼ਾਰਤ ਵਿਚ ਟਰਾਂਸਪੋਰਟ ਮੰਤਰੀ ਬਣੇ। ਆਪਣੇ ਮਾਤਾ ਪਿਤਾ ਸ. ਬੇਅੰਤ ਸਿੰਘ ਅਤੇ ਸ਼੍ਰੀਮਤੀ ਜਸਵੰਤ ਕੌਰ ਦੀ ਮੌਤ ਤੋਂ ਬਾਅਦ ਤੇਜ ਪ੍ਰਕਾਸ਼ ਸਿੰਘ ਕੋਟਲੀ ਨੇ ਪਰਿਵਾਰ ਦੀ ਬਾਖ਼ੂਬੀ ਅਗਵਾਈ ਕੀਤੀ, ਜਿਸਦੇ ਸਿੱਟੇ ਵਜੋਂ ਉਨ੍ਹਾਂ ਦੇ ਸਪੁੱਤਰ ਗੁਰਕੀਰਤ ਸਿੰਘ ਕੋਟਲੀ ਦੋ ਵਾਰ ਖੰਨਾ ਵਿਧਾਨ ਸਭਾ ਹਲਕੇ ਤੋਂ ਵਿਧਾਨਕਾਰ ਉਦਯੋਗ ਮੰਤਰੀ ਅਤੇ ਉਨ੍ਹਾਂ ਦੇ ਭਤੀਜੇ ਰਵਨੀਤ ਸਿੰਘ ਬਿੱਟੂ 3 ਵਾਰ ਲੋਕ ਸਭਾ ਦੇ ਮੈਂਬਰ ਬਣੇ ਹਨ। ਪਰਿਵਾਰ ਦੀਆਂ ਇਹ ਜਿੱਤਾਂ ਉਨ੍ਹਾਂ ਦੇ ਸਾਊ ਸੁਭਾਅ, ਚੋਣਾਂ ਦੀ ਰਣਨੀਤੀ, ਯੋਜਨਬੰਦੀ ਅਤੇ ਦੂਰ ਅੰਦੇਸ਼ੀ ਦਾ ਨਤੀਜਾ ਹਨ। 1969 ਵਿਚ ਉਨ੍ਹਾਂ ਦਾ ਵਿਆਹ ਲੁਧਿਆਣਾ ਜ਼ਿਲ੍ਹੇ ਪਿੰਡ ਦਾਖਾ ਦੇ ਟਰਾਂਸਪੋਰਟਰਾਂ ਦੇ ਪਰਿਵਾਰ ਵਿਚ ਲਛਮਣ ਸਿੰਘ ਸੇਖ਼ੋਂ ਦੀ ਸਪੁੱਤਰੀ ਦਵਿੰਦਰ ਕੌਰ ਨਾਲ ਹੋ ਗਿਆ। ਉਨ੍ਹਾਂ ਦੇ ਦੋ ਲੜਕੇ ਗੁਰਕੀਰਤ ਸਿੰਘ ਕੋਟਲੀ ਅਤੇ ਹਰਕੀਰਤ ਸਿੰਘ ਹਨ। ਹਰਕੀਰਤ ਸਿੰਘ ਸਵਰਗਵਾਸ ਹੋ ਗਏ ਹਨ। ਤੇਜ ਪ੍ਰਕਾਸ਼ ਸਿੰਘ ਨਵੇਂ ਉਭਰ ਰਹੇ ਸਿਆਸਤਦਾਨਾਂ ਲਈ ਪ੍ਰੇਰਨਾ ਸਰੋਤ ਹਨ।

ਇਤਿਹਾਸਕ ਗੁਰਦੁਆਰਾ ਪਾਤਸ਼ਾਹੀ ਛੇਵੀਂ ਪਿੰਡ ਦੁਰਗਾਪੁਰ, ਸ਼ਹੀਦ ਭਗਤ ਸਿੰਘ ਨਗਰ

ਤਸਵਿੰਦਰ ਸਿੰਘ ਬੜੈਚ
ਪਿੰਡ ਦੀਵਾਲਾ, ਤਹਿਸੀਲ ਸਮਰਾਲਾ,
ਜ਼ਿਲ੍ਹਾ ਲੁਧਿਆਣਾ।
ਮੋਬ : 75279-31887
(Punjab Mail USA)

ਇਤਿਹਾਸ ਅਨੁਸਾਰ ਮੀਰੀ-ਪੀਰੀ ਦੇ ਮਾਲਕ ਛੇਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਮਹਾਰਾਜ ਕਰਤਾਰਪੁਰ ਸਾਹਿਬ ਦੀ ਜੰਗ ਫਤਿਹ ਕਰਕੇ ਪੈਂਦੇ ਖਾਂ, ਆਓ ਪਹਿਲਾਂ ਤੁਹਾਨੂੰ ਥੋੜ੍ਹਾ ਜਿਹੀ ਪੈਂਦੇ ਖਾਂ ਬਾਰੇ ਜਾਣਕਾਰੀ ਦੇ ਦੇਵਾਂ। ਪੈਂਦੇ ਖਾਂ ਜ਼ਿਲ੍ਹਾ ਹੁਸ਼ਿਆਰਪੁਰ ਦੇ ਪਿੰਡ ਆਲਮਪੁਰ ਦਾ ਪਠਾਣ ਸੀ। ਇਸ ਦੇ ਪਿਤਾ ਦਾ ਨਾਂਅ ਫ਼ਤਹਿ ਖਾਂ ਸੀ। ਪਿੰਡ ਵੱਡੇ ਮੀਰ ਜ਼ਿਲ੍ਹਾ ਜਲੰਧਰ ਇਸ ਦੇ ਨਾਨਕੇ ਸਨ। ਵੱਡਾ ਮੀਰ ਪਿੰਡ ਕਰਤਾਰਪੁਰ ਦੇ ਨੇੜੇ ਸੀ। ਇਹ ਆਪਣੇ ਨਾਨਕੇ ਘਰ ਹੀ ਰਹਿੰਦਾ ਸੀ। ਵੱਡੇ ਮੀਰ ਪਿੰਡ ਦੇ ਕਈ ਪਠਾਣ ਜਿਨ੍ਹਾਂ ਵਿਚ ਇਸਮਾਈਲ ਖਾਂ, ਦਿਲਾਵਰ ਖਾਂ ਤੇ ਅਮੀਰ ਖਾਂ ਆਦਿ ਸੂਰਬੀਰ ਜਾਣੇ ਜਾਂਦੇ ਸਨ। ਇਨ੍ਹਾਂ ਪਠਾਣਾਂ ਨੂੰ ਗੁਰੂ ਹਰਗੋਬਿੰਦ ਸਾਹਿਬ ਜੀ ਮਹਾਰਾਜ ਨੇ ਆਪਣੀ ਫੌਜ ਵਿਚ ਨੌਕਰ ਰੱਖਿਆ ਹੋਇਆ ਸੀ। ਇਨ੍ਹਾਂ ਵਿਚ ਹੀ ਛੋਟੀ ਉਮਰ ਦਾ ਪੈਂਦੇ ਖਾਂ ਵੀ ਸੀ। ਇਸ ਨੂੰ ਗੁਰੂ ਸਾਹਿਬ ਨੇ ਛੋਟੇ ਹੁੰਦੇ ਨੂੰ ਹੀ ਆਪਣੇ ਕੋਲ ਰੱਖ ਲਿਆ ਸੀ ਤੇ ਵਿਸ਼ੇਸ਼ ਢੰਗ ਨਾਲ ਇਸ ਦੀ ਪਰਵਰਿਸ਼ ਕਰਵਾਈ ਸੀ। ਛੇਵੇਂ ਪਾਤਸ਼ਾਹ ਨੇ ਹੀ ਪੈਂਦੇ ਖਾਂ ਨੂੰ ਪਾਲਿਆ ਤੇ ਵੱਡਾ ਕੀਤਾ ਤੇ ਭਲਵਾਨ ਬਣਾਇਆ ਪਰ ਉਸ ਦੀ ਬੁੱਧੀ ਗਲਤ ਰਸਤੇ ’ਤੇ ਚੱਲ ਪਈ। ਉਹ ਦੁਸ਼ਮਣਾਂ ਨਾਲ ਰਲ ਗਿਆ। ਉਹ ਮੁਗਲ ਫ਼ੌਜਾਂ ਨਾਲ ਰਲ ਕੇ ਛੇਵੇਂ ਪਾਤਸ਼ਾਹ ਦੇ ਸਨਮੁੱਖ ਜੰਗ ਕਰਨ ਆ ਗਿਆ। ਜਿੱਥੇ ਵੱਡਾ ਹੋਇਆ, ਖਾਧਾ, ਉਨ੍ਹਾਂ ਦੇ ਸਾਹਮਣੇ ਹੀ ਲੜਨ ਵਾਸਤੇ ਆ ਗਿਆ। ਬੜੀ ਭਿਆਨਕ ਜੰਗ ਹੋਈ ਤੇ ਅਖੀਰ ਗੁਰੂ ਜੀ ਹੱਥੋਂ ਪੈਂਦੇ ਖਾਂ ਮਾਰਿਆ ਗਿਆ। ਪੈਂਦੇ ਖਾਂ ਨੂੰ ਮਾਰ ਕੇ ਤੇ ਜੰਗ ਜਿੱਤ ਕੇ ਗੁਰੂ ਜੀ, ਗੁਰਦੁਆਰਾ ਸੁਖਚੈਨਆਣਾ ਸਾਹਿਬ ਸੱਭਰਾ, ਗੁਰਦੁਆਰਾ ਚਰਨ ਕੰਵਲ ਸਾਹਿਬ ਬੰਗਾ ਤੋਂ ਹੁੰਦੇ ਹੋਏ ਬਿਕਰਮੀ 1691 ਈਸਵੀ ਨੂੰ ਨਗਰ ਦੁਰਗਾਪੁਰ (ਸ਼ਹੀਦ ਭਗਤ ਸਿੰਘ ਨਗਰ) ਵਿਖੇ ਪਹੁੰਚੇ ਅਤੇ ਗੁਰੂ ਜੀ ਇਸ ਸਥਾਨ ਉੱਪਰ ਇੱਕ ਦਿਨ ਅਤੇ ਇੱਕ ਰਾਤ ਰਹੇ ਸਨ ਤੇ ਗੁਰੂ ਜੀ ਨੇ ਸੰਗਤਾਂ ਨੂੰ ਦਰਸ਼ਨ ਦੀਦਾਰ ਦੇ ਕੇ ਨਿਹਾਲ ਕੀਤਾ। ਸਤਿਗੁਰੂ ਜੀ ਦੇ ਨਾਲ ਮਾਤਾ ਨਾਨਕੀ ਜੀ, ਬਾਬਾ ਗੁਰਦਿੱਤਾ ਜੀ, ਗੁਰੂ ਹਰਿ ਰਾਏ ਸਾਹਿਬ ਜੀ ਅਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਵੀ ਸਨ। ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਆਉਣ ਦੀ ਯਾਦ ਵਿਚ ਇਹ ਗੁਰਦੁਆਰਾ ਸਾਹਿਬ ਸੁਸ਼ੋਭਿਤ ਹੈ। ਇਸ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ ਹੈ ਅਤੇ ਇਸ ਗੁਰਦੁਆਰਾ ਸਾਹਿਬ ਦੀ ਦੇਖ-ਰੇਖ ਮੈਨੇਜਰ ਗੁਰਦੁਆਰਾ ਚਰਨ ਕੰਵਲ ਸਾਹਿਬ ਜੀਂਦੋਵਾਲ (ਬੰਗਾ) ਵਾਲੇ ਕਰਦੇ ਹਨ। ਇੱਥੇ ਹਰ ਸਾਲ 22 ਹਾੜ ਨੂੰ ਸਾਲਾਨਾ ਜੋੜ ਮੇਲਾ ਵੀ ਮਨਾਇਆ ਜਾਂਦਾ ਹੈ। ਇਹ ਗੁਰਦੁਆਰਾ ਸਾਹਿਬ ਸ਼ਹੀਦ ਭਗਤ ਸਿੰਘ ਨਗਰ ਤੋਂ 2 ਕਿਲੋਮੀਟਰ ਦੀ ਦੂਰੀ ’ਤੇ ਪਿੰਡ ਦੁਰਗਾਪੁਰ ਵਿਚ ਸਥਿਤ ਹੈ। ਇਸ ਧਾਰਮਿਕ ਅਸਥਾਨ ’ਤੇ ਰੋਜ਼ਾਨਾ ਭਾਰੀ ਗਿਣਤੀ ਵਿਚ ਸ਼ਰਧਾਲੂ ਮੱਥਾ ਟੇਕਣ ਲਈ ਆਉਂਦੇ ਹਨ ਅਤੇ ਗੁਰੂ ਜੀ ਪਾਸੋਂ ਸੁੱਖ ਸ਼ਾਂਤੀ ਦੀ ਮੰਗ ਕਰਦੇ ਹਨ।

24 ਜੂਨ ਜਨਮ ਦਿਨ ’ਤੇ ਵਿਸ਼ੇਸ਼

ਮਹਾਨ ਅਕਾਲੀ ਨੇਤਾ ਮਾਸਟਰ ਤਾਰਾ ਸਿੰਘ



ਮਾਸਟਰ ਤਾਰਾ ਸਿੰਘ ਦਾ ਜਨਮ 24 ਜੂਨ, ਸੰਨ 1885 ਨੂੰ ਪਿੰਡ ਹਰਿਆਲ ਤਹਿਸੀਲ ਗੁਜ਼ਰ ਖਾਂ, ਜ਼ਿਲ੍ਹਾ ਰਾਵਲਪਿੰਡੀ ਵਿਚ ਸ਼੍ਰੀ ਗੋਪੀ ਚੰਦ ਸਹਿਜਧਾਰੀ ਦੇ ਘਰ ਮਾਤਾ ਮੂਲੋਂ ਦੇਵੀ ਦੀ ਕੁਖੋਂ ਹੋਇਆ। ਆਪ ਮਲਹੋਤਰੇ ਖੱਤਰੀ ਸਨ। ਆਪਦਾ ਬਚਪਨ ਦਾ ਨਾਮ ਨਾਨਕ ਚੰਦ ਸੀ।

ਆਪ ਨੇ ਪ੍ਰਾਇਮਰੀ ਪਿੰਡ ਦੇ ਸਕੂਲ ਵਿਚ ਪਾਸ ਕੀਤੀ। ਸੰਨ 1902 ਵਿਚ ਸੰਤ ਅਤਰ ਡੇਰਾ ਖ਼ਾਲਸਾ (ਰਾਵਲਪਿੰਡੀ) ਤੋਂ ਅੰਮ੍ਰਿਤ ਪਾਨ ਕੀਤਾ। ਨਾਮ ਨਾਨਕ ਚੰਦ ਤੋਂ ਤਾਰਾ ਸਿੰਘ ਰੱਖਿਆ ਗਿਆ। 1903 ਵਿਚ ਆਪ ਨੇ ਮਿਸ਼ਨ ਸਕੂਲ ਰਾਵਲਪਿੰਡੀ ਤੋਂ ਦਸਵੀਂ ਪਾਸ ਕੀਤੀ।

ਖ਼ਾਲਸਾ ਕਾਲਜ ਅੰਮ੍ਰਿਤਸਰ ਤੋਂ ਬੀ.ਏ. ਅਤੇ ਟਰੇਨਿੰਗ ਕਾਲਜ ਤੋਂ ਬੀ.ਟੀ. ਪਾਸ ਕੀਤੀ। ਸਕੂਲ ਵਿਚ ਹਾਕੀ ਦੇ ਕੈਪਟਨ ਰਹੇ।

1904 ਵਿਚ ਆਪਦੀ ਸ਼ਾਦੀ ਸ਼੍ਰੀਮਤੀ ਤੇਜ਼ ਕੌਰ ਪੁੱਤਰੀ ਸ. ਮੰਗਤ ਸਿੰਘ ਧਮਿਆਲ, ਜ਼ਿਲ੍ਹਾ ਰਾਵਲਪਿੰਡੀ ਨਾਲ ਹੋਈ।

ਪੜ੍ਹਾਈ ਪੂਰੀ ਕਰਨ ਤੋਂ ਬਾਅਦ ਆਪ ਨੇ ਸਕੂਲ ਮਾਸਟਰ ਦੀ ਨੌਕਰੀ ਕਰਨ ਦਾ ਮਨ ਬਣਾ ਲਿਆ। ਮਾਸਟਰ ਤਾਰਾ ਸਿੰਘ, ਸ. ਬਿਸ਼ਨ ਸਿੰਘ ਤੇ ਮਾਸਟਰ ਸੁੰਦਰ ਸਿੰਘ ਨੇ ਖ਼ਾਲਸਾ ਦੀਵਾਨ ਨੂੰ ਲਿਖ ਕੇ ਦੇ ਦਿੱਤਾ, ਜੇਕਰ ਲਾਇਲਪੁਰ ਵਿਚ ਖ਼ਾਲਸਾ ਹਾਈ ਸਕੂਲ ਜਾਰੀ ਕਰ ਦਿੱਤਾ ਜਾਵੇ, ਤਾਂ ਅਸੀਂ ਤਿੰਨੇ 15 ਰੁਪਏ ਮਾਸਕ ਤਨਖ਼ਾਹ ’ਤੇ ਸੇਵਾ ਕਰਨ ਲਈ ਤਿਆਰ ਹਾਂ। ਸਕੂਲ ਜਾਰੀ ਹੋ ਗਿਆ। 15 ਮਈ ਸੰਨ 1909 ਨੂੰ ਆਪ ਉਸ ਦੇ ਹੈੱਡਮਾਸਟਰ ਨਿਯੁਕਤ ਹੋਏ।

ਸੰਨ 1920 ਵਿਚ ਗੁਰਦੁਆਰਾ ਸੁਧਾਰ ਲਹਿਰ ਚੱਲੀ। 20 ਫ਼ਰਵਰੀ 1921 ਨੂੰ ਨਨਕਾਣਾ ਸਾਹਿਬ ਦਾ ਸਾਕਾ ਹੋਇਆ, ਉਸ ਵਕਤ ਮਾਸਟਰ ਤਾਰਾ ਸਿੰਘ ਸਕੂਲ ਤੋਂ ਛੁੱਟੀ ਲੈ ਕੇ ਮਾਰਚ 1921 ’ਚ ਸ਼੍ਰੋਮਣੀ ਕਮੇਟੀ ਦੇ ਸਕੱਤਰ ਲੱਗ ਗਏ।

ਮਾਸਟਰ ਜੀ ਪਹਿਲੀ ਵਾਰ ਸੰਨ 1921 ’ਚ ਚਾਬੀਆਂ ਦੇ ਮੋਰਚੇ ’ਚ ਗ੍ਰਿਫ਼ਤਾਰ ਹੋਏ ਦੂਜੀ ਵਾਰ ਅਗਸਤ 1922 ’ਚ ਗੁਰੂ ਕੇ ਬਾਗ਼ ਦੇ ਮੋਰਚੇ ਸਮੇਂ ਅਕਾਲੀ ਲੀਡਰਾਂ ਨਾਲ ਗ੍ਰਿਫ਼ਤਾਰ ਹੋਏ।

ਜੁਲਾਈ 1923 ’ਚ ਅੰਗਰੇਜ਼ੀ ਸਰਕਾਰ ਨੇ ਰਿਪੁਦਮਨ ਸਿੰਘ ਨਾਭਾ ਨੂੰ ਗੱਦੀਓਂ ਲਾਹ ਦਿੱਤਾ। ਅੰਗਰੇਜ਼ੀ ਸਰਕਾਰ ਦੇ ਵਿਰੁੱਧ ਸ਼੍ਰੋਮਣੀ ਕਮੇਟੀ ਤੇ ਅਕਾਲੀ ਦਲ ਨੇ ਅੰਦੋਲਨ ਸ਼ੁਰੂ ਕਰ ਦਿੱਤਾ। ਉਸ ਸਮੇਂ ਮਾਸਟਰ ਜੀ ਨੇ ਅਕਾਲੀ ਪ੍ਰਦੇਸੀ ਅਖ਼ਬਾਰ ਵਿਚ ਸਭ ਤੋਂ ਵੱਧ ਲਿਖਿਆ ਤੇ ਜੈਤੋ ਦੇ ਮੋਰਚੇ ਵਿਚ ਲੋਕਾਂ ਨੂੰ ਤਿਆਰ ਕੀਤਾ। ਅਕਤੂਬਰ 1923 ਵਿਚ ਸ਼੍ਰੋਮਣੀ ਕਮੇਟੀ ਅਤੇ ਅਕਾਲੀ ਦਲ ਨੂੰ ਕਾਨੂੰਨ ਵਿਰੁੱਧ ਕਰਾਰ ਦੇ ਕੇ ਸਾਰੇ ਅਕਾਲੀ ਲੀਡਰਾਂ ਨੂੰ ਗ੍ਰਿਫ਼ਤਾਰ ਕਰ ਲਿਆ। ਉਨ੍ਹਾਂ ਵਿਰੁੱਧ ਜ਼ੇਰੇ-ਦਫਾ 121-124 ਲਾ ਕੇ ਸੈਂਟਰਲ ਜੇਲ੍ਹ ਤੇ ਫਿਰ ਲਾਹੌਰ ਕਿਲ੍ਹੇ ਵਿਚ ਕੇਸ ਚਲਾਇਆ।

ਜੁਲਾਈ 1926 ਵਿਚ ਸ. ਤੇਜਾ ਸਿੰਘ ਸਮੁੰਦਰੀ ਚੜ੍ਹਾਈ ਕਰ ਗਏ। ਬਾਕੀ ਦੇ ਆਗੂਆਂ ਨੇ ਮਾਸਟਰ ਤਾਰਾ ਸਿੰਘ ਨੂੰ ਆਪਣਾ ਆਗੂ ਮੰਨ ਲਿਆ। ਅਕਾਲੀਆਂ ਵਿਚ ਦੋ ਪਾਰਟੀਆਂ ਬਣ ਗਈਆਂ, ਇਕ ਅਕਾਲੀ ਪਾਰਟੀ ਤੇ ਦੂਜੀ ਸਾਹਿਬ ਬਹਾਦਰ ਬਣ ਗਈ। ਸੰਨ 1926 ਵਿਚ ਗੁਰਦੁਆਰਾ ਐਕਟ ਅਨੁਸਾਰ ਸ਼੍ਰੋਮਣੀ ਕਮੇਟੀ ਦੀਆਂ ਚੋਣਾਂ ਹੋਈਆਂ। ਪਾਰਟੀਬਾਜ਼ੀ ਦੇ ਆਧਾਰ ’ਤੇ ਚੋਣਾਂ ਲੜੀਆਂ ਗਈਆ। ਅਕਾਲੀ ਪਾਰਟੀ ਜਿੱਤ ਗਈ। ਸ. ਖੜਕ ਸਿੰਘ ਜੇਲ੍ਹ ਵਿਚ ਸਨ। ਉਹ

-ਸੁਖਵਿੰਦਰ ਸਿੰਘ ਮੁੱਲਾਂਪੁਰ
ਮੋਬ : 99141-84794
(Punjab Mail USA)



ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਤੇ ਮਾਸਟਰ ਤਾਰਾ ਸਿੰਘ ਮੀਤ ਪ੍ਰਧਾਨ ਚੁਣੇ ਗਏ। ਸ. ਖੜਕ ਸਿੰਘ ਜੇਲ੍ਹ ਵਿਚ ਹੋਣ ਕਰਕੇ ਮਾਸਟਰ ਤਾਰਾ ਸਿੰਘ ਸ਼੍ਰੋਮਣੀ ਕਮੇਟੀ ਦਾ ਸਾਰਾ ਕੰਮ ਕਰਦੇ ਰਹੇ। ਉਨ੍ਹਾਂ ਦਾ ਅਕਾਲੀਆਂ ਵਿਚ ਬਹੁਤ ਪ੍ਰਭਾਵ ਵੱਧ ਗਿਆ।

1928 ਵਿਚ ਸਾਈਮਨ ਕਮਿਸ਼ਨ ਆਇਆ, ਜਿਸ ਦਾ ਕਾਂਗਰਸ ਅਤੇ ਸਿੱਖ ਲੀਗ ਨੇ ਬਾਈਕਾਟ ਕੀਤਾ। 1928 ਵਿਚ ਨਹਿਰੂ ਰਿਪੋਰਟ ਪ੍ਰਕਾਸ਼ਤ ਹੋਈ। ਉਸ ਉਪਰ ਸ. ਮੰਗਲ ਸਿੰਘ ਨੇ ਦਸਤਖ਼ਤ ਕੀਤੇ ਸਨ। ਉਸ ਰਿਪੋਰਟ ਵਿਚ ਸਿੱਖਾਂ ਦਾ ਕੋਈ ਜ਼ਿਕਰ ਨਹੀਂ ਸੀ। ਸ. ਖੜਕ ਸਿੰਘ ਤੇ ਮਾਸਟਰ ਤਾਰਾ ਸਿੰਘ ਨੇ ਉਸ ਦੀ ਵਿਰੋਧਤਾ ਕੀਤੀ।

ਮਾਸਟਰ ਜੀ ਨੇ ਪਹਿਲੀ ਵਾਰ 28 ਮਈ 1948 ਨੂੰ ਪੰਜਾਬੀ ਸੂਬੇ ਦੀ ਮੰਗ ਕੀਤੀ। 22 ਮਈ 1960 ਦੇ ਦਿਨ ਅੰਮ੍ਰਿਤਸਰ ਵਿਚ ਪੰਜਾਬੀ ਸੂਬੇ ਬਾਰੇ ਕੰਨਵੈਨਸ਼ਨ ਹੋਈ। ਇਸ ਵਿਚ ਮੋਰਚਾ ਲਾਉਣ ਦਾ ਕੋਈ ਵੀ ਜ਼ਿਕਰ ਨਹੀਂ ਸੀ। ਅਕਾਲੀ ਦਲ ਨੇ ਸਿਰਫ ਇਹ ਐਲਾਨ ਕੀਤਾ ਸੀ, ਪੰਜਾਬੀ ਸੂਬੇ ਦੇ ਸਬੰਧ ਵਿਚ ਲੋਕਾਂ ਨੂੰ ਜਾਣਕਾਰੀ ਦੇਣ ਸਬੰਧੀ ਪ੍ਰਚਾਰ ਕੀਤਾ ਜਾਵੇ ਅਤੇ ਇਸ ਦੇ ਸਬੰਧ ਵਿਚ 12 ਜੂਨ 1960 ਦੇ ਦਿਨ ਦਿੱਲੀ ਵਿਚ ਇਕ ਜਲੂਸ ਕੱਢਿਆ ਜਾਵੇ। ਇਸ ਜਲੂਸ ਵਿਚ ਸ਼ਾਮਲ ਹੋਣ ਵਾਸਤੇ ਮਾਸਟਰ ਤਾਰਾ ਸਿੰਘ ਨੇ 29 ਮਈ 1960 ਦੇ ਦਿਨ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ 11 ਸਿੱਖਾਂ ਦਾ ਇਕ ਜੱਥਾ ਲੈ ਕੇ ਜਾਣਾ ਸੀ। ਇਸ ਜੱਥੇ ਨੇ ਪੰਜਾਬ ਦੇ ਵੱਖ-ਵੱਖ ਇਲਾਕਿਆਂ ਵਿਚੋਂ ਦੀ ਹੋ ਕੇ 12 ਜੂਨ ਨੂੰ ਦਿੱਲੀ ਵਿਖੇ ਪਹੁੰਚ ਕੇ ਜਲੂਸ ਦੀ ਅਗਵਾਈ ਕਰਨੀ ਸੀ।

ਪੰਜਾਬ ਵਿਚ ਪ੍ਰਤਾਪ ਸਿੰਘ ਕੈਰੋਂ ਦੀ ਸਰਕਾਰ ਸੀ। ਉਹ ਦਿੱਲੀ ਸਰਕਾਰ ਖਾਸ ਕਰਕੇ ਪੰਡਤ ਨਹਿਰੂ ਨੂੰ ਖੁਸ਼ ਕਰਨ ਖ਼ਾਤਰ ਜੱਥੇ ’ਤੇ ਕੋਈ ਕਾਰਵਾਈ ਕਰਕੇ ਦਿਖਾਉਣਾ ਚਾਹੁੰਦਾ ਸੀ। ਇਸ ਕਰਕੇ ਉਸ ਨੇ 24-25 ਮਈ ਦੀ ਦਰਮਿਆਨੀ ਰਾਤ ਨੂੰ ਇਕ ਵੱਡੀ ਪੁਲਿਸ ਫੋਰਸ ਭੇਜ ਕੇ ਮਾਸਟਰ ਤਾਰਾ ਸਿੰਘ ਦੇ ਘਰ ਨੂੰ ਘੇਰ ਕੇ ਉਸ ਨੂੰ ਗ੍ਰਿਫ਼ਤਾਰ ਕਰਕੇ, ਰਾਤੋ-ਰਾਤ ਧਰਮਸ਼ਾਲਾ ਜੇਲ੍ਹ ਵਿਚ ਬੰਦ ਕਰ ਦਿੱਤਾ।

ਮਿੱਥੇ ਹੋਏ ਐਲਾਨ ਮੁਤਾਬਕ 29 ਮਈ ਨੂੰ ਇਹ ਜੱਥਾ ਦਿੱਲੀ ਦੇ 12 ਜੂਨ ਦੇ ਜਲੂਸ ਦੀ ਅਗਵਾਈ ਕਰਨ ਵਾਸਤੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਤੋਰਿਆ ਗਿਆ। ਇਸ ਜੱਥੇ ਦੀ ਅਗਵਾਈ ਪ੍ਰਿੰਸੀਪਲ ਇਕਬਾਲ ਸਿੰਘ ਬੋਪਾਰਾਏ ਨੇ ਕੀਤੀ। ਇਸ ਜੱਥੇ ਨਾਲ ਹਜ਼ਾਰਾਂ ਸੰਗਤਾਂ ਜਾ ਰਹੀਆਂ ਸਨ। ਤਰਨ ਤਾਰਨ ਦੇ ਰਾਹ ਜਾਂਦੇ ਜੱਥੇ ’ਤੇ ਸਰਕਾਰ ਨੇ ਜ਼ਬਰਦਸਤ ਲਾਠੀਚਾਰਜ ਕਰ ਦਿੱਤਾ।

ਦੂਸਰੇ ਦਿਨ ਸਿੱਖਾਂ ਨੇ ਪੰਜਾਬੀ ਸੂਬੇ ਲਈ ਮੋਰਚਾ ਸ਼ੁਰੂ ਕਰ ਦਿੱਤਾ। ਇਸ ਮੋਰਚੇ ਦੀ ਚੜ੍ਹਤ ਵੇਖ ਕੇ ਸਰਕਾਰ ਨੇ ਅਕਾਲੀ ਦਲ ਵਿਚ ਫੁੱਟ ਪਾ ਦਿੱਤੀ। 15 ਅਗਸਤ, 1961 ਨੂੰ ਮਾਸਟਰ ਤਾਰਾ ਸਿੰਘ ਨੇ ਮਰਨ ਵਰਤ ਰੱਖਿਆ, ਜੋ 48 ਦਿਨਾਂ ਬਾਅਦ ਛੱਡ ਦਿੱਤਾ। ਇਸ ਤੋਂ ਬਾਆਦ ਮਾਸਟਰ ਤਾਰਾ ਸਿੰਘ ਦਾ ਸਿੱਖਾਂ ’ਤੇ ਪ੍ਰਭਾਵ ਘੱਟਣਾ ਸ਼ੁਰੂ ਹੋ ਗਿਆ।

ਆਜ਼ਾਦੀ ਤੋਂ ਪਹਿਲਾਂ ਪੰਡਤ ਨਹਿਰੂ ਹੋਰੀ ਮਾਸਟਰ ਤਾਰਾ ਸਿੰਘ ਹੋਰਾਂ ਨਾਲ ਵਾਰ-ਵਾਰ ਵਿਸ਼ਵਾਸਘਾਤ ਕਰਦੇ ਰਹੇ ਪਰ ਇਹ ਉਨ੍ਹਾਂ ਦੀਆਂ ਗੱਲਾਂ ਵਿਚ ਆ ਕੇ ਸਾਨੂੰ ਵੱਖਰੀ ਆਜ਼ਾਦੀ ਨਾ ਲੈ ਕੇ ਦੇ ਸਕੇ। ਜਦ ਦੇਸ਼ ਆਜ਼ਾਦ ਹੋਣ ਤੋਂ ਬਾਅਦ ਪੰਡਤ ਨਹਿਰੂ ਨੇ ਸਾਰੇ ਕੀਤੇ ਵਾਅਦਿਆਂ ਤੋਂ ਮੁਕਰ ਕੇ ਸਾਫ਼ ਹੀ ਕਹਿ ਦਿੱਤਾ ਸੀ, “ਹੁਣ ਉਹ ਸਮਾਂ ਲੰਘ ਚੁੱਕਾ ਹੈ।” ਫਿਰ ਮਾਸਟਰ ਤਾਰਾ ਸਿੰਘ ਵਾਰ-ਵਾਰ ਬਹੁਤ ਪਛਤਾ ਰਿਹਾ ਸੀ ਕਿਉਂਕਿ ਵਕਤ ਹੱਥੋਂ ਨਿਕਲ ਚੁੱਕਾ ਸੀ। ਆਜ਼ਾਦੀ ਤੋਂ ਬਾਅਦ ਮਾਸਟਰ ਤਾਰਾ ਸਿੰਘ ਪੰਜਾਬੀ ਸੂਬੇ ਲਈ ਜੱਦੋ-ਜਹਿਦ ਕਰਦਾ-ਕਰਦਾ 22 ਨਵੰਬਰ 1967 ਵਿਚ ਸਿੱਖ ਪੰਥ ਨੂੰ ਅਲਵਿਦਾ ਕਹਿ ਗਿਆ।

ਪੁਰਾਤਨ ਵਸਤਾਂ ਨੂੰ ਸਾਂਭੀ ਬੈਠੀ ‘ਉਪਿੰਦਰ ਕੌਰ ਸੇਖੋਂ’

ਬਿਊਟੀਫੁੱਲ ਸਿਟੀ ਚੰਡੀਗੜ੍ਹ ਦੇ ਸੈਕਟਰ 2 ਦੀ ਵਸਨੀਕ ਉਪਿੰਦਰ ਕੌਰ ਸੇਖੋਂ ਨੇ ਪੁਰਾਤਨ ਵਿਰਸੇ ਨਾਲ ਜੁੜੀਆਂ ਬਹੁਤ ਸਾਰੀਆਂ ਵਸਤੂਆਂ ਬੜੇ ਸ਼ੌਂਕ ਨਾਲ ਸਾਂਭ ਕੇ ਰੱਖੀਆਂ ਹੋਈਆਂ ਹਨ। ਉਨ੍ਹਾਂ ਕੋਲ ਚਾਂਦੀ, ਪਿੱਤਲ, ਕਾਂਸੀ, ਭਰਤ, ਲੋਹੇ, ਚੀਨੀ ਦੇ ਭਾਂਡੇ ਜਿਵੇਂ ਗਾਗਰ, ਬਲਟੋਹੀ, ਦੋਣਾ, ਪਤੀਲੇ, ਤੁੱਸਕ, ਕੜਾਹੀਆਂ, ਬਾਲਟੀਆਂ, ਜੱਗ ਕੰਗਣੀ ਵਾਲੇ, ਪਰਾਂਤਾਂ, ਥਾਲ, ਥਾਲੀਆਂ, ਛੰਨੇ, ਬਾਟੀਆਂ, ਕੰਗਣੀ ਵਾਲੇ ਗਿਲਾਸ, ਡੋਲੂ ਆਦਿ ਸਾਂਭੇ ਹੋਏ ਹਨ। ਇਸ ਤੋਂ ਇਲਾਵਾ ਉਨ੍ਹਾਂ ਕੋਲ 65 ਕਲੀਆਂ ਵਾਲੇ ਸਿਲਕ ਦੇ ਦੋ ਘੱਗਰੇ, 48 ਕਲੀਆਂ ਵਾਲਾ ਸੂਤੀ ਦਾ ਘੱਗਰਾ, ਇੱਕ ਹਰੇ ਰੰਗ ਦਾ ਰੇਸ਼ਮੀ ਘੱਗਰਾ (ਜਿਸ ’ਤੇ ਸੁੱਚੀ ਖਤੂਮ ਲੱਗੀ ਹੋਈ ਹੈ), ਕਾਲਾ ਸੂਫ ਦਾ ਘੱਗਰਾ, ਆਦਿ ਵੀ ਸਾਂਭੇ ਹੋਏ ਹਨ। ਇਹ ਘੱਗਰੇ ਅਲੱਗ-ਅਲੱਗ ਮੌਕਿਆਂ ਦੀ ਯਾਦ ਦਿਵਾਉਂਦੇ ਹਨ। ਇਥੇ ਹੀ ਬਸ ਨਹੀਂ, ਬਠਿੰਡੇ ਦੇ ਪਿੰਡ ਚੱਕ ਅਤਰ ਸਿੰਘ ਵਾਲਾ ਵਿਖੇ ਪੈਦਾ ਹੋਈ ਤੇ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਅੰਗਰੇਜ਼ੀ ’ਚ ਮਾਸਟਰ ਡਿਗਰੀ ਪ੍ਰਾਪਤ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਐੱਲ.ਐੱਲ.ਬੀ. ਦੀ ਤਾਲੀਮ ਪ੍ਰਾਪਤ ਇਸ ਮਹਿਲਾ ਨੇ ਨਾਲੇ ਬੁਣਨ ਵਾਲਾ ਅੱਡਾ, ਸੁੱਚਾ ਅੰਗਰਖਾ, ਸੁੱਚੀ ਅਚਕਨ, ਰੇਸ਼ਮੀ ਨਾਲੇ, ਪਰਾਂਦੀਆਂ, ਟੋਕਰੀਆਂ, ਝੋਲੇ, ਪੱਖੀਆਂ, ਟਿਊਬਾਂ ਵਾਲਾ ਰੇਡੀਓ, ਘੜੀਆਂ, ਹੱਥ ਪੱਖਾ, ਸੁਰਮੇਦਾਨੀ, ਸੁਰਮਚੂ, ਬਿਜਲੀ ਵਾਲੀ ਕੇਤਲੀ, ਖੂੰਡੇ, ਸ਼ਾਬਾ, ਦਾਤ, ਸਰਪੇਸ,



ਸਿਲਕ ਦੇ ਅਲੱਗ-ਅਲੱਗ ਤਰ੍ਹਾਂ ਦੇ ਕੁੜਤੇ ਜਿਵੇਂ ਸਾਟਣ ਦੇ, ਡੇ ਐਂਡ ਨਾਈਟ ਦੇ ਕੁੜਤੇ, ਸੁੱਚੀ ਸਾੜੀ, ਖੱਦਰ ਦੇ ਬਾਗ, ਦੋ ਟੂਲ ਦੀਆਂ ਫੁਲਕਾਰੀਆਂ, ਤਿੰਨ ਪੀੜੀਆਂ ਦਾ ਟਿੱਕਾ ਤੇ ਇੱਕ ਤਿੰਨ ਪੀੜ੍ਹੀਆਂ ਦਾ ਕੁੰਦਨ ਦਾ ਸੈੱਟ ਹੈ। ਬਹੁਤ ਸਾਰੇ ਪੁਰਾਣੇ ਟਰੰਕ, ਅਟੈਂਚੀ, ਪੇਟੀਆਂ, 2 ਸੰਦੂਕ, ਜੈਸਲਮੇਰ ਵਾਲੇ ਗੱਡੀਆਂ ਵਾਲਿਆਂ ਦੀ ਗੱਡੀ (ਜਿਸ ਦੇ ਉੱਤੇ ਪਿੱਤਲ ਦੀ ਵਧੀਆ ਕਢਾਈ ਕੀਤੀ ਹੋਈ ਹੈ), 1930 ਦਾ ਬਣਿਆ ਅਖਰੋਟ ਦੀ ਲੱਕੜ ਵਾਲਾ ਮੇਜ਼, ਬੈੱਡ, ਸੂਤ ਦਾ ਮੰਜਾ, ਰਿੜਕਣਾ ਅਤੇ ਮਧਾਣੀ, ਪੀੜ੍ਹੀ, ਚਰਖਾ, ਊਰੀ, ਕੱਤਣੀਆਂ, ਥਰਮਸ, ਸਰਪੋਸ਼, ਛਾਬਾ, ਪੁਰਾਣੀ ਕਰੰਸੀ, ਬਾਹਰਲੇ ਮੁਲਕਾਂ ਦੀ ਕਰੰਸੀ, ਪ੍ਰੈੱਸ, 15 ਵੱਖ-ਵੱਖ ਡਿਜ਼ਾਇਨਾਂ ਦੇ ਖੇਸ, ਮਜਨੂੰ ਖੇਸ, ਝੋਲੇ, ਟੋਕਰੀਆਂ, ਬਠਿੰਡੇ ਵਾਲੇ ਕਿਲੇ ਮੁਬਾਰਕ ਦੀ ਇੱਟ, ਪਿੱਤਲ ਦਾ ਹਮਾਮ, ਚਾਂਦੀ ਦੇ ਚਾਹ ਵਾਲੇ ਸੈੱਟ, ਚਤਈਆਂ, ਚੰਦੇ, ਦਰੀਆਂ, ਪਿੱਤਲ ਦੀਆਂ ਮੂੜੀਆਂ, ਲਾਲਟੈਣ, ਦਾਤ, ਐੱਚ.ਐੱਮ.ਵੀ. ਕੰਪਨੀ ਦੇ ਰਿਕਾਰਡ, ਕੌਡੀਆਂ, ਗੀਟੇ ਆਦਿ ਵਸਤਾਂ ਵੀ ਸੰਭਾਲ ਕੇ ਰੱਖੀਆਂ ਹੋਈਆਂ ਹਨ। ਇਹ ਸਾਰੀਆਂ ਪੁਰਾਤਨ ਵਸਤਾਂ 100 ਸਾਲਾਂ ਤੋਂ ਵਧੇਰੇ ਸਮੇਂ ਦੀਆਂ ਹਨ। ਇਹ ਵਸਤੂਆਂ ਪੁਰਾਤਨ ਵਿਰਸੇ ਦੀ ਯਾਦ ਦੁਆਉਂਦੀਆਂ ਹਨ। ਉਪਿੰਦਰ ਕੌਰ ਵੱਲੋਂ ਸਾਂਭੀਆਂ ਇਨ੍ਹਾਂ ਚੀਜ਼ਾਂ ਵਿਚ ਕੁੱਝ ਉਨ੍ਹਾਂ ਦੀਆਂ

ਤਸਵਿੰਦਰ ਸਿੰਘ ਬੜੈਚ
ਪਿੰਡ ਦੀਵਾਲਾ, ਤਹਿਸੀਲ ਸਮਰਾਲਾ,
ਜ਼ਿਲ੍ਹਾ ਲੁਧਿਆਣਾ।
ਮੋਬ : 75279-31887
(Punjab Mail USA)

ਜੱਦੀ ਪੁਸ਼ਤੀ ਹਨ ਤੇ ਕੁੱਝ ਚੀਜ਼ਾਂ ਉਨ੍ਹਾਂ ਨੇ ਵੱਖ-ਵੱਖ ਥਾਵਾਂ ਤੋਂ ਜਾ ਕੇ ਇਕੱਤਰ ਕੀਤੀਆਂ ਹਨ। ਉਪਿੰਦਰ ਕੌਰ ਨੂੰ ਬਚਪਨ ਤੋਂ ਹੀ ਆਪਣੇ ਪਿੰਡ ਵਾਲਾ ਮਾਹੌਲ ਪਸੰਦ ਸੀ, ਜੋ ਕੁੱਝ ਉਨ੍ਹਾਂ ਬਚਪਨ ਵਿਚ ਵੇਖਿਆ, ਓਹੀ ਹਰ ਵਖਤ ਉਨ੍ਹਾਂ ਦੇ ਜਿਹਨ ਵਿਚ ਚੱਲਦਾ ਰਹਿੰਦਾ ਹੈ। ਇਥੋਂ ਹੀ ਉਨ੍ਹਾਂ ਨੂੰ ਇਹ ਵਸਤਾਂ ਇਕੱਠੀਆਂ ਕਰਨ ਦਾ ਸ਼ੌਂਕ ਪਿਆ। ਸੰਗਰੂਰ ਜ਼ਿਲ੍ਹੇ ਦੇ ਪਿੰਡ ਕਾਲਬਨਜ਼ਾਰੇ ਦੇ ਜੋਤਿੰਦਰ ਸਿੰਘ ਸੇਖੋਂ ਦੀ ਜੀਵਨ ਸਾਥਣ ਬਣਨ ਉਪਰੰਤ ਉਨ੍ਹਾਂ ਦਾ ਪੁਰਾਤਨ ਵਸਤਾਂ ਪ੍ਰਤੀ ਸ਼ੌਂਕ ਹੋਰ ਵਧਿਆ। ਪਰ ਅਸਲੀ ਚਿਣਗ 2006 ਵਿਚ ‘ਨੋਰਥ ਕਲਰਸ’ ਮੈਗਜ਼ੀਨ ਵਿਚ ਇਨਟੀਕਸ ’ਤੇ ਇੰਟਰਵਿਊ ਛਪਣ ਤੋਂ ਬਾਅਦ ਲੱਗੀ। ਉਸ ਤੋਂ ਬਾਅਦ ਚੱਲ ਸੋ ਚੱਲ। ਅੱਜ ਉਨ੍ਹਾਂ ਕੋਲ ਪੁਰਾਤਨ ਵਸਤਾਂ ਦਾ ਵੱਡਾ ਭੰਡਾਰ ਮੌਜੂਦ ਹੈ। ਉਪਿੰਦਰ ਕੌਰ ਸੇਖੋਂ ਦਾ ਇਹ ਸ਼ੌਂਕ ਕਾਬਿਲ-ਏ-ਤਾਰੀਫ ਹੈ, ਜਿਨ੍ਹਾਂ ਨੇ ਅਲੋਪ ਹੋ ਰਹੀਆਂ ਤੇ ਵਿਰਸੇ ਨਾਲ ਸੰਬੰਧਿਤ ਇਨ੍ਹਾਂ ਵਸਤਾਂ ਨੂੰ ਇੰਨੀ ਸ਼ਿੱਦਤ ਦੇ ਨਾਲ ਸੰਭਾਲ ਕੇ ਰੱਖਿਆ ਹੈ, ਜੋ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਲਈ ਅਨਮੋਲ ਖਜ਼ਾਨਾ ਹਨ।

ਅੱਖੀਂ ਵੇਖਿਆ ਕੌੜੀ ਪਿੰਡ (ਖੰਨਾ) ਦਾ ਭਿਆਨਕ ਰੇਲ ਹਾਦਸਾ ਅਤੇ ਪੰਜਾਬੀਆਂ ਦੀ ਨਿਸ਼ਕਾਮ ਸੇਵਾ

ਬਲਰਾਜ ਸਿੰਘ ਸਿੱਧੂ ਐਸ.ਪੀ.
ਪੰਡੋਰੀ ਸਿੱਧਵਾਂ 95011-00062
(Punjab Mail USA)

ਕੁਝ ਦਿਨ ਪਹਿਲਾਂ ਉੜੀਸਾ ਵਿਚ ਹੋਏ ਰੇਲ ਹਾਦਸੇ ਵਿਚ 280 ਦੇ ਕਰੀਬ ਲੋਕ ਅਣਿਆਈ ਮੌਤ ਮਾਰੇ ਗਏ ਹਨ ਤੇ ਸੈਂਕੜੇ ਹੋਰ ਜ਼ਖਮੀ ਹੋਏ ਹਨ। ਸੋਸ਼ਲ ਮੀਡੀਆ ਵਿਚ ਕੁਝ ਵਿਚਲਿਤ ਕਰਨ ਵਾਲੇ ਵੀਡੀਉ ਘੁੰਮ ਰਹੇ ਹਨ, ਜਿਨ੍ਹਾਂ ਵਿਚ ਇਸ ਹਾਦਸੇ ਕਾਰਨ ਮਾਰੇ ਗਏ ਬਦਨਸੀਬਾਂ ਦੀਆਂ ਲਾਸ਼ਾਂ ਨੂੰ ਜਾਨਵਰਾਂ ਵਾਂਗ ਚੁੱਕ-ਚੁੱਕ ਟੈਂਪੂਆਂ ਵਿਚ ਸੁੱਟਿਆ ਜਾ ਰਿਹਾ ਹੈ। ਜਦੋਂ ਵੀ ਮੈਂ ਕਦੇ ਰੇਲ ਹਾਦਸਿਆਂ ਬਾਰੇ ਪੜ੍ਹਦਾ ਹਾਂ, ਤਾਂ ਮੈਨੂੰ 26 ਨਵੰਬਰ 1998 ਵਾਲੇ ਦਿਨ ਖੰਨੇ ਦੇ ਨਜ਼ਦੀਕ ਹੋਏ ਪੰਜਾਬ ਦੇ ਸਭ ਤੋਂ ਵੱਡੇ ਕੌੜੀ ਰੇਲ ਹਾਦਸੇ ਦੇ ਦ੍ਰਿਸ਼ ਯਾਦ ਆ ਜਾਂਦੇ ਹਨ। ਮੈਂ ਆਪਣੀ ਜ਼ਿੰਦਗੀ ਵਿਚ ਕਦੇ ਐਨੀਆਂ ਲਾਸ਼ਾਂ ਅਤੇ ਜ਼ਖਮੀ ਨਹੀਂ ਵੇਖੇ ਤੇ ਨਾ ਹੀ ਅਜਿਹਾ ਭਿਆਨਕ ਹਾਦਸਾ ਵੇਖਿਆ ਹੈ। ਉਸ ਸਮੇਂ ਮੈਂ ਪਾਇਲ ਸਬ ਡਵੀਜ਼ਨ ਵਿਚ ਬਤੌਰ ਡੀ.ਐੱਸ.ਪੀ. ਤਾਇਨਾਤ ਸੀ। ਇਹ ਹਾਦਸਾ ਸਵੇਰੇ ਤਿੰਨ ਵਜੇ ਦੇ ਕਰੀਬ ਹੋਇਆ ਸੀ ਤੇ ਪੁਲਿਸ, ਜੀ.ਆਰ.ਪੀ., ਰੇਲਵੇ ਅਧਿਕਾਰੀ ਅਤੇ ਸਿਵਲ ਪ੍ਰਸ਼ਾਸ਼ਨ ਸਿਰਫ ਅੱਧੇ ਪੌਣੇ ਘੰਟੇ ਵਿਚ ਹੀ ਮੌਕੇ 'ਤੇ ਪਹੁੰਚ ਗਏ ਸਨ। ਉਹ ਖੌਫਨਾਕ ਮੰਜ਼ਰ ਅੱਜ 25 ਸਾਲ ਬੀਤ ਜਾਣ ਤੋਂ ਬਾਅਦ ਵੀ ਉਸੇ ਤਰ੍ਹਾਂ ਮੇਰੀਆਂ ਅੱਖਾਂ ਅੱਗੇ ਘੁੰਮ ਰਿਹਾ ਹੈ। ਰੇਲ ਦੇ ਡੱਬੇ ਇਸ ਤਰ੍ਹਾਂ ਤਬਾਹ ਹੋਏ ਸਨ, ਜਿਵੇਂ ਕਿਸੇ ਬੱਚੇ ਨੇ ਗੁੱਸੇ ਵਿਚ ਆ ਕੇ ਮਾਚਸ ਦੀ ਡੱਬੀ ਮਰੋੜੀ ਹੋਵੇ। ਇੱਕ ਟਰੇਨ ਦਾ ਇੰਜਣ ਦੂਸਰੀ ਟਰੇਨ ਦੇ ਡੱਬਿਆਂ ਨੂੰ ਤੋਪ ਦੇ ਗੋਲੇ ਵਾਂਗ ਪਾੜ ਕੇ ਵਿਚੋਂ ਦੀ ਲੰਘ ਗਿਆ ਸੀ। ਸੁੱਤੇ ਪਏ ਲੋਕਾਂ ਨੂੰ ਪਤਾ ਹੀ ਨਹੀਂ ਲੱਗਿਆ ਹੋਣਾ ਕਿ ਮੌਤ ਨੇ ਉਨ੍ਹਾਂ ਨੂੰ ਆਪਣੇ ਖੂਨੀ ਪੰਜਿਆਂ ਵਿਚ ਜਕੜ ਲਿਆ ਹੈ।

ਇਹ ਹਾਦਸਾ ਮਨੁੱਖੀ ਗਲਤੀ ਕਾਰਨ ਸਿਆਲਦਾ ਐਕਸਪ੍ਰੈੱਸ ਦੇ ਫਰੰਟੀਅਰ ਮੇਲ ਦੇ ਲੀਹੋਂ ਲੱਥੇ ਤਿੰਨ ਡੱਬਿਆਂ ਨਾਲ ਟਕਰਾਉਣ ਕਾਰਨ ਹੋਇਆ ਸੀ। ਸਿਆਲਦਾ ਐਕਸਪ੍ਰੈੱਸ ਜੰਮੂ ਤੋਂ ਦਿੱਲੀ ਜਾ ਰਹੀ ਸੀ ਤੇ ਫਰੰਟੀਅਰ ਮੇਲ ਦਿੱਲੀ ਤੋਂ ਲੁਧਿਆਣਾ ਵੱਲ। ਖੰਨੇ ਤੋਂ ਪੰਜ ਕਿ.ਮੀ. ਦੂਰ ਕੌੜੀ ਪਿੰਡ ਦੇ ਨਜ਼ਦੀਕ ਫਰੰਟੀਅਰ ਮੇਲ ਦੇ ਤਿੰਨ ਡੱਬੇ ਠੀਕ ਤਰ੍ਹਾਂ ਨਾਲ ਨਾ ਜੋੜੇ ਹੋਣ ਕਾਰਨ ਟਰੇਨ ਤੋਂ ਵੱਖ ਹੋ ਕੇ ਸਿਆਲਦਾ ਐਕਸਪ੍ਰੈੱਸ ਵਾਲੀ ਪਟੜੀ 'ਤੇ ਜਾ ਡਿੱਗੇ ਸਨ। ਇਸ ਤੋਂ ਪਹਿਲਾਂ ਕਿ ਮੁਸਾਫਰ ਡੱਬਿਆਂ ਵਿਚੋਂ ਬਾਹਰ ਨਿਕਲ ਸਕਦੇ, 110 ਕਿ.ਮੀ. ਦੀ ਸਪੀਡ ਨਾਲ ਆ ਰਹੀ ਸਿਆਲਦਾ ਐਕਸਪ੍ਰੈੱਸ ਇਨ੍ਹਾਂ ਨਾਲ ਆ ਟਕਰਾਈ ਤੇ ਟਰੈਕ ਤੋਂ ਉੱਤਰ ਕੇ ਬੁਰੀ ਤਰ੍ਹਾਂ ਨਾਲ ਪਲਟੀਆਂ ਖਾ ਗਈ। ਸਿਆਲਦਾ ਦੇ ਚਾਰ ਅਤੇ ਫਰੰਟੀਅਰ ਦੇ ਤਿੰਨ ਡੱਬੇ ਪੂਰੀ ਤਰ੍ਹਾਂ ਤਬਾਹ ਹੋ ਗਏ ਸਨ। ਦੋਵਾਂ ਟਰੇਨਾਂ ਵਿਚ ਕਰੀਬ 2500 ਮੁਸਾਫਰ ਸਵਾਰ ਸਨ, ਜਿਨ੍ਹਾਂ ਵਿਚੋਂ 212 ਮਾਰੇ ਗਏ ਤੇ ਸੈਂਕੜੇ ਜ਼ਖਮੀ ਹੋ ਗਏ। ਹਾਦਸਾ ਐਨਾ ਜ਼ਬਰਦਸਤ ਸੀ ਕਿ ਸਿਆਲਦਾ ਦਾ ਇੰਜਣ ਟੀਨ ਦੇ ਡੱਬੇ ਵਾਂਗ ਮਰੁੰਡਿਆ ਗਿਆ ਸੀ ਤੇ ਡਰਾਈਵਰ ਦੀ ਲਾਸ਼ ਦੇ ਟੁਕੜੇ-ਟੁਕੜੇ ਹੋ ਗਏ ਸਨ।

ਇਸ ਦਰਦਨਾਕ ਹਾਦਸੇ ਦਾ ਸਭ ਤੋਂ ਵਰਨਣਯੋਗ ਪੱਖ ਇਸ ਦੁੱਖ ਦੀ ਘੜੀ ਵਿਚ ਪੰਜਾਬੀਆਂ ਵੱਲੋਂ ਵਿਖਾਈ ਗਈ ਮਿਸਾਲੀ ਤੇ ਗਾਥਾਮਈ ਸੇਵਾ ਭਾਵਨਾ ਸੀ। ਹਾਦਸੇ ਵਾਲੀ ਜਗ੍ਹਾ ਖੇਤਾਂ ਵਿਚ ਹੋਣ ਕਾਰਨ ਬਿਜਲੀ ਦਾ ਕੋਈ ਪ੍ਰਬੰਧ ਨਹੀਂ ਸੀ। ਸਾਰੇ ਪਾਸੇ ਜ਼ਖਮੀਆਂ ਦਾ ਚੀਕ ਚਿਹਾੜਾ ਪਿਆ ਹੋਇਆ ਸੀ ਤੇ ਕੁਝ ਵੀ ਦਿਖਾਈ ਨਹੀਂ ਸੀ ਦੇ ਰਿਹਾ। ਪਰ ਖਬਰ ਫੈਲਦੇ ਸਾਰ ਦੂਰ ਨੇੜੇ ਦੇ ਪਿੰਡਾਂ ਅਤੇ ਖੰਨੇ ਤੋਂ ਸੈਂਕੜੇ ਲੋਕ ਫੌਰਨ ਮਦਦ ਲਈ ਪਹੁੰਚ ਗਏ। ਰੌਸ਼ਨੀ ਦਾ ਪ੍ਰਬੰਧ ਕਰਨ ਲਈ ਕਿਸਾਨਾਂ ਨੇ ਹਾਦਸੇ ਵਾਲੀ ਥਾਂ ਦੇ ਦੋਵੇਂ ਪਾਸੇ ਦਰਜ਼ਨਾਂ ਟਰੈਕਟਰ ਖੜ੍ਹੇ ਕਰ ਦਿੱਤੇ ਤੇ ਉਨ੍ਹਾਂ ਦੀਆਂ ਲਾਈਟਾਂ ਜਗਾ ਕੇ ਦਿਨ ਚੜ੍ਹਾ ਦਿੱਤਾ। ਕਿਸੇ ਨੇ ਡੀਜ਼ਲ ਦੀ ਪ੍ਰਵਾਹ ਨਾ ਕੀਤੀ ਤੇ ਨਾ ਹੀ ਪ੍ਰਸ਼ਾਸਨ ਕੋਲੋਂ ਮੰਗਿਆ। ਦਿਨ ਚੜ੍ਹਨ ਤੋਂ ਪਹਿਲਾਂ-ਪਹਿਲਾਂ ਦਾਨਵੀਰਾਂ ਨੇ ਸੈਂਕੜੇ ਸਟਰੇਚਰ, ਮੰਜੀਆਂ, ਕੰਬਲ ਅਤੇ ਦਵਾਈਆਂ ਪੱਟੀਆਂ ਆਦਿ ਜ਼ਰੂਰੀ ਵਸਤਾਂ ਮੌਕੇ 'ਤੇ ਪਹੁੰਚਾ ਦਿੱਤੀਆਂ ਸਨ। ਕਿਸੇ ਵੀ ਵਸਤੂ ਲਈ ਅਧਿਕਾਰੀ ਇੱਕ ਆਵਾਜ਼ ਮਾਰਦੇ, ਤਾਂ ਸੌ ਬੰਦਾ ਹਾਜ਼ਰ ਹੋ ਜਾਂਦਾ ਸੀ। ਸੈਂਕੜੇ ਲੋਕ ਸਰਕਾਰੀ ਹਸਪਤਾਲ ਵਿਚ ਖੂਨਦਾਨ ਕਰਨ ਲਈ ਪਹੁੰਚ ਗਏ ਸਨ। ਰਾਤ ਤੋਂ ਹੀ ਚਾਹ ਪ੍ਰਸ਼ਾਦਿਆਂ ਦਾ ਲੰਗਰ ਚਾਲੂ ਹੋ ਗਿਆ ਸੀ ਤੇ ਲੋਕਾਂ ਨੇ ਪੀੜਤਾਂ ਦੇ ਵਾਰਸਾਂ ਦੇ ਰਹਿਣ ਦਾ ਪ੍ਰਬੰਧ ਕਰਨ ਲਈ ਆਪਣੇ ਘਰਾਂ ਦੇ ਦਰਵਾਜ਼ੇ ਖੋਲ੍ਹ ਦਿੱਤੇ ਸਨ।

ਜਦੋਂ ਦਿੱਲੀ ਤੋਂ ਰੇਲਵੇ ਦੇ ਉੱਚ ਅਧਿਕਾਰੀ ਮੌਕੇ 'ਤੇ ਪਹੁੰਚੇ ਤਾਂ ਲੋਕਾਂ ਵੱਲੋਂ ਕੀਤੇ ਪ੍ਰਬੰਧ ਵੇਖ ਕੇ ਉਨ੍ਹਾਂ ਦੀਆਂ ਅੱਖਾਂ ਭਰ ਆਈਆਂ। ਇੱਕ ਅਫਸਰ ਨੇ ਦੱਸਿਆ ਕਿ ਕਈ ਸੂਬੇ ਤਾਂ ਅਜਿਹੇ ਹਨ, ਜਿੱਥੇ ਜੇ ਐਕਸੀਡੈਂਟ ਹੋ ਜਾਵੇ, ਤਾਂ ਲੋਕ ਮਦਦ ਕਰਨ ਦੀ ਬਜਾਏ ਮ੍ਰਿਤਕਾਂ ਅਤੇ ਜ਼ਖਮੀਆਂ ਦਾ ਸਮਾਨ ਲੁੱਟਣਾ ਸ਼ੁਰੂ ਕਰ ਦਿੰਦੇ ਹਨ। ਕਾਨੂੰਨੀ ਕਾਰਵਾਈ ਕਰਨ ਤੋਂ ਬਾਅਦ ਸਭ ਤੋਂ ਵੱਡੀ ਮੁਸ਼ਕਿਲ ਲਾਸ਼ਾਂ ਨੂੰ ਉਨ੍ਹਾਂ ਦੇ ਪਤੇ ਟਿਕਾਣਿਆਂ 'ਤੇ ਪਹੁੰਚਾਉਣ ਵਿਚ ਆਈ ਸੀ। ਮ੍ਰਿਤਕਾਂ ਦੇ ਸਾਰੇ ਵਾਰਸ ਐਨੇ ਅਮੀਰ ਨਹੀਂ ਸਨ ਕਿ ਦਿੱਲੀ ਦੱਖਣ ਤੱਕ ਕਿਰਾਏ ਦੀਆਂ ਗੱਡੀਆਂ ਕਰ ਸਕਦੇ। ਇਥੇ ਫਿਰ ਪੰਜਾਬੀਆਂ ਦੀ ਭਾਈ ਘਨੱਈਆ ਜੀ ਵਾਲੀ ਸੇਵਾ ਭਾਵਨਾ ਸਾਹਮਣੇ ਆਈ। ਖੰਨੇ ਦੇ ਦਾਨੀਆਂ ਨੇ ਭਾਰਤ ਦੇ ਹਰ ਕੋਨੇ ਵਿਚ ਲਾਸ਼ਾਂ ਪਹੁੰਚਾਉਣ ਲਈ ਆਪਣੇ ਖਰਚੇ 'ਤੇ ਟੈਕਸੀਆਂ ਕਰ ਕੇ ਦਿੱਤੀਆਂ ਤੇ ਗਰੀਬ ਵਾਰਸਾਂ ਨੂੰ ਰਸਤੇ ਦੇ ਖਰਚੇ ਵਾਸਤੇ ਪੈਸੇ ਵੀ ਦਿੱਤੇ। ਇਸ ਦੌਰਾਨ ਇੱਕ ਬੇਹੱਦ ਘਟੀਆ ਹਰਕਤ ਵੀ ਵਾਪਰੀ ਸੀ। ਜਦੋਂ ਸਾਰੇ ਲੋਕ ਨਿਰਸਵਾਰਥ ਭਾਵਨਾ ਨਾਲ ਬਚਾਅ ਕਾਰਜਾਂ ਵਿਚ ਲੱਗੇ ਹੋਏ ਸਨ, ਇੱਕ ਸਰਕਾਰੀ ਕਰਮਚਾਰੀ ਮ੍ਰਿਤਕਾਂ ਦੇ ਗਹਿਣੇ ਅਤੇ ਪੈਸੇ ਚੋਰੀ ਕਰਦਾ ਹੋਇਆ ਰੈੱਡ ਕਰਾਸ ਵਾਲਿਆਂ ਨੇ ਰੰਗੇ ਹੱਥੀਂ ਪਕੜ ਲਿਆ। ਉਸ ਦੀ ਘਟੀਆ ਹਰਕਤ ਕਾਰਨ ਲੋਕਾਂ ਨੇ ਉਸ ਨੂੰ ਰੱਜ ਕੇ ਲਾਹਨਤਾਂ ਪਾਈਆਂ ਤੇ ਕੁੱਟਮਾਰ ਕੇ ਉਥੋਂ ਭਜਾ ਦਿੱਤਾ।

ਹੁਣ ਵੀ ਜਦੋਂ ਕਿਸੇ ਰੇਲ ਹਾਦਸੇ ਦੀ ਖਬਰ ਆਉਂਦੀ ਹੈ, ਤਾਂ ਮਨ ਉਦਾਸ ਹੋ ਜਾਂਦਾ ਹੈ। ਇਨਸਾਨੀ ਗਲਤੀ ਤੇ ਅਣਗਹਿਲੀ ਕਾਰਨ ਪੂਰੇ ਦੇ ਪੂਰੇ ਪਰਿਵਾਰ ਖਤਮ ਹੋ ਜਾਂਦੇ ਹਨ। ਪਰ ਵਾਰ-ਵਾਰ ਹੋ ਰਹੇ ਹਾਦਸਿਆਂ ਦੇ ਬਾਵਜੂਦ ਵੀ ਪਹਿਲਾਂ ਵਾਲੀਆਂ ਗਲਤੀਆਂ ਸੁਧਾਰੀਆਂ ਨਹੀਂ ਜਾ ਰਹੀਆਂ। ਹਾਦਸਿਆਂ ਤੋਂ ਬਾਅਦ ਕੀਤੀਆਂ ਪੜਤਾਲਾਂ ਵਿਚ ਭ੍ਰਿਸ਼ਟ, ਨਾਅਹਿਲ ਅਤੇ ਕੰਮਚੋਰ ਸਰਕਾਰੀ ਅਧਿਕਾਰੀਆਂ ਦੀਆਂ ਗਲਤੀਆਂ ਸਾਹਮਣੇ ਆਉਂਦੀਆਂ ਹਨ। ਪਰ ਕੀ ਫਾਇਦਾ, ਮਰਨ ਵਾਲੇ ਤਾਂ ਵਾਪਸ ਨਹੀਂ ਆਉਣੇ। ਇਸ ਲਈ ਚਾਹੀਦਾ ਹੈ ਕਿ ਹਰ ਪੱਧਰ 'ਤੇ ਰੇਲਵੇ ਸਿਸਟਮ ਵਿਚ ਸੁਧਾਰ ਲਿਆਦਾ ਜਾਵੇ, ਤਾਂ ਜੋ ਅੱਗੇ ਤੋਂ ਅਜਿਹੇ ਹਾਦਸੇ ਨਾ ਵਾਪਰਨ। ਕਿਸੇ ਮੰਤਰੀ ਜਾਂ ਉੱਚ ਅਧਿਕਾਰੀ ਦੇ ਅਸਤੀਫਾ ਦੇਣ ਜਾਂ ਬਰਖਾਸਤ ਕਰਨ ਨਾਲ ਕੋਈ ਫਰਕ ਪੈਣਾ।

ਬਜ਼ੁਰਗਾਂ ਨਾਲ ਵੱਧ ਰਿਹਾ ਦੁਰਵਿਵਹਾਰ ਬਣਿਆ ਚੈਲੇਂਜ

> *"ਵਿਸ਼ਵ ਬਜ਼ੁਰਗ ਦੁਰਵਿਵਹਾਰ ਜਾਗਰੂਕਤਾ ਦਿਵਸ 2023 ਦਾ ਥੀਮ ਹੈ- ਸਰਕਲ ਨੂੰ ਬੰਦ ਕਰਕੇ, ਵੱਡੀ ਉਮਰ ਸੰਬੰਧੀ ਕਾਨੂੰਨ 'ਤੇ ਸਬੂਤ-ਆਧਾਰਿਤ ਜਵਾਬਾਂ 'ਚ ਲਿੰਗ-ਅਧਾਰਤ ਹਿੰਸਾ ਬਾਰੇ ਗੱਲ ਕਰਨਾ ਹੈ। ਅੱਜ ਵਿਸ਼ਵ ਪੱਧਰ 'ਤੇ ਬਜ਼ੁਰਗਾਂ ਪ੍ਰਤੀ ਘੱਟ ਰਹੀ ਇੱਜ਼ਤ ਅਤੇ ਵੱਧ ਰਿਹਾ ਮਾੜਾ ਵਿਵਹਾਰ ਸਮਾਜ ਲਈ ਚਿੰਤਾ ਦਾ ਵਿਸ਼ਾ ਬਣ ਚੁੱਕਾ ਹੈ। ਸਰੀਰਕ-ਮਾਨਸਿਕ ਤੌਰ 'ਤੇ ਕਮਜ਼ੋਰ ਹੋ ਰਹੇ ਬਜ਼ੁਰਗਾਂ ਦੀ ਕੇਅਰ ਦੇ ਨਾਲ-ਨਾਲ ਵੱਧ ਰਹੀ ਹਿੰਸਾ ਨੂੰ ਹਰ ਪੱਧਰ 'ਤੇ ਰੋਕਣਾ ਵੀ ਜ਼ਰੂਰੀ ਹੋ ਗਿਆ ਹੈ"- ਅਨਿਲ ਧੀਰ*

ਅਨਿਲ ਧੀਰ
ਬਰੈਂਟਪਨ, ਕੈਨੇਡਾ
647-853-5800
healthmedia1@hotmail.com
(Punjab Mail USA)



ਦੁਨੀਆਂ ਭਰ ਵਿਚ 15 ਜੂਨ 2023 ਵਾਲੇ ਦਿਨ ਵਿਸ਼ਵ ਬਜ਼ੁਰਗ ਦੁਰਵਿਵਹਾਰ ਜਾਗਰੂਕਤਾ ਦਿਵਸ ਲਈ ਹਰ ਪੱਧਰ 'ਤੇ ਜਾਗਰੂਕ ਕੀਤਾ ਜਾ ਰਿਹਾ ਹੈ। ਇਸ ਦਿਨ ਦੁਰਵਿਵਹਾਰ ਦੁਆਰਾ ਦੁਖੀ ਬਜ਼ੁਰਗਾਂ ਲਈ ਹਰ ਪੱਧਰ 'ਤੇ ਜਾਗਰੂਕਤਾ ਨਾਲ ਆਵਾਜ਼ ਬੁਲੰਦ ਕੀਤੀ ਜਾਂਦੀ ਹੈ। ਅਧਿਕਾਰਤ ਤੌਰ 'ਤੇ ਸੰਯੁਕਤ ਰਾਸ਼ਟਰ ਮਹਾਂਸਭਾ ਨੇ 27 ਦਸੰਬਰ, 2011 ਮਾਨਤਾ ਦਿੱਤੀ ਸੀ, ਜਿਸਨੇ 1 ਜੂਨ, 2006 'ਚ ਇਸ ਸਮਾਰੋਹ ਦੀ ਸਥਾਪਨਾ ਕੀਤੀ ਸੀ। ਹਰ ਸਾਲ ਦੇ ਇਸ ਦਿਨ ਜਦੋਂ ਸਾਡੀ ਪੁਰਾਣੀ ਜਨਰੇਸ਼ਨ ਨੂੰ ਦੁਰਵਿਵਹਾਰ ਅਤੇ ਦੁੱਖ ਝੱਲਣ ਲਈ ਪੂਰੀ ਦੁਨੀਆਂ ਵਿਰੋਧ ਕਰਦੀ ਹੈ। ਯੂ.ਐੱਨ. ਮੁਤਾਬਿਕ ਲਗਭਗ ਹਰ 6 ਵਿਚੋਂ 1 ਬਜ਼ੁਰਗ ਕਿਸੇ ਨਾ ਕਿਸੇ ਕਿਸਮ ਦੇ ਦੁਰਵਿਵਹਾਰ ਦਾ ਸ਼ਿਕਾਰ ਹੈ। ਕੋਵਿਡ-19 ਦੇ ਲਾਕਡਾਊਨ ਨੇ ਘਰਾਂ ਅੰਦਰ ਇਕੱਲੇ ਰਹਿਣ ਲਈ ਮਜਬੂਰ ਕਰ ਦਿੱਤਾ ਸੀ। ਮਹਾਂਮਾਰੀ ਕਾਰਣ ਭਾਈਚਾਰੇ ਦੀ ਸ਼ਮੂਲੀਅਤ ਘਟਣ ਨਾਲ ਸੁਰੱਖਿਆ ਘੱਟ ਅਤੇ ਇਕੱਲਾਪਣ ਵੱਧਿਆ ਹੈ।

ਬਜ਼ੁਰਗਾਂ ਦੀ ਦੁਰਵਰਤੋਂ ਤੋਂ ਭਾਵ ਹਮੇਸ਼ਾ ਟੈਨਸ਼ਨ ਦੇਣਾ, ਲੜਾਈ-ਝਗੜਾ, ਕੁੱਟ-ਮਾਰ, ਘਰੇਲੂ ਹਿੰਸਾ ਦਾ ਮਾਹੌਲ ਅਤੇ ਬਿਮਾਰੀ ਵੇਲੇ ਦੇਖਭਾਲ ਨਾ ਕਰਣਾ, ਵਿੱਤੀ ਸ਼ੋਸ਼ਣ, ਸਤਿਕਾਰ ਨਾਂ ਦੀ ਚੀਜ਼ ਖਤਮ ਕਰ ਦੇਣਾ ਹੈ। ਅੱਜ ਦੇ ਟੈਨਸ਼ਨ ਵਾਲੇ ਹਾਲਾਤ ਬਿਮਾਰ ਕਰਕੇ ਇਨਸਾਨ ਦੀ ਉਮਰ ਘਟਾ ਰਹੇ ਹਨ।

- ਯਾਦ ਕਰੋ ਆਪਣੇ ਬਚਪਨ ਵਿਚ ਦਾਦਾ-ਦਾਦੀ, ਨਾਨਾ-ਨਾਨੀ 'ਤੇ ਬਜ਼ੁਰਗਾਂ ਦੇ ਨਾਲ ਰਹਿ ਕੇ ਉਨ੍ਹਾਂ ਦੇ ਜੀਵਨ ਦੇ ਤਜ਼ਰਬਿਆਂ ਤੋਂ ਬਹੁਤ ਕੁੱਝ ਸਿੱਖਿਆ ਹੈ, ਜੋ ਅੱਜ ਵੀ ਸਾਡੀ ਜ਼ਿੰਦਗੀ ਵਿਚ ਹੈ। ਵਕਤ ਦੇ ਨਾਲ-ਨਾਲ ਅਸੀਂ ਜ਼ਿੰਦਗੀ ਦੇ ਰੁਝੇਵਿਆਂ ਵਿਚ ਵਿਅਸਤ ਹੋਣ ਕਰਕੇ ਬਜ਼ੁਰਗਾਂ ਨੂੰ ਨਜ਼ਰਅੰਦਾਜ਼ ਕਰਕੇ ਦੁਰਵਿਵਹਾਰ ਵੀ ਸ਼ੁਰੂ ਕਰ ਦਿੰਦੇ ਹਾਂ। ਸਾਡੇ ਬਜ਼ੁਰਗ ਮਾਨਸਿਕ ਤੇ ਸਰੀਰਕ ਤੌਰ 'ਤੇ ਬਿਮਾਰ ਹੋ ਕੇ ਇੱਕ ਦਿਨ ਦੁਨੀਆਂ ਨੂੰ ਅਲਵਿਦਾ ਕਹਿ ਜਾਂਦੇ ਹਨ।

ਦੁਰਵਿਵਹਾਰ ਅਕਸਰ ਘਰ ਅੰਦਰ ਜਾਂ ਉਨ੍ਹਾਂ ਦੇ ਭਰੋਸੇ ਵਾਲੇ ਵਿਅਕਤੀ ਹੱਥੋਂ ਹੁੰਦਾ ਹੈ। ਬਜ਼ੁਰਗਾਂ ਨਾਲ ਬਦਸਲੂਕੀ ਕਈ ਕਿਸਮ ਦੀ ਜਿਵੇਂ:

- ਸਰੀਰਕ ਸ਼ੋਸ਼ਣ ਵਿਚ ਕੁੱਟਮਾਰ, ਲੱਤ ਮਾਰਨਾ, ਧੱਕਾ ਦੇਣਾ, ਥੱਪੜ ਮਾਰਨ ਨਾਲ ਸੱਟਾਂ ਦੇਣਾ ਹੈ।
- ਜਿਨਸੀ ਸ਼ੋਸ਼ਣ ਵਿਚ ਕਿਸੇ ਵੱਡੀ ਉਮਰ ਦੇ ਬਾਲਗ ਨਾਲ ਜ਼ਬਰਦਸਤੀ ਜਾਂ ਅਣਚਾਹੇ ਜ਼ਿਨਸੀ ਪਰੇਸ਼ਾਨੀ ਤੇ ਸੰਬੰਧ ਦੇਖੇ ਜਾ ਰਹੇ ਹਨ।
- ਭਾਵਨਾਤਮਕ ਜਾਂ ਮਨੋਵਿਗਿਆਨਕ ਦੁਰਵਿਵਹਾਰ ਵਿਚ ਬਿਨਾ ਕਾਰਨ ਡਰਾਉਣਾ, ਪਰੇਸ਼ਾਨ ਕਰਨਾ, ਅਪਮਾਨ ਕਰਨਾ, ਧਮਕੀ ਦੇਣ ਦੀਆਂ ਘਟਨਾਵਾਂ ਵੱਧ ਰਹੀਆਂ ਹਨ।
- ਆਮ ਜ਼ਿੰਦਗੀ ਵਿਚ ਜ਼ਰੂਰਤਾਂ ਸੰਬੰਧੀ ਅਣਗਹਿਲੀ, ਭੋਜਨ, ਸਫਾਈ, ਆਸਰਾ, ਕੱਪੜੇ ਅਤੇ ਜ਼ਰੂਰੀ ਡਾਕਟਰੀ ਦੇਖਭਾਲ ਸ਼ਾਮਲ ਹਨ।
- ਪੈਸੇ ਵਜੋਂ ਦੁਰਵਿਵਹਾਰ, ਜਾਇਦਾਦ-ਪੈਸਿਆਂ 'ਤੇ ਕਬਜ਼ਾ ਕਰਕੇ ਪਰੇਸ਼ਾਨੀ ਵਧਾ ਦੇਣਾ ਹੈ।
- ਇਸ ਸਮੱਸਿਆ ਨੂੰ ਘੱਟ ਕਰਨ ਅਤੇ ਬਚਾਅ ਲਈ ਸਰੀਰਕ, ਮਾਨਸਿਕ ਤੌਰ 'ਤੇ ਸਾਮਾਜਿਕ ਬਦਲਾਅ ਦੀ ਲੋੜ ਹੈ।
- ਪਰਿਵਾਰਕ ਪਿਆਰ, ਸਕਾਰਾਤਮਕ ਭਾਵਨਾਵਾਂ ਤੇ ਮਜ਼ਬੂਤ ਮਾਨਸਿਕ ਰਿਸ਼ਤੇ ਦੁਆਰਾ ਬਜ਼ੁਰਗਾਂ ਦੀ ਪੂਰੀ ਕੇਅਰ ਹੋਣੀ ਚਾਹੀਦੀ ਹੈ।
- ਐਨਰਜੀ ਲਈ ਸੁਪਰ ਇਮੀਊਨ ਸਿਸਟਮ ਦਾ ਮੌਜੂਦ ਹੋਣਾ ਜ਼ਰੂਰੀ ਹੈ।
- ਵਿਅਸਤ ਜ਼ਿੰਦਗੀ ਵਿਚ ਦਿਮਾਗੀ ਤੌਰ 'ਤੇ ਹਮੇਸ਼ਾ ਐਕਟਿਵ ਰਹਿਣਾ ਚਾਹੀਦਾ ਹੈ।
- ਸੀਨੀਅਰਜ਼ ਨੂੰ ਆਪਣੀ ਸਮਰਥਾ ਮੁਤਾਬਕ ਨਿਯਮਿਤ ਐਰੋਬਿਕ ਐਕਸਰਸਾਈਜ਼, ਯੋਗਾ, ਸਾਈਕਲਿੰਗ ਤੇ ਸੈਰ ਕਰਨੀ ਚਾਹੀਦੀ ਹੈ। ਇਸ ਨਾਲ ਭੁੱਲ ਜਾਣ ਦੀ ਬਿਮਾਰੀ ਦੇਰ ਨਾਲ ਆਉਂਦੀ ਹੈ।
- ਵੱਧ ਉਮਰ ਦੇ ਵਿਅਕਤੀ ਨੂੰ ਤੰਦਰੁਸਤੀ ਲਈ ਜੰਕ ਫੂਡ ਤੋਂ ਦੂਰ ਰੱਖ ਕੇ ਹਮੇਸ਼ਾ ਪੌਸ਼ਟਿਕ ਭੋਜਨ ਦਿਓ, ਰੋਜ਼ਾਨਾ 8-10 ਘੰਟੇ ਦੀ ਨੀਂਦ ਲੈਣ ਦਵੋ। ਨਸ਼ੇ ਦੀ ਆਦਤ ਤੋਂ ਦੂਰ ਰੱਖੋ।
- ਬਜ਼ੁਰਗਾਂ ਨਾਲ ਮਾੜਾ ਵਿਹਾਰ ਨਾ ਕਰਕੇ ਹਮੇਸ਼ਾ ਪਿਆਰ ਤੇ ਇੱਜ਼ਤ ਨਾਲ ਪੇਸ਼ ਆਵੋ। ਯਾਦ ਰੱਖੋ ਤੁਸੀਂ ਵੀ ਇੱਕ ਦਿਨ ਇਸ ਦੌਰ ਵਿਚੋਂ ਲੰਘਣਾ ਹੈ।

ਨੋਟ: ਵਿਸ਼ਵ ਭਰ 'ਚ ਪ੍ਰਾਪਰ ਦੇਖਭਾਲ ਲਈ ਸੀਨੀਅਰਜ਼ ਨੂੰ ਸਮੇਂ-ਸਮੇਂ 'ਤੇ ਫੈਮਿਲੀ ਡਾਕਟਰ ਨਾਲ ਸੰਪਰਕ ਬਣਾ ਕੇ ਰੱਖਣਾ ਚਾਹੀਦਾ ਹੈ। ਆਪਣਿਆਂ ਦੇ ਲਗਾਤਾਰ ਦੁਰਵਿਵਹਾਰ ਕਾਰਨ ਬਜ਼ੁਰਗ, ਦੋਸਤ-ਮਿੱਤਰਾਂ ਦੀ ਸਲਾਹ ਨਾਲ ਆਪਣੇ ਹੱਕਾਂ ਦਾ ਇਸਤੇਮਾਲ ਵੀ ਕੀਤਾ ਜਾ ਰਿਹਾ ਹੈ।

ਅੰਮ੍ਰਿਤਪਾਲ ਸਿੰਘ ਸ਼ੈਦਾ ਦੀ 'ਟੂਣੇਹਾਰੀ ਰੁੱਤ ਦਾ ਜਾਦੂ' ਪੁਸਤਕ ਮਾਨਵਤਾ ਦੀ ਪ੍ਰਤੀਕ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
(Punjab Mail USA)

ਅੰਮ੍ਰਿਤਪਾਲ ਸਿੰਘ ਸ਼ੈਦਾ ਮਾਨਵਵਾਦੀ ਗ਼ਜ਼ਲਗੋ ਹੈ। ਉਹ ਪੰਜਾਬੀ ਅਤੇ ਉਰਦੂ ਵਿਚ ਗ਼ਜ਼ਲਾਂ ਲਿਖਦਾ ਹੈ। ਉਸ ਨੂੰ ਸ਼ਇਰੀ ਆਪਣੇ ਪਿਤਾ ਮਰਹੂਮ ਗੁਰਬਖ਼ਸ਼ ਸਿੰਘ ਸ਼ੈਦਾ ਦੀ ਵਿਰਾਸਤ ਵਿਚੋਂ ਮਿਲੀ ਹੈ ਕਿਉਂਕਿ ਉਸ ਦਾ ਪਿਤਾ ਸੁਚੇਤ ਸ਼ਾਇਰ ਸੀ। ਉਸ ਦੀਆਂ ਗ਼ਜ਼ਲਾਂ ਦੀਆਂ ਦੋ ਪੁਸਤਕਾਂ ਪ੍ਰਕਾਸ਼ਤ ਹੋ ਚੁੱਕੀਆਂ ਹਨ। ਉਸ ਨੇ ਚਾਰ ਪੁਸਤਕਾਂ ਜਿਨ੍ਹਾਂ ਵਿਚ ਦੋ ਕਹਾਣੀ ਸੰਗ੍ਰਹਿ, ਇਕ ਗ਼ਜ਼ਲ ਸੰਗ੍ਰਹਿ ਅਤੇ ਇਕ ਕਾਵਿ ਸੰਗ੍ਰਹਿ ਸੰਪਾਦਿਤ ਕੀਤੇ ਹਨ। ਉਹ ਦੋਹਾਂ ਭਾਸ਼ਾਵਾਂ ਦਾ ਸਮਰੱਥ ਸ਼ਾਇਰ ਹੈ। ਉਸ ਦਾ ਚਰਚਾ ਅਧੀਨ ਗ਼ਜ਼ਲ ਸੰਗ੍ਰਹਿ 'ਟੂਣੇਹਾਰੀ ਰੁੱਤ ਦਾ ਜਾਦੂ' ਮਾਨਵਤਾ ਦੇ ਹਿੱਤਾਂ 'ਤੇ ਪਹਿਰਾ ਦੇ ਰਿਹਾ ਹੈ। ਉਹ ਆਪਣੀਆਂ ਗ਼ਜ਼ਲਾਂ ਵਿਚ ਕਾਬਲੇ ਤਾਰੀਫ਼ ਢੁੱਕਵੇਂ ਬਿੰਬ, ਪ੍ਰਤੀਕ ਅਤੇ ਅਲੰਕਾਰ ਵਰਤਦਾ ਹੈ। ਸ਼ਬਦਾਂ, ਬਿੰਬਾਂ ਅਤੇ ਅਲੰਕਾਰਾਂ ਦੀ ਚੋਣ ਸਮੇਂ, ਸਥਾਨ ਅਤੇ ਭਾਵਨਾਵਾਂ ਨਾਲ ਮੇਲ ਖਾਂਦੀ ਹੈ। ਸ਼ਾਇਰੀ ਸ਼ਾਇਰ ਦੇ ਲੋਕਾਈ ਦੇ ਦਰਦ ਮਹਿਸੂਸ ਕਰਨ ਦਾ ਪ੍ਰਗਟਾਵਾ ਹੁੰਦੀ ਹੈ। ਉਸ ਦੀਆਂ ਗ਼ਜ਼ਲਾਂ ਸਹਿਜਤਾ ਅਤੇ ਸੰਵੇਦਨਾ ਦਾ ਸੁਮੇਲ ਹਨ। ਸ਼ਾਇਰ ਦੀਆਂ ਗ਼ਜ਼ਲਾਂ ਪੜ੍ਹਕੇ ਮਹਿਸੂਸ ਹੁੰਦਾ ਹੈ ਕਿ ਉਹ ਆਪਣੇ ਸਮਾਜ ਪ੍ਰਤੀ ਸੰਵੇਦਨਸ਼ੀਲ ਅਤੇ ਚੇਤੰਨ ਹੈ। ਉਸ ਦੀ ਵਿਚਾਰਧਾਰਾ ਵੀ ਉਸਾਰੂ ਅਤੇ ਆਸ਼ਾਵਾਦੀ ਹੈ। ਅੰਮ੍ਰਿਤਪਾਲ ਸਿੰਘ ਸ਼ੈਦਾ ਦੀਆਂ ਗ਼ਜ਼ਲਾਂ ਦੀ ਸੁਰ ਜੱਦੋ-ਜਹਿਦ ਅਤੇ ਸੰਘਰਸ਼ ਵਾਲੀ ਹੈ। ਉਸ ਦੀਆਂ ਗ਼ਜ਼ਲਾਂ ਦੇ ਬਹੁਤੇ ਸ਼ਿਅਰ ਸਿੰਬਾਲਿਕ ਹੁੰਦੇ ਹਨ। ਇਸ ਲਈ ਉਸ ਦੀਆਂ ਗ਼ਜ਼ਲਾਂ ਨੂੰ ਸੁਚੇਤ ਦਿਮਾਗ ਹੀ ਸਮਝਣ ਦੇ ਸਮਰੱਥ ਹੁੰਦਾ ਹੈ। ਉਸ ਨੂੰ ਮਾਨਵਵਾਦੀ ਸਰੋਕਾਰਾਂ ਦਾ ਸ਼ਾਇਰ ਵੀ ਕਿਹਾ ਜਾ ਸਕਦਾ ਹੈ ਕਿਉਂਕਿ ਉਸ ਦੀਆਂ ਗ਼ਜ਼ਲਾਂ ਮਾਨਵਤਾ ਦੀ ਬਿਹਤਰੀ ਦੀ ਕਾਮਨਾ ਕਰਦੀਆਂ ਹਨ। ਸ਼ਾਇਰ ਲੋਕ ਪੱਖੀ ਅਤੇ ਹੱਕ ਸੱਚ ਦਾ ਮੁੱਦਈ ਹੈ। ਉਸ ਦੀ ਸ਼ਾਇਰੀ ਜ਼ਮੀਨੀ ਹਕੀਕਤਾਂ ਨਾਲ ਜੁੜੀ ਹੋਈ ਹੈ। ਉਸ ਦੀਆਂ ਗ਼ਜ਼ਲਾਂ ਮਿਹਨਤਕਸ਼ਾਂ ਦੀ ਮਿਹਨਤ ਦਾ ਮੁੱਲ ਪਾਉਂਦੀਆਂ ਹਨ। ਉਹ ਸਾਡੇ ਸਮਾਜ ਵਿਚ ਆਰਥਿਕ ਕਾਣੀ ਵੰਡ ਦਾ ਪਰਦਾਫਾਸ਼ ਕਰਦਾ ਹੋਇਆ ਹਉਮੈ, ਪਾਖੰਡ, ਧੋਖਾ ਅਤੇ ਫ਼ਰੇਬ ਦੇ ਵਿਰੁੱਧ ਆਵਾਜ਼ ਉਠਾਉਂਦਾ ਮਿਹਨਤਕਸ਼ਾਂ ਨੂੰ ਇਕਮੁੱਠ ਹੋਣ ਦੀ ਤਾਕੀਦ ਵੀ ਕਰਦਾ ਹੈ। ਆਧੁਨਿਕਤਾ ਦੀ ਆੜ ਵਿਚ ਪੱਛਵੀਂ ਪ੍ਰਭਾਵ ਨਾਲ ਸਾਡੇ ਸੱਭਿਆਚਾਰ ਵਿਚ ਆ ਰਹੀ ਗਿਰਾਵਟ 'ਤੇ ਵੀ ਚਿੰਤਾ ਜ਼ਾਹਰ ਕਰਦਾ ਹੈ।





ਮੰਡੀਕਰਨ ਦੇ ਬੁਰੇ ਪ੍ਰਭਾਵ ਦਾ ਜ਼ਿਕਰ ਕਰਦਾ ਹੋਇਆ ਉਸ ਦਾ ਮੁਕਾਬਲਾ ਕਰਨ ਦੀ ਪ੍ਰੇਰਨਾ ਕਰਦਾ ਹੈ। ਸ਼ਾਇਰ ਸਰਬ ਸਾਂਝੀਵਾਲਤਾ, ਇਨਸਾਨੀਅਤ ਅਤੇ ਸਰਬੱਤ ਦੇ ਭਲੇ ਦਾ ਮੁੱਦਈ ਹੈ। ਉਸ ਦੀਆਂ ਗ਼ਜ਼ਲਾਂ ਕਾਫ਼ੀਏ ਦੀ ਪਾਬੰਦੀ ਵਿਚ ਯਕੀਨ ਰੱਖਦੀਆਂ ਹਨ ਪ੍ਰੰਤੂ ਬਹੁਤੀ ਕੱਟੜਤਾ ਦੀਆਂ ਮੁੱਦਈ ਵੀ ਨਹੀਂ ਹਨ। ਉਹ ਇਨਸਾਨ ਨੂੰ ਸਲਾਹ ਦਿੰਦਾ ਹੈ ਕਿ ਜੇਕਰ ਉਹ ਸਮਾਜ ਦੇ ਦੁੱਖ-ਸੁੱਖ ਵਿਚ ਸਾਥ ਦੇਵੇਗਾ, ਤਾਂ ਹੀ ਉਸ ਦਾ ਵਿਅਕਤੀਤਵ ਲੋਕਾਈ ਦੇ ਹਿਤਾਂ ਲਈ ਸੋਚ ਸਕੇਗਾ:-

ਸ਼ੈਦਾ ਸਰਬੱਤ ਦੇ ਦੁੱਖ-ਸੁੱਖ ਨੂੰ ਜੇ ਪ੍ਰਣਾਈ ਰਹਿੰਦੀ ਹੈ,
ਜ਼ਮੀਨ ਤਾਹੀਉਂ ਰਹਿੰਦੀ ਪਾਕਿ-ਪਵਿੱਤਰ ਚਿੰਤ ਦੀ ਜ਼ਰਖ਼ੇਜ਼ ਜ਼ਮੀਨ।

ਅੰਮ੍ਰਿਤਪਾਲ ਸਿੰਘ ਸ਼ੈਦਾ ਲੋਕਾਈ ਦੇ ਦਰਦ ਨੂੰ ਬੜੀ ਬਾਰੀਕੀ ਨਾਲ ਮਹਿਸੂਸ ਕਰਦਾ ਹੈ, ਜਦੋਂ ਉਹ ਸਮਾਜਿਕ ਤਾਣੇ-ਬਾਣੇ ਨੂੰ ਕਹਿੰਦਾ ਹੈ ਕਿ ਹੱਕ ਤੇ ਸੱਚ ਸਿਰਫ਼ ਤਾਂ ਹੀ ਬਚ ਸਕਦਾ ਹੈ, ਜੇਕਰ ਤੁਸੀਂ ਇਕਮਤ ਹੋ ਕੇ ਸੱਚਾਈ 'ਤੇ ਪਹਿਰਾ ਦਿਓਗੇ:-

ਕਿਲ੍ਹਾ ਮਹਿਫ਼ੂਜ਼ ਰਹਿੰਦਾ ਹੈ ਹਮੇਸ਼ਾ ਹੱਕ ਤੇ ਸੱਚ ਦਾ,
ਦੁਆਲੇ ਕਰ ਦਿਓ ਜੇਕਰ ਸਿਰਾਂ ਦੀ ਚਾਰ ਦੀਵਾਰੀ।

ਹੁਕਮਰਾਨ ਸਿਆਸਤਦਾਨਾਂ ਦੀਆਂ ਟੋਲੀਆਂ ਵੱਲੋਂ ਦੇਸ਼ ਵਾਸੀਆਂ ਨੂੰ ਲੁੱਟੇ, ਕੁੱਟੇ ਅਤੇ ਮਸਲੇ ਜਾਣ ਦਾ ਦੁੱਖ ਸ਼ਾਇਰ ਦੀਆਂ ਗ਼ਜ਼ਲਾਂ ਦਾ ਸ਼ਿੰਗਾਰ ਬਣਦਾ ਹੈ। ਉਹ ਸਮਾਜਿਕ ਬਾਗਾਂ ਦੇ ਮਾਲੀ ਬਣਕੇ ਬਾਗਾਂ ਨੂੰ ਉਜਾੜਨ ਵਾਲੇ ਸਮਝਦਾ ਹੋਇਆ ਉਹ ਲਿਖਦਾ ਹੈ:-

ਬਾਗ 'ਚ ਹਵਸ ਫਿਰੇ ਆਵਾਰਾ, ਮਾਲੀ ਲਾਪ੍ਰਵਾਹ ਦਿਸਦੈ,
ਕਲੀਆਂ, ਫੁੱਲਾਂ ਚਿੰਦ-ਪਰਿੰਦਾਂ, ਸਭ ਦਾ ਘੁਟਿਆ ਸਾਹ ਦਿਸਦੈ।

ਸਿਆਸਤਦਾਨਾਂ ਦੀਆਂ ਆਪਹੁਦਰੀਆਂ ਅਤੇ ਲੋਕ ਵਿਰੋਧੀ ਕਾਰਵਾਈਆਂ ਬਾਰੇ ਉਸ ਦੀਆਂ ਗ਼ਜ਼ਲਾਂ ਅਜਿਹੇ ਤੁਣਕੇ ਮਾਰਦੀਆਂ ਹੋਈਆਂ ਕੁਰੇਦਦੀਆਂ ਹਨ, ਜਿਨ੍ਹਾਂ ਦੀ ਤੇਜ਼ ਕਟਾਰ ਪਾਠਕਾਂ ਨੂੰ ਜਾਗ੍ਰਿਤ ਕਰਨ ਦਾ ਮਹੱਤਵਪੂਰਨ ਯੋਗਦਾਨ ਪਾਉਂਦੀਆਂ ਹਨ। ਸ਼ਾਇਰ ਦੀ ਪੁਸਤਕ ਦੇ ਸਿਰਲੇਖ 'ਟੂਣੇਹਾਰੀ ਰੁੱਤ ਦਾ ਜਾਦੂ' ਵਾਲਾ ਸ਼ਿਅਰ ਸ਼ਾਇਰ ਦੀ ਫ਼ਰੇਬੀ ਅਤੇ ਭ੍ਰਿਸ਼ਟ ਸਿਆਸਤਦਾਨਾਂ ਤੋਂ ਖਹਿੜਾ ਛੁਡਾਉਣ ਦੀ ਭਾਵਨਾ ਦਾ ਪ੍ਰਗਟਾਵਾ ਕਰਦਾ ਹੈ। ਸਿਆਸਤਦਾਨਾਂ ਨੂੰ ਜਾਦੂਗਰ ਦਾ ਖ਼ਿਤਾਬ ਦਿੰਦਾ ਹੋਇਆ ਕਹਿੰਦਾ ਹੈ:-

ਟੂਣੇਹਾਰੀ ਰੁੱਤ ਦਾ ਜਾਦੂ ਕਦ ਟੁੱਟੇਗਾ, ਸੋਚ ਰਿਹਾਂ
ਜਾਦੂਗਰ ਦੀ ਉਮਰ ਦਾ ਸੂਰਜ ਕਦ ਡੁੱਬੇਗਾ, ਸੋਚ ਰਿਹਾਂ।

ਗ਼ਰੀਬਾਂ ਦੀ ਤ੍ਰਾਸਦੀ ਸ਼ਾਇਰ ਦੀ ਮਾਨਸਿਕਤਾ ਨੂੰ ਚਿੰਤਾਵਾਂ ਵਿਚ ਪਾਉਂਦੀ ਰਹਿੰਦੀ ਹੈ। ਉਹ ਗ਼ਰੀਬਾਂ ਦੀ ਗ਼ਰੀਬੀ ਤੋਂ ਨਿਜਾਤ ਪਾਉਣ ਦੇ ਉਪਰਾਲੇ ਕਰਨ 'ਤੇ ਜ਼ੋਰ ਦਿੰਦਾ ਹੈ। ਰਿਸ਼ਤੇ ਨਾਤੇ ਸਭ ਗਰਜ਼ਾਂ ਦੇ ਹੋ ਗਏ ਹਨ। ਇਨਸਾਨ ਇੱਛਾਵਾਂ ਦੀ ਪੂਰਤੀ ਦੇ ਮੱਕੜਜਾਲ ਵਿਚ ਫਸਿਆ ਰਹਿੰਦਾ ਹੈ। ਪਰਿਵਾਰਾਂ ਵਿਚ ਮੋਹ ਖ਼ਤਮ ਹੁੰਦਾ ਜਾ ਰਿਹਾ ਹੈ। ਆਪਣੀ ਪਛਾਣ ਬਣਾਉਣ ਲਈ ਵੀ ਉਦਮ ਕਰਨੇ ਪੈਂਦੇ ਹਨ।

ਅੰਮ੍ਰਿਤਪਾਲ ਸਿੰਘ ਸ਼ੈਦਾ ਬਹੁਤ ਚੇਤੰਨ, ਸੰਜੀਦਾ ਅਤੇ ਸੂਖਮ ਭਾਵਨਾਵਾਂ ਵਾਲਾ ਸ਼ਾਇਰ ਹੈ। ਉਸ ਦੀਆਂ ਗ਼ਜ਼ਲਾਂ ਵਿਚ ਅਨੇਕਾਂ ਅਜਿਹੇ ਭਖਦੇ ਮਸਲਿਆਂ ਨੂੰ ਛੋਹਿਆ ਗਿਆ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਸ਼ਾਇਰ ਨੂੰ ਸਮਾਜ ਵਿਚ ਆਇਆ ਨਿਘਾਰ ਘਿਨੌਣਾ ਕਾਰਜ ਲੱਗਦਾ ਹੈ। ਇਸ ਲਈ ਉਸ ਨੇ ਆਪਣੀਆਂ ਗ਼ਜ਼ਲਾਂ ਵਿਚ ਸਮਾਜ ਵਿਚ ਵਾਪਰ ਰਹੀਆਂ ਅਣਹੋਣੀਆਂ ਘਟਨਾਵਾਂ ਨੂੰ ਵਿਸ਼ੇ ਬਣਾਕੇ ਸ਼ਿਅਰ ਲਿਖੇ ਹਨ, ਜਿਹੜੇ ਮਾਨਵਤਾ ਦੀ ਮਾਨਸਿਕਤਾ ਨੂੰ ਝੰਜੋੜਦੇ ਹਨ। ਸ਼ਾਇਰ ਸਾਡੇ ਸੱਭਿਆਚਾਰ ਵਿਚ ਆਈ ਗਿਰਾਵਟ, ਸਾਂਝੇ ਪਰਿਵਾਰਾਂ ਦਾ ਟੁੱਟਣਾ, ਕਾਮ, ਕਰੋਧ, ਲੋਭ, ਮੋਹ ਅਤੇ ਹੰਕਾਰ ਦੇ ਬੋਲਬਾਲੇ, ਪਦਾਰਥਵਾਦੀ ਸੋਚ, ਸਮਾਜਿਕ ਵਿਤਕਰੇ, ਵਿਚਾਰਾਂ ਵਿਚ ਗੰਧਲਾਪਣ, ਪਸ਼ੂ ਬਿਰਤੀ, ਮੋਬਾਈਲਾਂ ਦੀ ਭਰਮਾਰ ਅਤੇ ਮੰਦਭਾਗੀ ਸੋਚ ਸ਼ਕਤੀ ਸੰਬੰਧੀ ਸ਼ਿਅਰ ਲਿਖਕੇ ਲੋਕਾਈ ਨੂੰ ਪ੍ਰੇਰਨਾ ਦੇਣ ਦੀ ਕੋਸ਼ਿਸ਼ ਕੀਤੀ ਹੈ। ਇਨਸਾਨ ਇਹ ਨਹੀਂ ਸੋਚਦਾ, ਇਨ੍ਹਾਂ ਸਾਰੀਆਂ ਬੁਰਾਈਆਂ ਨੂੰ ਦੂਰ ਕਰਨ ਦੀ ਸ਼ਕਤੀ ਉਸਦੇ ਅੰਦਰ ਹੀ ਬਿਰਾਜਮਾਨ ਹੈ। ਉਸ ਸ਼ਕਤੀ ਦੀ ਵਰਤੋਂ ਕਰਕੇ ਸਮਾਜ ਵਿਚ ਅਮਨ-ਅਮਾਨ ਅਤੇ ਸ਼ਾਂਤਮਈ ਵਾਤਵਰਨ ਪੈਦਾ ਕਰਕੇ ਆਪਣਾ ਜੀਵਨ ਖ਼ੁਸ਼ਹਾਲ ਬਣਾਇਆ ਜਾਵੇ। ਸ਼ਾਇਰ ਨੇ ਆਪਣੇ ਇਸ ਗ਼ਜ਼ਲ ਸੰਗ੍ਰਹਿ ਵਿਚ ਆਪਣੀ ਵਿਚਾਰਧਾਰਾ ਦੀ ਤਸਵੀਰ ਖਿੱਚ ਕੇ ਰੱਖ ਦਿੱਤੀ ਹੈ। ਉਸ ਨੇ ਲਿਖਿਆ ਹੈ ਕਿ ਆਧੁਨਿਕ ਜ਼ਮਾਨੇ ਨੂੰ ਸਹੀ ਅਰਥਾਂ ਵਿਚ ਆਧੁਨਿਕ ਕਿਵੇਂ ਬਣਾਇਆ ਜਾ ਸਕਦਾ ਹੈ। ਅੱਜ ਹਰ ਔਰਤ ਵਿਚ ਡਰ ਦੀ ਭਾਵਨਾ ਪੈਦਾ ਹੋਈ ਪਈ ਹੈ। ਇਨਸਾਨ ਡਿਗਰੀਆਂ ਨਾਲ ਸਿਆਣਾ ਨਹੀਂ ਬਣਦਾ, ਵਿਚਾਰਧਾਰਾ ਨਾਲ ਸਿਆਣਾ ਹੁੰਦਾ ਹੈ। ਸਮਾਜ ਵਿਚ ਬੁਰਿਆਈ ਮੋਹਰੀ ਹੈ, ਚੰਗਿਆਈ ਕੋਈ ਕਰਨ ਨੂੰ ਤਿਆਰ ਨਹੀਂ। ਵਾਤਾਵਰਨ ਦੂਸ਼ਿਤ ਹੋ ਰਿਹਾ ਹੈ, ਮਜ਼ਲੂਮਾਂ ਦੀ ਕੋਈ ਮਦਦ ਨਹੀਂ ਕਰਦਾ, ਫ਼ਰਜ਼ਾਂ 'ਤੇ ਪਹਿਰਾ ਨਹੀਂ, ਹੱਕਾਂ ਦੀ ਮੰਗ ਜ਼ੋਰਾਂ 'ਤੇ ਹੈ। ਹਉਮੈ ਹਮੇਸ਼ਾ ਨੁਕਸਾਨ ਕਰਦੀ ਹੈ, ਪ੍ਰਮਾਤਮਾ ਸਭ ਨੂੰ ਬਰਾਬਰ ਰੱਖਦਾ ਹੈ ਪ੍ਰੰਤੂ ਅਕਲਾਂ ਵਾਲੇ ਸਫਲ ਹੁੰਦੇ ਹਨ। ਪਰਿਵਾਰਾਂ ਵਿਚੋਂ ਪਿਆਰ, ਰਿਸ਼ਤੇ-ਨਾਤੇ ਅਤੇ ਕਦਰਾਂ-ਕੀਮਤਾਂ ਪਰ ਲਾ ਕੇ ਉਡ ਗਈਆਂ ਹਨ ਪ੍ਰੰਤੂ ਡਿਸਕੋ ਬਾਰਾਂ ਵਿਚ ਪਿਆਰ ਦੇ ਗੀਤ ਗਾਏ ਜਾ ਰਹੇ ਹਨ। ਸਾਡਾ ਸਮਾਜ ਕਿਧਰ ਨੂੰ ਤੁਰ ਪਿਆ ਹੈ। ਗਰਜਾਂ ਖਾਤਰ ਫ਼ਰਜ਼ਾਂ ਨੂੰ ਤਿਲਾਂਜ਼ਲੀ ਦੇ ਦਿੰਦੇ ਹਾਂ। ਬੇਚੈਨੀ ਭਾਰੂ ਹੈ, ਭੁੱਖਾਂ, ਤ੍ਰੇਹਾਂ, ਲੁੱਟਾਂ-ਖੋਹਾਂ ਦਾ ਬੋਲਬਾਲਾ ਹੈ। ਹਰ ਰੋਜ਼ ਅਖ਼ਬਾਰਾਂ ਦੀਆਂ ਖ਼ਬਰਾਂ ਫਿਰਕੂਆਂ ਦੀਆਂ ਕਾਰਵਾਈਆਂ ਕਰਕੇ ਖ਼ੂਨ ਨਾਲ ਲਿਬੜੀਆਂ ਖ਼ਬਰਾਂ ਦਿੰਦੀਆਂ ਹਨ। ਗ਼ਰੀਬੀ ਤੇ ਅਮੀਰੀ ਦਾ ਪਾੜਾ ਵੱਧ ਰਿਹਾ ਹੈ। ਅੰਮ੍ਰਿਤਪਾਲ ਸਿੰਘ ਸ਼ੈਦਾ ਅਜਿਹੇ ਹਾਲਾਤਾਂ 'ਤੇ ਚਿੰਤਾ ਪ੍ਰਗਟ ਕਰਦਾ ਹੈ। ਕੁਦਰਤ ਦੇ ਕਾਦਰ ਦੀ ਕਦਰ ਨਹੀਂ ਹੋ ਰਹੀ। ਮਾਨਵਤਾ ਦੇ ਭਲੇ ਲਈ ਸਾਦਗੀ, ਨੈਤਿਕਤਾ ਅਤੇ ਬੌਧਿਕਤਾ ਦਾ ਨਵ ਨਿਰਮਾਣ ਜ਼ਰੂਰੀ ਹੈ। ਸ਼ਾਇਰ ਅਨੁਸਾਰ ਹਾਕਮ ਆਪਹੁਦਰੇ ਹੋ ਗਏ ਹਨ, ਉਨ੍ਹਾਂ ਨੂੰ ਸਮਝਾਉਣਾ ਜ਼ਰੂਰੀ ਹੈ, ਜੇ ਨਾ ਸਮਝਣ ਤਾਂ ਉਨ੍ਹਾਂ ਵਿਰੁੱਧ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ। ਇਨਸਾਨ ਨੂੰ ਆਪਣੀ ਅਕਲ ਦੀ ਵਰਤੋਂ ਕਰਨੀ ਚਾਹੀਦੀ ਹੈ ਕਿਉਂਕਿ ਸਾਡੇ ਅੰਦਰ ਹੀ ਸਭ ਕੁਝ ਹੈ। ਜੀਵਨ ਬਚਾਉਣ ਦੀ ਭੀਖ ਨਹੀਂ ਮੰਗਣੀ, ਸਗੋਂ ਆਪਣੀ ਅੰਤਹਕਰਨ ਦੀ ਆਵਾਜ਼ ਸੁਣਨ ਦੀ ਲੋੜ ਹੈ। ਸ਼ਾਇਰ ਲੋਕਾਈ ਨੂੰ ਸਲਾਹ ਦਿੰਦਾ ਹੈ, ਨਫਰਤ ਦੇ ਬੀਜ ਨਾ ਬੀਜੋ, ਏਥੇ ਹੀ ਸਵਰਗ ਬਣਾਓ, ਸਵਰਗ ਵਿਚ ਜਾਣ ਦੀ ਇੱਛਾ ਨਾ ਰੱਖੋ। ਬਹੁਤੀਆਂ ਸੱਧਰਾਂ ਨਾ ਰੱਖੋ, ਸਗੋਂ ਇਮਾਨਦਾਰੀ ਤੇ ਦਿਆਨਤਦਾਰੀ ਨਾਲ ਆਪਣੇ ਕਿਰਦਾਰ ਬਣਾਓ। ਪੱਛਵੀਂ ਖਾਣੇ ਸਿਹਤ ਲਈ ਹਾਨੀਕਾਰਕ ਹਨ। ਸ਼ਾਇਰ ਉਰਦੂ ਅਤੇ ਪੰਜਾਬੀ ਦਾ ਮਾਹਿਰ ਹੋਣ ਕਰਕੇ ਉਸ ਦੀਆਂ ਗ਼ਜ਼ਲਾਂ ਵਿਚ ਫਾਰਸੀ ਸ਼ਬਦਾਂ ਦੀ ਵੀ ਵਰਤੋਂ ਕੀਤੀ ਗਈ ਹੈ। ਭਵਿਖ ਵਿਚ ਅੰਮ੍ਰਿਤਪਾਲ ਸਿੰਘ ਸ਼ੈਦਾ ਤੋਂ ਹੋਰ ਵਧੀਆਂ ਗ਼ਜ਼ਲ ਸੰਗ੍ਰਹਿ ਲਿਖਣ ਦੀ ਉਮੀਦ ਕੀਤੀ ਜਾ ਸਕਦੀ ਹੈ।

104 ਪੰਨਿਆਂ, 250 ਰੁਪਏ ਕੀਮਤ, ਸੰਦਰ ਦਿਖ ਵਾਲਾ ਇਹ ਗ਼ਜ਼ਲ ਸੰਗ੍ਰਹਿ ਜੌਹਰਾ ਪਬਲੀਕੇਸ਼ਨ ਪਟਿਆਲਾ, (ਪੰਜਾਬ) ਨੇ ਪ੍ਰਕਾਸ਼ਤ ਕੀਤਾ ਹੈ।

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।

ਮੁਫ਼ਤ eBaba Ent DOWNLOAD NOW ਮੁਫ਼ਤ

ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.

Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।

ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

SHARE NOW WITH YOUR FAMILY & FRIENDS

ਵਿਰੋਧੀ ਧਿਰ ਦੇ ਏਕੇ ਦਾ ਸਵਾਲ

ਗੁਰਮੀਤ ਸਿੰਘ ਪਲਾਹੀ
ਮੋਬਾਈਲ : 98158-02070
(Punjab Mail USA)

ਵੈਸੇ ਤਾਂ ਦੇਸ਼ ਦੀ ਆਜ਼ਾਦੀ ਤੋਂ ਬਾਅਦ ਸਮੇਂ-ਸਮੇਂ, ਮਿੱਥੇ ਹੋਏ ਭਾਰਤੀ ਸੰਵਿਧਾਨ ਦੇ ਪ੍ਰਤੀਕੂਲ ਮੌਕੇ ਦੇ ਹਾਕਮਾਂ ਵਲੋਂ ਵਿਰੋਧੀ ਧਿਰ ਨੂੰ ਦਬਾਉਣ ਲਈ ਲੋਕਤੰਤਰੀ ਕੀਮਤਾਂ ਦਾ ਹਨਨ ਕੀਤਾ ਜਾਂਦਾ ਰਿਹਾ। ਭਾਰਤੀ ਗਣਤੰਤਰ 'ਚ ਸੂਬਿਆਂ ਨੂੰ ਦਿੱਤੇ ਹੱਕਾਂ ਉਤੇ ਛਾਪਾ ਮਾਰਕੇ ਕੇਂਦਰੀ ਸਰਕਾਰਾਂ ਆਪਣਾ ਰੋਹਬ ਦਾਬ ਬਣਾਈ ਰੱਖਦੀਆਂ ਰਹੀਆਂ, ਪਰ ਦੇਸ਼ 'ਚ ਲਗਾਈ 1975 ਦੀ ਐਮਰਜੈਂਸੀ ਸਮੇਂ ਤਾਂ ਸੰਵਿਧਾਨ ਦੀਆਂ ਧੱਜੀਆਂ ਉਡਾ ਦਿੱਤੀਆਂ ਗਈਆਂ। ਸਿੱਟੇ ਵਜੋਂ ਦੇਸ਼ 'ਚ ਰੋਹ ਜਾਗਿਆ। ਵਿਰੋਧੀ ਨੇਤਾ, ਜੈ ਪ੍ਰਕਾਸ਼ ਨਰਾਇਣ, ਬਾਬੂ ਜਗਜੀਵਨ ਰਾਮ ਆਦਿ ਦੀ ਅਗਵਾਈ 'ਚ ਇਕੱਠੇ ਹੋਏ ਅਤੇ ਕੇਂਦਰ 'ਚ ਸਰਕਾਰ 'ਚ ਆਪਣੀ ਸਰਕਾਰ ਬਨਾਉਣ 'ਚ ਕਾਮਯਾਬ ਹੋਏ। ਇਹ ਸਫ਼ਲਤਾ ਤਦੇ ਸੰਭਵ ਹੋਈ, ਜੇਕਰ ਵਿਰੋਧੀ ਧਿਰ ਇੱਕਜੁੱਟ ਸੀ।

ਪਹਿਲਾਂ ਪ੍ਰਧਾਨ ਮੰਤਰੀ ਚੁਣਣ ਵੇਲੇ ਅਤੇ ਬਾਅਦ 'ਚ ਆਪਸੀ ਕਾਟੋ-ਕਲੇਸ਼ ਕਾਰਨ ਵਿਰੋਧੀ ਧਿਰਾਂ ਇੱਕਜੁੱਟ ਨਾ ਰਹਿ ਸਕੀਆਂ, ਕਿਉਂਕਿ ਰਸਤੇ ਵੱਖੋ-ਵੱਖਰੇ ਸਨ, ਇਸ ਲਈ ਕਾਂਗਰਸ ਨੇ ਮੁੜ ਪਾਰਟੀਆਂ 'ਚ ਦੁਫੇੜ ਪਾ ਦਿੱਤਾ ਅਤੇ ਵਿਰੋਧੀ ਧਿਰ ਦੀ ਸਰਕਾਰ ਤੋੜ ਦਿੱਤੀ। ਮੁਰਾਰਜੀ ਡਿਸਾਈ, ਬਾਬੂ ਜਗਜੀਵਨ ਰਾਮ ਅਤੇ ਕਈ ਹੋਰ ਨੇਤਾ ਪ੍ਰਧਾਨ ਮੰਤਰੀ ਦੀ ਦੌੜ ਵਿਚ ਸਨ। ਮੁਰਾਰਜੀ ਡਿਸਾਈ ਆਪਣੀ ਮਰਜ਼ੀ ਦੇ ਮਾਲਕ ਸਨ, ਮਨਮਾਨੀਆਂ ਕਾਰਨ ਵਿਰੋਧੀ ਧਿਰ ਨੂੰ ਉਹ ਇਕੱਠੇ ਨਾ ਰੱਖ ਸਕੇ। ਦੂਜਾ ਵਿਰੋਧੀ ਧਿਰ 'ਚ ਸ਼ਾਮਲ ਧਿਰਾਂ ਦੀ, ਲੋਕ ਹਿੱਤ ਪ੍ਰਤੀ ਵੱਖਰੀ ਪਹੁੰਚ ਸੀ, ਸਮਾਜਵਾਦੀ ਖੇਮਾ ਕਿਸੇ ਹੋਰ ਢੰਗ ਨਾਲ ਦੇਸ਼ ਨੂੰ ਚਲਾਉਣਾ ਚਾਹੁੰਦਾ ਸੀ, ਪਰ ਦੂਜੀਆਂ ਧਿਰਾਂ ਨਿੱਜੀਕਰਨ ਅਤੇ ਕੇਂਦਰੀਕਰਨ ਦੀ ਪਾਲਿਸੀ ਅਪਨਾ ਕੇ ਦੇਸ਼ ਉਤੇ ਰਾਜ ਕਰਨ ਲਈ ਤੱਤਪਰ ਸਨ।

ਦੇਸ਼ 'ਚ ਐਮਰਜੈਂਸੀ ਲਗਾਉਣ ਸਮੇਂ ਅਰਾਜਕਤਾ ਵਾਲੀ ਹਾਲਤ ਸੀ। ਜੈ ਪ੍ਰਕਾਸ਼ ਨੇ 1974 'ਚ ਜਦੋਂ ਪੂਰਨ ਇਨਕਲਾਬ ਦਾ ਨਾਹਰਾ ਦਿੱਤਾ, ਬਿਹਾਰ ਅਤੇ ਗੁਜਰਾਤ ਵਿਚ ਪੂਰਨ ਰੋਹ ਫੈਲਿਆ ਅਤੇ ਬਾਅਦ 'ਚ ਇਹੋ ਰੋਹ ਦੇਸ਼ ਵਿਆਪੀ ਹੋਇਆ। ਉਸਦਾ ਕਾਰਨ ਮੌਕੇ ਦੀ ਪ੍ਰਧਾਨ ਮੰਤਰੀ ਵਲੋਂ ਪ੍ਰਧਾਨ ਮੰਤਰੀ ਦਾ ਅਹੁਦਾ ਕਾਇਮ ਰੱਖਣ ਲਈ ਇੱਕ ਸਾਲ ਮਿਆਦ 'ਚ ਵਾਧਾ ਅਤੇ ਆਪਣੇ ਆਪ ਨੂੰ ਹੀ ਦੇਸ਼ ਦਾ ਇਕੋ ਇੱਕ ਨੇਤਾ ਘੋਸ਼ਿਤ ਕਰਨਾ ਸੀ। ਇੰਦਰਾ ਗਾਂਧੀ ਦੇ ਪੈਰੋਕਾਰ ਕਹਿੰਦੇ ਸਨ, "ਇੰਦਰਾ ਤੇਰੀ ਸਵੇਰ ਦੀ ਜੈ, ਇੰਦਰਾ ਤੇਰੀ ਸ਼ਾਮ ਦੀ ਜੈ, ਇੰਦਰਾ ਤੇਰੇ ਕੰਮ ਦੀ ਜੈ, ਇੰਦਰਾ ਤੇਰੇ ਨਾਮ ਦੀ ਜੈ" ਪਰ ਰੋਹ ਇੰਨਾ ਫੈਲਿਆ ਕਿ ਜਨਤਾ ਨੇ ਨਾਹਰਾ ਦਿੱਤਾ, "ਗੱਦੀ ਖਾਲੀ ਕਰੋ ਕਿ ਜਨਤਾ ਆ ਰਹੀ ਹੈ"।

ਅੱਜ ਦੇਸ਼ 'ਚ ਸਥਿਤੀ ਸੁਖਾਵੀਂ ਨਹੀਂ। ਦੇਸ਼ ਦੇ ਹਾਕਮਾਂ ਉਤੇ ਇਲਜ਼ਾਮ ਲੱਗ ਰਹੇ ਹਨ ਕਿ ਉਹ ਦੇਸ਼ ਨੂੰ ਧੰਨ ਕੁਬੇਰਾਂ ਦੇ ਹੱਥ ਸੌਂਪ ਰਹੇ ਹਨ। ਉਹ ਦੇਸ਼ 'ਚ ਨਿੱਜੀਕਰਨ, ਕੇਂਦਰੀਕਰਨ ਦੀ ਨੀਤੀ ਲਾਗੂ ਕਰਨ ਦੇ ਰਾਹ ਉਤੇ ਹਨ। ਨਰੇਂਦਰ ਮੋਦੀ, ਬਾਰੇ ਉਨ੍ਹਾਂ ਦੇ ਪੈਰੋਕਾਰ ਕਹਿ ਰਹੇ ਹਨ ਕਿ ਮੋਦੀ ਹੈ ਤਾਂ ਮੁਮਕਿਨ ਹੈ। ਕਿਹਾ ਇਹ ਵੀ ਜਾ ਰਿਹਾ ਹੈ ਕਿ ਮੋਦੀ ਸ਼ਾਸਨ ਦੇ 9 ਸਾਲਾਂ ਵਿਚ ਹੀ ਦੇਸ਼ 'ਚ ਤਰੱਕੀ ਹੋਈ ਹੈ। ਪਹਿਲਾਂ ਦੇਸ਼ 'ਚ ਵਿਕਾਸ ਨਹੀਂ ਹੋਇਆ। ਇਹੋ ਜਿਹੇ ਹਾਲਾਤਾਂ 'ਚ ਬਹੁਤੇ ਸਵਾਲ ਉੱਠ ਰਹੇ ਹਨ:-

(1) ਕਿਉਂ ਦੇਸ਼ ਦੇ ਸੰਘੀ ਢਾਂਚੇ ਦੀਆਂ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਸੂਬਿਆਂ ਨੂੰ ਮਿਊਂਸਪੈਲਟੀਆਂ ਵਾਂਗਰ ਬਨਾਉਣ ਦੇ ਯਤਨ ਹੋ ਰਹੇ ਹਨ?

(2) ਕਿਉਂ ਵਿਰੋਧੀ ਧਿਰ ਦੀਆਂ ਦੇਸ਼ 'ਚ ਸਰਕਾਰਾਂ ਤੋੜੀਆਂ ਜਾ ਰਹੀਆਂ ਹਨ?

(3) ਕਿਉਂ ਕਿਸੇ ਵੀ ਹੀਲੇ-ਵਸੀਲੇ ਕੇਂਦਰੀ ਹਾਕਮ ਚੋਣਾਂ ਜਿੱਤਣ ਦੇ ਰਾਹ ਹਨ?

(4) ਕਿਉਂ ਵਿਰੋਧੀ ਨੇਤਾਵਾਂ ਨੂੰ ਈ.ਡੀ. ਅਤੇ ਹੋਰ ਕੇਂਦਰੀ ਏਜੰਸੀਆਂ ਰਾਹੀਂ ਪ੍ਰੇਸ਼ਾਨ ਕਰਨ ਦੇ ਯਤਨ ਹੋ ਰਹੇ ਹਨ?

(5) ਕਿਉਂ ਦੇਸ਼ ਦੇ ਬੁੱਧੀਜੀਵੀਆਂ ਨੂੰ ਆਜ਼ਾਦੀ ਨਾਲ ਬੋਲਣ, ਵਿਚਰਨ 'ਤੇ ਦੇਸ਼ ਧ੍ਰੋਹੀ ਧਾਰਾਵਾਂ ਲਗਾਕੇ ਜੇਲ੍ਹਾਂ 'ਚ ਡੱਕਿਆ ਜਾ ਰਿਹਾ ਹੈ?

(6) ਕਿਉਂ ਦੇਸ਼ ਦੀਆਂ ਘੱਟ ਗਿਣਤੀਆਂ ਨੂੰ ਨੁੱਕਰੇ ਲਾਇਆ ਜਾ ਰਿਹਾ ਹੈ?

ਮੌਜੂਦਾ ਸਰਕਾਰ 'ਤੇ ਦੋਸ਼ ਇਹ ਵੀ ਲੱਗਦੇ ਹਨ ਕਿ ਇਹ ਸਰਕਾਰ ਹਿੰਦੂਤਵ ਦਾ ਅਜੰਡਾ ਦੇਸ਼ 'ਤੇ ਲਾਗੂ ਕਰ ਰਹੀ ਹੈ। ਪਾਰਲੀਮੈਂਟ ਦੀ ਨਵੀਂ ਇਮਾਰਤ ਦੇ ਪ੍ਰਧਾਨ ਮੰਤਰੀ ਵਲੋਂ ਆਪ ਹੀ ਰਾਸ਼ਟਰਪਤੀ ਦੀ ਥਾਂ ਉਦਘਾਟਨ ਕਰਨ ਸਬੰਧੀ ਦੇਸ਼ ਦੀ ਵਿਰੋਧੀ ਧਿਰ ਦੇ ਨੇਤਾ ਇੱਕਮੁੱਠ ਹੋਏ ਹਨ। ਲਗਭਗ 22 ਵਿਰੋਧੀ ਪਾਰਟੀਆਂ ਨੇ ਉਦਘਾਟਨ ਸਮਾਰੋਹ ਦਾ ਬਾਈਕਾਟ ਕੀਤਾ ਹੈ। ਆਖ਼ਰ ਇਹ ਕਿਉਂ ਹੋਇਆ?

ਦੇਸ਼ 'ਚ ਗੈਰ ਲੋਕਤੰਤਰੀ ਕੰਮਾਂ 'ਚ ਵਾਧਾ ਹੋ ਰਿਹਾ ਹੈ। ਨਵੀਂ ਦਿੱਲੀ ਪ੍ਰਦੇਸ਼ ਉਤੇ ਆਪਣਾ ਗਲਬਾ ਬਣਾਈ ਰੱਖਣ ਲਈ ਸੁਪਰੀਮ ਕੋਰਟ ਵਲੋਂ ਦਿੱਤੀਆਂ ਹਦਾਇਤਾਂ ਦੇ ਬਾਵਜੂਦ ਦਿੱਲੀ ਦੇ ਮੌਜੂਦਾ ਲੈਫਟੀਨੈਂਟ ਗਵਰਨਰ ਦੀਆਂ ਸ਼ਕਤੀਆਂ ਬਣਾਈ ਰੱਖਣ ਲਈ ਜੋ ਨੋਟੀਫੀਕੇਸ਼ਨ ਜਾਰੀ ਕੀਤਾ ਹੈ, ਉਹ ਕੇਜਰੀਵਾਲ ਦੀ ਚੁਣੀ ਹੋਈ ਸਰਕਾਰ ਦੀਆਂ ਤਾਕਤਾਂ ਸੀਮਤ ਕਰਨ ਵੱਲ ਵੱਡਾ ਕਦਮ ਹੈ।

ਇਸ ਨੋਟੀਫੀਕੇਸ਼ਨ ਦੇ ਵਿਰੋਧ ਵਿਚ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਆਮ ਆਦਮੀ ਪਾਰਟੀ ਪੰਜਾਬ ਦੀ ਸਰਕਾਰ ਦੇ ਮੁੱਖ ਮੰਤਰੀ ਭਗਵੰਤ ਮਾਨ, ਦੇਸ਼ ਦੀਆਂ ਵੱਖੋ-ਵੱਖਰੀਆਂ ਪਾਰਟੀਆਂ ਦੇ ਨੇਤਾਵਾਂ ਨੂੰ ਮਿਲੇ ਹਨ ਅਤੇ ਨੋਟੀਫੀਕੇਸ਼ਨ ਵਿਰੁੱਧ ਇੱਕ ਰਾਏ ਬਨਾਉਣ ਲਈ ਉਹ ਹਮਾਇਤ ਹਾਸਲ ਕਰ ਰਹੇ ਹਨ। ਲਗਭਗ 12 ਸਿਆਸੀ ਪਾਰਟੀਆਂ ਤੋਂ ਉਹ ਹਮਾਇਤ ਲੈ ਚੁੱਕੇ ਹਨ। ਇਸ ਤੋਂ ਪਹਿਲਾਂ ਵੀ ਮੋਦੀ ਸਰਕਾਰ ਵਲੋਂ ਪਲਾਨਿੰਗ ਕਮਿਸ਼ਨਰ ਦੇ ਪਰ ਕੱਟਕੇ ਬਣਾਏ ਨੀਤੀ ਆਯੋਗ ਦੀ ਮੀਟਿੰਗ ਦਾ 12 ਵਿਰੋਧੀ ਧਿਰ ਦੇ ਮੁੱਖ ਮੰਤਰੀਆਂ ਨੇ ਵਿਰੋਧ ਕੀਤਾ ਸੀ ਅਤੇ ਮੀਟਿੰਗ ਦਾ ਬਾਈਕਾਟ ਵੀ ਕੀਤਾ ਸੀ।

ਦੇਸ਼ ਵਿਚ ਵਿਰੋਧੀ ਧਿਰਾਂ, ਕਿਧਰੇ ਨਾ ਕਿਧਰੇ, ਕਿਸੇ ਨਾ ਕਿਸੇ ਕਾਰਨ ਇੱਕਮੁੱਠ ਹੋ ਰਹੀਆਂ ਹਨ। ਉਹ ਸੂਬਾ ਜਿਥੋਂ ਜੈ ਪ੍ਰਕਾਸ਼ ਨਰਾਇਣ ਦੇ ਇੰਦਰਾ ਗਾਂਧੀ ਵਿਰੋਧੀ ਲਹਿਰ ਚਲਾਕੇ ਕੇਂਦਰ ਸਰਕਾਰ ਹਿਲਾ ਦਿੱਤੀ ਸੀ। ਉਥੋਂ ਦੇ ਮੁੱਖ ਮੰਤਰੀ ਨਤੀਸ਼ ਕੁਮਾਰ ਵਿਰੋਧੀਆਂ ਨੂੰ ਇੱਕਮੁੱਠ ਕਰਨ ਦੇ ਰਾਹ ਹਨ। ਉਹ ਕਾਂਗਰਸ ਖੱਬੀਆਂ ਪਾਰਟੀਆਂ, ਇਲਾਕਾਈ ਪਾਰਟੀਆਂ ਨਾਲ ਤਾਲਮੇਲ ਕਰਕੇ ਇੱਕ ਮੋਰਚਾ ਬਨਾਉਣ ਲਈ ਪਹਿਲਕਦਮੀ ਕਰਦਿਆਂ ਦੇਸ਼ ਦੇ ਵੱਖੋ-ਵੱਖਰੇ ਹਿੱਸਿਆਂ 'ਚ ਜਾ ਕੇ ਸਾਂਝਾ ਪਲੇਟਫਾਰਮ ਬਨਾਉਣ ਲਈ ਤਜ਼ਵੀਜ ਪੇਸ਼ ਕੀਤੀ ਜਾ ਰਹੀ ਹੈ।

ਕਾਂਗਰਸ ਵੱਲੋ ਉਸ ਭਾਜਪਾ ਨੂੰ ਆਪਣੇ ਤੌਰ 'ਤੇ ਵੱਡੀ ਟੱਕਰ ਦਿੱਤੀ ਜਾ ਰਹੀ ਹੈ, ਜਿਹੜੀ ਦੇਸ਼ ਨੂੰ ਕਾਂਗਰਸ ਮੁਕਤ ਕਰਨਾ ਚਾਹੁੰਦੀ ਹੈ। ਦੇਸ਼ ਵਿਆਪੀ ਮਾਰਚ ਕੱਢ ਕੇ "ਗਾਂਧੀ ਪਰਿਵਾਰ" ਦੇ ਫਰਜੰਦ ਰਾਹੁਲ ਗਾਂਧੀ ਨੇ ਕਾਂਗਰਸ ਨੂੰ ਮੁੜ ਥਾਂ ਸਿਰ ਕੀਤਾ ਹੈ ਅਤੇ ਦੇਸ਼ਾਂ, ਵਿਦੇਸ਼ਾਂ 'ਚ ਭਾਜਪਾ ਨੂੰ ਘੇਰ ਕੇ ਉਨ੍ਹਾਂ ਲਈ ਸਿਰਦਰਦੀ ਖੜ੍ਹੀ ਕਰ ਦਿੱਤੀ ਹੈ। ਪਿਛਲੇ ਦਿਨੀਂ ਜਦ ਮਲਿਕ ਅਰਜੁਨ ਖੜਗੇ ਕਾਂਗਰਸ ਪ੍ਰਧਾਨ ਜੋ ਅਨੁਸੂਚਿਤ ਜਾਤੀ ਨਾਲ ਸੰਬੰਧਤ ਹਨ, ਦਾ ਨਾਂਅ ਕਾਂਗਰਸ ਵੱਲੋਂ ਅਗਲੇ ਪ੍ਰਧਾਨ ਮੰਤਰੀ ਬਨਾਉਣ ਲਈ ਤੁਰਿਆ ਤਾਂ ਦੇਸ਼ ਦੀ ਸਿਆਸਤ 'ਚ ਤਰਥੱਲੀ ਮੱਚ ਗਈ। ਭਾਜਪਾ ਸੁਚੇਤ ਹੋਈ ਅਤੇ ਉਸੇ ਵੇਲੇ ਬਸਪਾ ਨੇ ਐਲਾਨ ਕਰ ਦਿੱਤਾ ਕਿ ਮਾਇਆਵਤੀ ਦੇਸ਼ ਦੀ ਪ੍ਰਧਾਨ ਮੰਤਰੀ ਬਣਨ ਲਈ ਦੌੜ ਵਿਚ ਹੈ ਅਤੇ ਉਨ੍ਹਾਂ ਦੀ ਪਾਰਟੀ ਸਮੁੱਚੇ ਦੇਸ਼ 'ਚ ਇਕੱਲਿਆਂ ਚੋਣ ਲੜੇਗੀ।

ਅੱਜ ਦੇਸ਼ ਵਿਚ ਅਸੰਤੋਸ਼ ਹੈ। ਦੱਖਣ ਵਿਚ ਭਾਜਪਾ ਵਿਧਾਨ ਸਭਾ ਚੋਣਾਂ, ਬਾਵਜੂਦ ਆਪਣੇ ਕ੍ਰਿਸ਼ਮਈ ਨੇਤਾ ਨਰੇਂਦਰ ਮੋਦੀ ਦੇ ਵੱਡੇ ਭਾਸ਼ਨਾਂ ਅਤੇ ਇਕੱਠ ਦੇ, ਚੋਣਾਂ ਬੁਰੀ ਤਰ੍ਹਾਂ ਹਾਰ ਗਈ ਹੈ। ਮੱਧ ਪ੍ਰਦੇਸ਼ ਅਤੇ ਛੱਤੀਸਗੜ੍ਹ 'ਚ ਹੋਣ ਵਾਲੀਆਂ ਵਿਧਾਨ ਸਭਾਈ ਚੋਣਾਂ, ਜੋ 2024 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ ਹੋਣੀਆਂ ਹਨ, ਰਾਜਸਥਾਨ, ਤੇਲੰਗਾਨਾ, ਮਿਜ਼ੋਰਮ ਵੀ ਵਿਧਾਨ ਸਭਾ ਚੋਣਾਂ ਦੀ ਉਡੀਕ 'ਚ ਹਨ, ਜਿਨ੍ਹਾਂ ਦੀ ਮਿਆਦ 2024 ਲੋਕ ਸਭਾ ਚੋਣਾਂ ਤੋਂ ਪਹਿਲਾਂ ਹੈ। ਇਨ੍ਹਾਂ ਚੋਣਾਂ 'ਚ ਕਾਂਗਰਸ ਅਤੇ ਹੋਰ ਵਿਰੋਧੀ ਧਿਰਾਂ ਦੀ ਕਾਰਗੁਜ਼ਾਰੀ 2024 ਦੀਆਂ ਚੋਣਾਂ 'ਤੇ ਪ੍ਰਭਾਵ ਪਾਏਗੀ, ਜਿਸ ਵਾਸਤੇ ਵਿਰੋਧੀ ਧਿਰ ਇੱਕਜੁੱਟ ਹੋ ਕੇ ਭਾਜਪਾ ਨੂੰ ਟੱਕਰ ਦੇਣਾ ਚਾਹੁੰਦੀ ਹੈ।

ਪਰ ਸਵਾਲ ਪੈਦਾ ਹੁੰਦਾ ਹੈ ਕਿ ਕੀ ਵਿਰੋਧੀ ਧਿਰ ਇਕੱਠੀ ਹੋਏਗੀ? ਕਿਹੜੇ ਮੁੱਦਿਆਂ ਨੂੰ ਲੈ ਕੇ ਸਾਂਝਾ ਫਰੰਟ ਬਣਾਏਗੀ? ਕੀ ਖੱਬੀਆਂ , ਸਮਾਜਵਾਦੀ ਧਿਰਾਂ ਨਾਲ "ਸਾਂਝੇ ਘੱਟੋ-ਘੱਟ ਪ੍ਰੋਗਰਾਮ" ਲਾਗੂ ਕਰਨ ਦੇ ਮੁੱਦੇ 'ਤੇ ਆਮ ਰਾਏ ਹੋ ਸਕੇਗੀ। ਕੀ ਕੌਮੀ ਹਿੱਤ ਲਈ ਪਾਰਟੀਆਂ ਆਪਣੇ ਸੌੜੇ ਹਿੱਤ ਤਿਆਗ ਦੇਣਗੀਆਂ ਅਤੇ ਦੇਸ਼ ਨੂੰ ਦਰਪੇਸ਼, ਬੇਰੁਜ਼ਗਾਰੀ, ਗਰੀਬਾਂ, ਭ੍ਰਿਸ਼ਟਾਚਾਰ, ਭੁੱਖਮਰੀ, ਨਿੱਜੀਕਰਨ, ਸੰਘੀ ਢਾਂਚੇ ਦੀ ਰੱਖਿਆ, ਸੂਬਿਆਂ ਦੇ ਵੱਧ ਅਧਿਕਾਰ, ਮਨੁੱਖੀ ਅਧਿਕਾਰਾਂ, ਸੰਵਿਧਾਨ 'ਚ ਮਿਲੇ ਮੌਲਿਕ ਅਧਿਕਾਰਾਂ ਆਦਿ ਮੁੱਦਿਆਂ ਨੂੰ ਬਿਲਕੁਲ ਉਸੇ ਤਰ੍ਹਾਂ ਪਬਲਿਕ ਵਿਚ ਲੈ ਕੇ ਜਾਣ 'ਚ ਕਾਮਯਾਬ ਹੋਣਗੀਆਂ, ਜਿਵੇਂ 1974-77 'ਚ ਲੋਕ ਰੋਹ ਭੱਖਿਆ, ਮਘਿਆ ਸੀ। ਕਿਉਂਕਿ ਦੇਸ਼ ਦੀ ਪਾਰਲੀਮੈਂਟ 'ਚ ਇਹ ਮੁੱਦੇ ਉਠਾਏ ਜਾਣ ਦੀ ਹਾਕਮ ਧਿਰ ਆਗਿਆ ਹੀ ਨਹੀਂ ਦਿੰਦਾ ਕਿਉਂਕਿ ਉਹ ਭਾਰੀ ਬਹੁਮਤ 'ਚ ਹੈ ਅਤੇ ਵਿਰੋਧੀ ਧਿਰ ਵੀ ਵੱਖਰੀ ਹੋਣ ਕਾਰਨ ਖ਼ਾਸ ਕਰਕੇ ਲੋਕ ਸਭਾ 'ਚ ਆਪਣੀ ਕਾਰਗੁਜ਼ਾਰੀ ਨਹੀਂ ਦਿਖਾ ਪਾ ਰਹੀ।

ਇਸ ਲਈ ਇਸ ਵੇਲੇ ਵਿਰੋਧੀ ਧਿਰ ਕੋਲ ਇੱਕੋ ਇੱਕ ਰਾਹ "ਲੋਕ ਅਦਾਲਤ" ਹੈ। ਜਿਸਦੀ ਕਚਿਹਰੀ 'ਚ ਵਿਰੋਧੀ ਧਿਰ ਪੱਖ ਰੱਖ ਸਕਦੀ ਹੈ ਕਿ ਕਿਵੇਂ ਪਿਛਲੇ 9 ਸਾਲਾਂ 'ਚ ਦੇਸ਼ ਕਰਜ਼ਾਈ 'ਤੇ ਕਰਜ਼ਾਈ ਹੋ ਰਿਹਾ ਹੈ ਅਤੇ ਉਸ ਉਤੇ ਕਰਜ਼ਾ 155 ਲੱਖ ਕਰੋੜ ਹੈ, ਜੋ 2014 'ਚ 55 ਲੱਖ ਕਰੋੜ ਸੀ। ਦੇਸ਼ 'ਚ ਗਰੀਬੀ ਵਧੀ ਹੈ। ਬੇਰੁਜ਼ਗਾਰੀ 'ਚ ਵਾਧਾ ਹੋਇਆ ਹੈ। ਘੱਟ ਗਿਣਤੀਆਂ ਦਾ ਭਵਿੱਖ ਦਾਅ 'ਤੇ ਲਗਾਇਆ ਜਾ ਚੁੱਕਾ ਹੈ। ਦੇਸ਼ 'ਚ ਵਿਰੋਧੀ ਆਵਾਜ਼ ਦਬਾਈਆਂ ਜਾ ਰਹੀਆਂ ਹਨ। ਮਨਮਰਜ਼ੀ ਦੇ ਕਾਨੂੰਨ ਪਾਸ ਕੀਤੇ ਜਾ ਰਹੇ ਹਨ। ਪਿਛਲੇ ਸਾਲ ਜਦੋਂ ਦੇਸ਼ ਦੀ ਸੁਪਰੀਮ ਕੋਰਟ ਨੇ ਦੇਸ਼ ਧ੍ਰੋਹ ਵਾਲੇ ਕਾਨੂੰਨ ਬਾਰੇ ਕੁਝ ਔਖੇ ਸਵਾਲ ਪੁੱਛੇ, ਤਾਂ ਕੇਂਦਰ ਨੇ ਕਿਹਾ, ਸਰਕਾਰ ਨਜ਼ਰਸਾਨੀ ਕਰੇਗੀ। ਜਾਪਣ ਲੱਗ ਪਿਆ ਸੀ ਕਿ ਅੰਗਰੇਜ਼ਾਂ ਨੇ ਜਿਹੜੇ 1870 ਵਿਚਾਰਧਾਰਾ 12-ਏ ਵਾਲਾ ਕਾਨੂੰਨ ਬਣਾਇਆ ਸੀ, ਕੇਂਦਰ ਇਸ ਕਾਨੂੰਨ ਦੇ ਖਾਤਮੇ ਵੱਲ ਤੁਰ ਪਈ ਹੈ। ਪਰ ਦੇਸ਼ ਦੇ ਇਕਲੌਤੇ ਕਾਨੂੰਨ ਕਮਿਸ਼ਨ ਨੇ ਕਿਹਾ ਕਿ ਇਹ ਕਾਨੂੰਨ ਸਖ਼ਤ ਕਰੋ। ਦੇਸ਼ ਧਰੋਹੀ ਜੇਲ੍ਹ ਸੁੱਟੋ। ਹੈਰਾਨੀ ਹੈ ਕਿ ਮੋਦੀ ਰਾਜ ਤੋਂ ਪਹਿਲਾਂ ਵਿਰਲਾ ਟਾਵਾਂ ਦੇਸ਼ ਧ੍ਰੋਹੀ ਲੱਭਦਾ ਸੀ, ਪਰ ਮੋਦੀ ਰਾਜ ਵੇਲੇ ਥਾਓਂ-ਥਾਈਂ ਦੇਸ਼ ਧ੍ਰੋਹੀ ਲੱਭ ਗਏ। ਇਹੋ ਜਿਹੇ ਕਾਨੂੰਨਾਂ ਦਾ ਜੇਕਰ ਵਿਰੋਧ ਨਹੀਂ ਹੁੰਦਾ, ਤਾਂ ਤਸੱਵਰ ਕਰੋ ਕਿ ਹਰ ਨੌਜਵਾਨ ਜੇਲ੍ਹਾਂ 'ਚ ਸੜੇਗਾ।

ਦੇਸ਼ ਦੀ ਰਾਜ ਸਭਾ 'ਚ ਜੇਕਰ ਉਸ ਦਿੱਲੀ ਨੋਟੀਫੀਕੇਸ਼ਨ ਦਾ ਪੂਰਾ ਵਿਰੋਧ, ਵਿਰੋਧੀ ਪਾਰਟੀਆਂ ਕਰਦੀਆਂ ਹਨ, ਤਾਂ ਇਹ ਨੋਟੀਫੀਕੇਸ਼ਨ, ਜੋ ਸੰਘੀ ਢਾਂਚੇ ਵਿਰੋਧੀ ਹੈ, ਪਾਸ ਨਹੀਂ ਹੋਏਗਾ ਅਤੇ ਵਿਰੋਧੀ ਧਿਰ ਆਪਣੀ ਇਕਜੁੱਟਤਾ ਵਿਖਾਵੇਗੀ। ਜਿਵੇਂ ਆਮ ਆਦਮੀ ਪਾਰਟੀ ਇਸ ਨੋਟੀਫੀਕੇਸ਼ਨ ਦੇ ਵਿਰੋਧ 'ਚ ਰਾਮ ਲੀਲਾ ਗਰਾਊਂਡ 'ਚ ਭਰਵੀਂ ਰੈਲੀ ਕਰਨ 'ਚ ਕਾਮਯਾਬ ਹੋਈ ਹੈ, ਇਵੇਂ ਦੀਆਂ ਵਿਰੋਧੀ ਧਿਰ ਦੀਆਂ ਭਰਵੀਆਂ ਰੈਲੀਆਂ ਲੋਕਾਂ ਨੂੰ ਸਰਕਾਰ ਦੇ ਅੰਦਰੂਨੀ ਅਜੰਡੇ ਬਾਰੇ ਸੁਚੇਤ ਕਰਨ ਲਈ ਸਹਾਈ ਹੋਣਗੀਆਂ।

ਇਸ ਵੇਲੇ ਦੇਸ਼ 'ਚ 6 ਰਾਸ਼ਟਰੀ ਸਿਆਸੀ ਪਾਰਟੀਆਂ ਹਨ, 54 ਸੂਬਾਈ ਪਾਰਟੀਆਂ ਅਤੇ 2597 ਗੈਰ-ਪ੍ਰਵਾਨਿਤ ਸਿਆਸੀ ਪਾਰਟੀਆਂ ਹਨ। ਪ੍ਰਮੁੱਖ ਤੌਰ 'ਤੇ ਆਲ ਇੰਡੀਆ ਤ੍ਰਿਣਮੂਲ ਕਾਂਗਰਸ, ਬਹੁਜਨ ਸਮਾਜ ਪਾਰਟੀ, ਭਾਰਤੀ ਜਨਤਾ ਪਾਰਟੀ, ਕਮਿਊਨਿਸਟ ਪਾਰਟੀ ਆਫ ਇੰਡੀਆ, ਕਮਿਊਨਿਸਟ ਪਾਰਟੀ ਆਫ ਇੰਡੀਆ ਮਾਰਕਸੀ, ਇੰਡੀਅਨ ਨੈਸ਼ਨਲ ਕਾਂਗਰਸ, ਨੈਸ਼ਨਲਿਸਟ ਕਾਂਗਰਸ। ਹੋਰ ਪ੍ਰਮੁੱਖ ਧਿਰਾਂ 'ਚ ਡੀ.ਐੱਮ.ਕੇ., ਅੰਨਾ ਡੀ.ਐੱਮ.ਕੇ., ਸ਼੍ਰੋਮਣੀ ਅਕਾਲੀ ਦਲ, ਆਮ ਆਦਮੀ ਪਾਰਟੀ ਹਨ। ਇਨ੍ਹਾਂ ਪਾਰਟੀਆਂ ਦੀਆਂ ਆਪਣੀਆਂ ਪਾਲਿਸੀਆਂ ਹਨ ਅਤੇ ਆਪਣੇ ਪਲਾਨ ਹਨ। ਇਹ ਪਾਰਟੀਆਂ ਚੋਣਾਂ ਜਿੱਤਕੇ ਆਪਣੀ ਪਾਲਿਸੀਆਂ ਲਾਗੂ ਕਰਦੀਆਂ ਹਨ।

ਇੱਕ ਪਾਸੇ ਹਾਕਮ ਧਿਰ ਇਹ ਕਹਿੰਦੀ ਹੈ ਕਿ ਉਸਨੇ ਇੱਕ ਨਵੇਂ ਭਾਰਤ ਦਾ ਨਿਰਮਾਣ ਦਾ ਬੀੜਾ ਚੁੱਕਿਆ ਹੈ, ਜਦਕਿ ਬਹੁਤੀਆਂ ਵਿਰੋਧੀ ਧਿਰਾਂ ਭਾਜਪਾਈ ਸਰਕਾਰ ਉਤੇ ਡਿਕਟੇਟਰਾਨਾ ਰਵੱਈਆ ਅਖ਼ਤਿਆਰ ਕਰਕੇ ਵਿਰੋਧੀਆਂ ਨੂੰ ਜਿੱਚ ਕਰਨ ਅਤੇ ਏਕਾਅਧਿਕਾਰ ਕਾਇਮ ਕਰਨ ਦਾ ਇਲਜ਼ਾਮ ਲਾਉਂਦੀਆਂ ਇਹ ਕਹਿੰਦੀਆਂ ਹਨ ਕਿ ਇਸ ਸਰਕਾਰ ਦੇ ਸਮੇਂ ਦੇਸ਼ ਆਰਥਿਕਤਾ ਨਿਵਾਣਾ ਵੱਲ ਗਈ ਹੈ ਅਤੇ ਇਸ ਸਰਕਾਰ ਨੇ ਕੌਮੀ ਸੋਮੇ ਧੰਨ ਕੁਬੇਰਾਂ ਨੂੰ ਸੌਂਪ ਕੇ, ਦੇਸ਼ ਦੀ ਦੌਲਤ ਅਤੇ ਦੇਸ਼, ਕਾਰਪੋਰੇਟਾਂ ਹੱਥ ਗਹਿਣੇ ਧਰ ਦਿੱਤਾ ਹੈ। ਗਰੀਬਾਂ ਅਤੇ ਅਮੀਰਾਂ ਦਾ ਪਾੜਾ ਵਧਿਆ ਹੈ ਅਤੇ ਦੇਸ਼ ਡਿਕਟੇਟਰਾਨਾ ਰਾਜ ਅਤੇ ਹਿੰਦੂ ਰਾਜ ਵੱਲ ਅੱਗੇ ਵਧ ਰਿਹਾ ਹੈ।

ਅੱਜ ਵਿਰੋਧੀ ਧਿਰ ਲਈ ਦੇਸ਼ ਦੀ ਜਨਤਾ ਕੋਲ ਜਾਣ ਦੇ ਹਾਲਾਤ ਬਹੁਤ ਸਾਜ਼ਗਾਰ ਹਨ। ਲੋਕਾਂ 'ਚ ਅਸੰਤੋਸ਼ ਹੈ। ਗੁੱਸਾ ਹੈ। ਨੋਟਬੰਦੀ, ਧਾਰਾ 370, ਸੀ.ਆਈ.ਏ. ਕਾਨੂੰਨ, ਕਰੋਨਾ 'ਚ ਬਦਇੰਤਜ਼ਾਮੀ ਆਦਿ ਸਰਕਾਰ ਦੀਆਂ ਨਾਕਾਮੀਆਂ ਦੀ ਦਾਸਤਾਨ ਸਾਹਮਣੇ ਹੈ। ਆਰਥਿਕ ਪ੍ਰਬੰਧ ਚਲਾਉਣ ਲਈ ਦੂਰ ਦ੍ਰਿਸ਼ਟੀ ਦੀ ਘਾਟ ਅਤੇ ਦੇਸ਼ ਦੀਆਂ ਸੰਵਾਧਾਨਿਕ ਸੰਸਥਾਵਾਂ ਨੂੰ ਆਪਣੇ ਹਿੱਤ 'ਚ ਵਰਤਣ ਨਾਲ ਲੋਕਾਂ 'ਚ ਨਿਰਾਸ਼ਤਾ ਹੈ।

ਇਸ ਨਿਰਾਸ਼ਤਾ, ਇਸ ਰੋਸ ਨੂੰ ਵਿਰੋਧੀ ਧਿਰਾਂ ਆਪਣੇ ਢੰਗ ਨਾਲ ਵਰਤ ਸਕਦੀਆਂ ਹਨ, ਜਿਵੇਂ ਕਾਂਗਰਸ ਨੇ ਹਮਲਾਵਰ ਰੁੱਖ ਅਪਨਾ ਵਰਤਿਆ ਹੈ। ਬਿਨ੍ਹਾਂ ਸ਼ੱਕ ਬਿਹਾਰ ਦੇ ਨਤੀਸ਼ ਕੁਮਾਰ, ਤ੍ਰਿਣਮੂਲ ਕਾਂਗਰਸ ਦੀ ਮਮਤਾ ਬੈਨਰਜੀ, ਆਮ ਆਦਮੀ ਪਾਰਟੀ ਦੇ ਕੇਜਰੀਵਾਲ, ਕਾਂਗਰਸ ਦੇ ਮਲਿਕ ਅਰਜੁਨ ਖੜਗੇ ਜਾਂ ਰਾਹੁਲ ਗਾਂਧੀ ਜਾਂ ਕੋਈ ਹੋਰ ਪ੍ਰਧਾਨ ਮੰਤਰੀ ਬਣਨ ਦੀ ਕਤਾਰ ਵਿਚ ਹੋਣਗੇ, ਪਰ ਦੇਸ਼ ਦੀ ਵਾਂਗਰਡੋਰ ਸੰਭਾਲਣ ਦੇ ਸਮਰੱਥ ਉਹੀ ਨੇਤਾ ਜਾਂ ਪਾਰਟੀ ਅੱਗੇ ਆ ਸਕੇਗੀ, ਜਿਹੜੀ ਉਜਾੜੇ ਵੱਲ ਵੱਧ ਰਹੇ ਦੇਸ਼ ਦੀ ਜਨਤਾ ਲਈ ਕੋਈ ਆਸ ਦੀ ਕਿਰਨ ਵਿਖਾਏਗੀ।

ਮੁਸ਼ਾਇਰਾ

ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ
480-794-0325
sodhi1960@yahoo.com
(Punjab Mail USA

ਹਾਸ ਵਿਅੰਗ

ਬਖਤੌਰ ਸੋਹ ਮੂੰਹ ਸਿਰ ਬੰਨ੍ਹੀਂ ਫਿਰਦਾ ਸੀ। 'ਮਖਿਆ ਕੀ ਹੋ ਗਿਆ, ਬੜੀਆਂ ਪੱਟੀਆਂ-ਪੁੱਟੀਆਂ ਬੰਨ੍ਹੀ ਫਿਰਦੈਂ, ਸਕੂਟਰ ਮੂਹਰੇ ਕੁੱਤਾ 'ਤੇ ਨਹੀਂ ਆ ਗਿਆ?' ਕਹਿੰਦਾ, 'ਨਹੀਂ ਕਾਹਨੂੰ ਕੱਲ੍ਹ ਰਾਤ ਮੁਸ਼ਾਇਰੇ 'ਤੇ ਗਿਆ ਸੀ'। 'ਮਖਿਆ ਮੁਸ਼ਾਇਰੇ ਦਾ ਇਨ੍ਹਾਂ ਪੱਟੀਆਂ ਨਾਲ ਕੀ ਨਾਤਾ?' ਕਹਿੰਦਾ, 'ਉਨ੍ਹਾਂ ਮੁਸ਼ਾਇਰੇ 'ਤੇ ਪੁੱਛਿਆ, ਔਰਤ ਕਿੰਨੇ ਕਿਸਮ ਦੀ ਹੁੰਦੀ ਹੈ?' ਮੈਂ ਕਿਹਾ, 'ਔਰਤਾਂ ਦਾ ਤੇ ਪਤਾ ਨਹੀਂ, ਪਤਨੀਆਂ ਤਿੰਨ ਪ੍ਰਕਾਰ ਦੀਆਂ ਹੁੰਦੀਆਂ ਨੇ'। ਉਹ ਕਹਿੰਦੇ, 'ਉਹ ਕਿਵੇਂ?' ਕਹਿੰਦਾ, 'ਮੈਂ ਕਿਹਾ ਇੱਕ ਤੇ ਉਹ ਜਿਹੜੀ ਮੇਰੇ ਬਿਨਾ ਨਹੀਂ ਰਹਿ ਸਕਦੀ, ਦੂਜੀ ਉਹ ਜਿਹਦੇ ਬਿਨਾਂ ਮੈਂ ਨਹੀਂ ਰਹਿ ਸਕਦਾ ਤੇ ਤੀਜੀ ਉਹ ਜਿਹਦੇ ਨਾਲ ਮੈਂ ਰਹਿ ਰਿਹਾਂ ਹਾਂ।' ਕਹਿੰਦਾ, 'ਪ੍ਰਸ਼ੰਸਕ ਤਾੜੀਆਂ ਵਜਾਈਆਂ ਜਾਣ ਤੇ ਮੇਰੇ ਘਰ ਵਾਲੀ ਸਹੁਰੀ ਬੁੱਕਲ ਵਿਚ ਵੇਲਣਾ ਪਤਾ ਨਹੀਂ ਕਿਉਂ ਲੈ ਗਈ ਸੀ, ਬੱਸ ਇਹ ਸਾਰੀ ਮਿਹਰਬਾਨੀ ਮੁਸ਼ਾਇਰੇ ਦੀ ਹੈ।'

24 ਜੂਨ ਨੂੰ ਜਨਮਦਿਨ 'ਤੇ ਵਿਸ਼ੇਸ਼

''ਪੰਥ ਵਸੈ ਮੈਂ ਉਜੜਾਂ'' ਦੀ ਮਨਸ਼ਾ ਵਾਲੀ ਸਾਦ-ਮੁਰਾਦੀ ਸ਼ਖਸੀਅਤ ਪੰਥ ਰਤਨ ਮਾਸਟਰ ਤਾਰਾ ਸਿੰਘ



-ਦਿਲਜੀਤ ਸਿੰਘ ਬੇਦੀ
(Punjab Mail USA)

ਪੰਥ ਰਤਨ ਮਾਸਟਰ ਤਾਰਾ ਸਿੰਘ ਦੀ ਸਾਦ-ਮੁਰਾਦੀ ਸ਼ਖਸੀਅਤ ਨੂੰ ਤਕਰੀਬਨ 40 ਵਰ੍ਹੇ ਸਿੱਖ ਤਵਾਰੀਖ ਦੇ ਆਪਣੇ ਇਰਦ-ਗਿਰਦ ਕੇਂਦਰਤ ਰੱਖਣ ਦਾ ਮਾਣ ਹਾਸਲ ਹੈ। 1926 ਤੋਂ 1966 ਤੱਕ 40 ਸਾਲ ਪੰਜਾਬ ਦੀ ਤਵਾਰੀਖ ਮਾਸਟਰ ਤਾਰਾ ਸਿੰਘ ਦੀ ਕਹਾਣੀ ਹੈ। ਮਾਸਟਰ ਤਾਰਾ ਸਿੰਘ ਨੇ ਬਖਸ਼ੀ ਗੋਪੀ ਚੰਦ ਮਲਹੋਤਰਾ ਦੇ ਘਰ ਮਾਤਾ ਮੂਲਾਂ ਦੇਵੀ ਜੀ ਦੀ ਕੁੱਖੋਂ ਪਿੰਡ ਹਰਿਆਲ ਜ਼ਿਲ੍ਹਾ ਰਾਵਲਪਿੰਡੀ (ਪਾਕਿਸਤਾਨ) ਵਿਚ 24 ਜੂਨ 1885 ਨੂੰ ਜਨਮ ਲਿਆ। ਪਰਿਵਾਰ ਭਾਵੇਂ ਹਿੰਦੂ ਧਰਮ ਨਾਲ ਸਬੰਧ ਰੱਖਦਾ ਸੀ ਪਰ ਉਨ੍ਹਾਂ ਦਾ ਰੁਝਾਨ ਸਿੱਖ ਧਰਮ ਵੱਲ ਹੀ ਰਿਹਾ। ਮਾਸਟਰ ਤਾਰਾ ਸਿੰਘ ਦਾ ਬਚਪਨ ਦਾ ਨਾਮ ਨਾਨਕ ਚੰਦ ਸੀ। ਸਕੂਲ ਦੌਰਾਨ ਹੀ ਉਨ੍ਹਾਂ ਭਾਈ ਰਤਨ ਸਿੰਘ ਭੰਗੂ ਦੀ ਕਿਤਾਬ ਪ੍ਰਾਚੀਨ ਪੰਥ ਪ੍ਰਕਾਸ਼ ਪੜ੍ਹੀ ਤੇ ਉਨ੍ਹਾਂ 'ਤੇ ਸਿੱਖ ਤਵਾਰੀਖ ਦਾ ਬੜਾ ਅਸਰ ਹੋਇਆ। ਰਾਵਲਪਿੰਡੀ ਵਿਖੇ ਬਾਬਾ ਅਤਰ ਸਿੰਘ ਮਸਤੂਆਣਾ ਵਾਲੇ ਧਰਮ ਪ੍ਰਚਾਰ ਕਰ ਰਹੇ ਹਨ। ਨਾਨਕ ਚੰਦ (ਮਾਸਟਰ ਤਾਰਾ ਸਿੰਘ) ਕੁਝ ਨੌਜਵਾਨਾਂ ਨਾਲ ਉਨ੍ਹਾਂ ਨੂੰ ਸੁਣਨ ਵਾਸਤੇ ਗਏ, ਤਾਂ ਉਨ੍ਹਾਂ ਦੇ ਵਿਚਾਰਾਂ ਦੇ ਪ੍ਰਵਾਹ ਨੇ ਮਨ 'ਤੇ ਐਸਾ ਪ੍ਰਭਾਵ ਪਾਇਆ ਕਿ ਉਹ ਅੰਮ੍ਰਿਤ ਛਕ ਕੇ ਹੀ ਘਰ ਪਰਤੇ। ਜਦ ਨਾਨਕ ਚੰਦ ਤੋਂ ਤਾਰਾ ਸਿੰਘ ਬਣ ਕੇ ਸਿਰ 'ਤੇ ਦਸਤਾਰ ਸਜਾਈ, ਗਲ 'ਚ ਕਿਰਪਾਨ ਪਾਈ ਘਰ ਪਰਤੇ, ਤਾਂ ਘਰ ਦੇ ਜੀਅ ਨਾਰਾਜ਼ ਹੋਏ। ਪਰ ਉਨ੍ਹਾਂ ਨੇ ਇਸ ਨਾਰਾਜ਼ਗੀ ਨੂੰ ਅੱਖੋਂ-ਪਰੋਖੇ ਹੀ ਰੱਖਿਆ। ਖਾਲਸਾ ਕਾਲਜ ਪੜ੍ਹਾਈ ਦੌਰਾਨ ਹੀ 1907 ਵਿਚ ਮਾਸਟਰ ਤਾਰਾ ਸਿੰਘ ਵਿਦਿਆਰਥੀ ਜਥੇਬੰਦੀ ਦੇ ਪ੍ਰਧਾਨ ਬਣੇ ਅਤੇ ਬੀ.ਏ. ਇਸੇ ਸਾਲ ਗੋਲਡ ਮੈਡਲ ਨਾਲ ਪਾਸ ਕੀਤੀ। ਛੇਤੀ ਹੀ ਬਾਅਦ ਮਾਸਟਰ ਤਾਰਾ ਸਿੰਘ ਸਿਆਸੀ ਆਗੂਆਂ ਦੇ ਬਹੁਤ ਹੀ ਨੇੜੇ ਆ ਗਏ। ਸ: ਹਰਚੰਦ ਸਿੰਘ ਲਾਇਲਪੁਰੀ, ਮਾਸਟਰ ਸੁੰਦਰ ਸਿੰਘ, ਸ: ਤੇਜਾ ਸਿੰਘ ਦੇ ਚੰਗੇ ਦੋਸਤ ਬਣ ਗਏ। ਉਹ ਲਾਇਲਪੁਰ ਸਕੂਲ ਚੱਕ ਨੰ 41 ਦੇ ਮੁੱਖ ਅਧਿਆਪਕ ਲੱਗ ਗਏ। ਉਨ੍ਹਾਂ ਦਿਨਾਂ ਵਿਚ ਹੀ ਗੁਰਦੁਆਰਾ ਸੁਧਾਰ ਲਹਿਰ ਚਾਲੂ ਹੋ ਗਈ। 21 ਮਈ 1920 ਦੇ ਦਿਨ ਲਾਹੌਰ ਤੋਂ ਪੰਜਾਬੀ ਵਿਚ ਰੋਜ਼ਾਨਾ 'ਅਕਾਲੀ' ਅਖ਼ਬਾਰ ਛੱਪਣੀ ਸ਼ੁਰੂ ਹੋ ਗਈ। ਇਸ ਅਖ਼ਬਾਰ ਨੇ ਸਾਰੇ ਪੰਥ-ਪ੍ਰੇਮੀਆਂ ਨੂੰ ਨੇੜੇ-ਤੇੜੇ ਲੈ ਆਂਦਾ। ਅਖ਼ਬਾਰ ਵਿਚ ਗੁਰਦੁਆਰਿਆਂ ਦੀ ਹਾਲਤ ਅਤੇ ਸਿੱਖ ਸਿਆਸਤ ਬਾਰੇ ਇਹ ਹੋਰ ਲਹਿਰ ਵਜੋਂ ਸਮੱਗਰੀ ਛਪਣੀ ਸ਼ੁਰੂ ਹੋਈ, ਜਿਸ ਕਰਕੇ ਸਿੱਖਾਂ ਵਿਚ ਜਾਗਰੂਕਤਾ ਆਈ ਅਤੇ ਗੁਰਦੁਆਰਾ ਲਹਿਰ ਤੇਜ਼ੀ ਨਾਲ ਜ਼ੋਰ ਫੜ ਗਈ।

ਮਾਸਟਰ ਜੀ ਨੇ ਬੜੇ ਬੇਲਾਗ ਢੰਗ ਨਾਲ ਲੀਡਰੀ ਕੀਤੀ ਅਤੇ ਹਰ ਪ੍ਰਕਾਰ ਦੇ ਮੋਹ ਤੋਂ ਬਚੇ ਰਹੇ। ਆਪ ਦਾ ਸਿਆਸੀ ਜੀਵਨ ਬੇਦਾਗ, ਆਤਮ-ਉੱਤਸਰਗੀ ਵਾਲਾ ਹੈ। ਆਪ ਨੇ ਸਿੱਖ ਕੌਮ ਦੇ ਹਿੱਤਾਂ ਲਈ ਜੋ ਸੰਘਰਸ਼ ਕੀਤਾ ਅਤੇ ਉਨ੍ਹਾਂ ਕਰਕੇ ਆਪ ਨੂੰ ਜੋ ਔਕੜਾਂ ਸਹਿਣੀਆਂ ਪਈਆਂ, ਉਨ੍ਹਾਂ ਲਈ ਸਿੱਖ ਜਗਤ ਵਿਚ ਆਪ ਦੀ ਬੜੀ ਕਦਰ ਅਤੇ ਇੱਜ਼ਤ ਹੈ। ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਆਪ ਵਿਦੇਸ਼ਾਂ ਵਿਚ ਵੀ ਗਏ।

ਆਪ ਨੇ ਆਪਣੇ ਵਿਚਾਰਾਂ ਨੂੰ ਪ੍ਰਗਟਾਉਣ ਲਈ ਸਾਹਿਤ ਦੀ ਰਚਨਾ ਵੀ ਕੀਤੀ। ਕੁਝ ਟ੍ਰੈਕਟਾਂ ਤੋਂ ਇਲਾਵਾ ਆਪ ਨੇ 'ਪ੍ਰੇਮ ਲਗਨ' ਅਤੇ 'ਬਾਬਾ ਤੇਗਾ ਸਿੰਘ' ਨਾਂ ਦੇ ਦੋ ਨਾਵਲ ਲਿਖੇ। ਇਨ੍ਹਾਂ ਤੋਂ ਇਲਾਵਾ ਆਪ ਦੇ ਰਚੇ ਤਿੰਨ ਲੇਖ ਸੰਗ੍ਰਹਿ, ਇਕ ਸਫ਼ਰਨਾਮਾ ਅਤੇ ਸਵੈ-ਜੀਵਨੀ ਵੀ ਉਪਲਬਧ ਹਨ। ਆਪ ਨੇ 'ਸੱਚਾ ਢੰਡੋਰਾ' (ਸੰਨ 1909 ਈ.) ਅਤੇ 'ਪਰਦੇਸੀ ਖ਼ਾਲਸਾ' ਨਾਂ ਦੇ ਸਪਤਾਹਿਕ ਰਸਾਲੇ ਸ਼ੁਰੂ ਕੀਤੇ, ਜੋ ਬਾਦ ਵਿਚ 'ਅਕਾਲੀ' ਅਖ਼ਬਾਰ ਦੇ ਰੂਪ ਵਿਚ ਬਦਲ ਗਏ। ਸੰਨ 1961 ਈ. ਵਿਚ ਆਪ ਨੇ 'ਜੱਥੇਦਾਰ' ਨਾਮ ਦਾ ਅਖਬਾਰ ਛਾਪਣਾ ਸ਼ੁਰੂ ਕੀਤਾ। ਉਰਦੂ ਵਿਚ ਪ੍ਰਭਾਤ ਨਾਂ ਦਾ ਅਖ਼ਬਾਰ ਕੱਢ ਕੇ ਆਪ ਨੇ ਪੰਥਕ ਹਿਤਾਂ ਲਈ ਖ਼ੂਬ ਪ੍ਰਚਾਰ ਕੀਤਾ। ਸੰਨ 1949 ਈ. ਵਿਚ ਆਪ ਵਲੋਂ ਸ਼ੁਰੂ ਕੀਤਾ ਸੰਤ ਸਿਪਾਹੀ ਮਾਸਿਕ ਰਸਾਲਾ ਉਨ੍ਹਾਂ ਦੀ ਸਪੁੱਤਰੀ ਡਾ. ਰਾਜਿੰਦਰ ਕੌਰ ਵਲੋਂ ਲੰਮਾ ਸਮਾਂ ਕੱਢਿਆ ਜਾਂਦਾ ਰਿਹਾ, ਉਨ੍ਹਾਂ ਤੋਂ ਬਾਅਦ ਵੀ ਇਹ ਕਈ ਸਾਲ ਨਿਕਲਦਾ ਰਿਹਾ, ਫਿਰ ਇਹ ਛਪਦਾ-ਛਪਦਾ ਬੰਦ ਹੋ ਗਿਆ। 12 ਅਕਤੂਬਰ, 1920 ਦੇ ਦਿਨ ਅਖੌਤੀ ਪਛੜੀਆਂ ਜਾਤੀਆਂ ਦੇ ਸਿੱਖਾਂ ਵਲੋਂ ਸ੍ਰੀ ਦਰਬਾਰ ਸਾਹਿਬ 'ਤੇ ਕੜਾਹ ਪ੍ਰਸਾਦਿ ਭੇਂਟ ਕਰਨ 'ਤੇ ਮਹੰਤ ਵਲੋਂ ਇਨਕਾਰ ਕੀਤੇ ਜਾਣ ਦੇ ਰੋਸ ਵਜੋਂ ਇਹ ਲਹਿਰ ਭਾਂਬੜ ਬਣ ਗਈ। 15 ਨਵੰਬਰ, 1920 ਨੂੰ ਸ਼੍ਰੋਮਣੀ ਕਮੇਟੀ ਨਾਮ ਦੀ ਜਥੇਬੰਦੀ ਕਾਇਮ ਹੋਈ। ਇਸ ਦੀ 175 ਮੈਂਬਰੀ ਕਮੇਟੀ ਵਿਚ ਮਾਸਟਰ ਤਾਰਾ ਸਿੰਘ ਦਾ ਨਾਮ ਵੀ ਸ਼ਾਮਲ ਸੀ। 14 ਦਸੰਬਰ, 1920 ਨੂੰ ਸ਼੍ਰੋਮਣੀ ਅਕਾਲੀ ਦਲ ਕਾਇਮ ਹੋ ਗਿਆ। ਇਸ ਦੀ ਪਹਿਲੀ ਬੈਠਕ 24 ਜਨਵਰੀ, 1921 ਦੇ ਦਿਨ ਹੋਈ। ਸ੍ਰੀ ਸਰਮੁਖ ਸਿੰਘ ਝਬਾਲ ਇਸ ਦੇ ਜਥੇਦਾਰ ਚੁਣੇ ਗਏ। ਇਸ ਤਰ੍ਹਾਂ ਦੋਹਾਂ ਜਥੇਬੰਦੀਆਂ ਨੇ ਰਲ ਕੇ ਗੁਰਦੁਆਰਿਆਂ ਦੀ ਆਜ਼ਾਦੀ ਵਾਸਤੇ ਜੱਦੋ-ਜਹਿਦ ਜ਼ੋਰ-ਸ਼ੋਰ ਨਾਲ ਸ਼ੁਰੂ ਕਰ ਦਿੱਤੀ। 20 ਫਰਵਰੀ, 1921 ਨੂੰ 200 ਦੇ ਕਰੀਬ ਸਿੱਖਾਂ ਦਾ ਇਕ ਜੱਥਾ ਗੁਰਦੁਆਰਾ ਸ੍ਰੀ ਨਨਕਾਣਾ ਸਾਹਿਬ ਵਿਖੇ ਗਿਆ, ਤਾਂ ਉਥੇ ਮਹੰਤਾਂ ਨੇ 130 ਤੋਂ ਵੱਧ ਸਿੱਖਾਂ ਨੂੰ ਸ਼ਹੀਦ ਕਰ ਦਿੱਤਾ ਸੀ। 7 ਨਵੰਬਰ, 1921 ਨੂੰ ਜਦੋਂ ਅੰਗਰੇਜ਼ ਸਰਕਾਰ ਨੇ ਸ੍ਰੀ ਦਰਬਾਰ ਸਾਹਿਬ ਦੇ ਤੋਸ਼ੇਖਾਨੇ ਦੀਆਂ ਚਾਬੀਆਂ ਸ਼੍ਰੋਮਣੀ ਕਮੇਟੀ ਤੋਂ ਖੋਹ ਲਈਆਂ, ਤਾਂ ਸਿੱਖਾਂ ਨੇ ਇਸ ਦੇ ਖਿਲਾਫ ਮੋਰਚਾ ਲਗਾ ਦਿੱਤਾ। ਇਸ ਸਮੇਂ ਹੋਰ ਆਗੂਆਂ ਨਾਲ ਮਾਸਟਰ ਤਾਰਾ ਸਿੰਘ ਵੀ ਗਿਰਫਤਾਰ ਕਰ ਲਏ ਗਏ। 12 ਅਕਤੂਬਰ, 1923 ਨੂੰ ਅੰਗਰੇਜ਼ ਸਰਕਾਰ ਨੇ ਦੋਹਾਂ ਜੰਥੇਬੰਦੀਆਂ ਨੂੰ ਗੈਰ ਕਾਨੂੰਨੀ ਕਰਾਰ ਦੇ ਦਿੱਤਾ, ਪਰ ਅਕਾਲੀ ਲਹਿਰ 1925 ਤੱਕ ਉਵੇਂ ਹੀ ਚੱਲਦੀ ਰਹੀ। ਗੁਰਦੁਆਰਾ ਐਕਟ ਪਾਸ ਹੋਣ ਤੋਂ ਬਾਅਦ ਜਨਵਰੀ 1926 'ਚ ਸਰਕਾਰ ਨੇ ਕੁਝ ਅਕਾਲੀ ਆਗੂ ਇਸ ਸ਼ਰਤ 'ਤੇ ਰਿਹਾਅ ਕਰ ਦਿੱਤੇ ਕਿ ਉਹ ਗੁਰਦੁਆਰਾ ਐਕਟ ਅਨੁਸਾਰ ਚੱਲਣਗੇ। ਪਰ ਮਾਸਟਰ ਤਾਰਾ ਸਿੰਘ ਇਹ ਸ਼ਰਤ ਮੰਨਕੇ ਰਿਹਾਅ ਹੋਣ ਲਈ ਤਿਆਰ ਨਹੀਂ ਸਨ। ਮਾਸਟਰ ਤਾਰਾ ਸਿੰਘ ਦੇ ਨਾਲ ਖੜ੍ਹੇ ਰਹਿਣ ਵਾਲੇ ਆਗੂ ਜਥੇਦਾਰ ਤੇਜਾ ਸਿੰਘ ਸਮੁੰਦਰੀ 17 ਜੁਲਾਈ, 1926 ਦੇ ਦਿਨ ਚੜ੍ਹਾਈ ਕਰ ਗਏ, ਉਨ੍ਹਾਂ ਤੋਂ ਬਾਅਦ ਇਸ ਗਰੁੱਪ ਨੇ ਮਾਸਟਰ ਤਾਰਾ ਸਿੰਘ ਨੂੰ ਆਪਣਾ ਆਗੂ ਚੁਣ ਲਿਆ। ਸਤੰਬਰ 1926 ਨੂੰ ਬਾਕੀ ਆਗੂਆਂ ਨੂੰ ਵੀ ਮਾਸਟਰ ਤਾਰਾ ਸਿੰਘ ਨਾਲ ਰਿਹਾਅ ਕਰ ਦਿੱਤਾ ਗਿਆ। ਇਸ ਉਪਰੰਤ ਅਕਾਲੀ ਸਿਆਸਤ ਮਾਸਟਰ ਤਾਰਾ ਸਿੰਘ ਦੇ ਦੁਆਲੇ ਹੀ ਘੁੰਮਦੀ ਰਹੀ।

2 ਅਕਤੂਬਰ, 1926 ਨੂੰ ਸੈਂਟਰਲ ਬੋਰਡ ਦੀ ਇਕੱਤਰਤਾ ਹੋਈ, ਜਿਸ ਵਿਚ ਬਾਬਾ ਖੜਕ ਸਿੰਘ ਪ੍ਰਧਾਨ ਤੇ ਮਾਸਟਰ ਤਾਰਾ ਸਿੰਘ ਮੀਤ ਪ੍ਰਧਾਨ ਬਣੇ। ਇਸੇ ਦਿਨ ਹੀ ਬੋਰਡ ਦਾ ਨਾਮ ਬਦਲ ਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਰੱਖ ਲਿਆ ਗਿਆ। 1927 'ਚ ਸਿੱਖ ਸਿਆਸਤ ਦੀ ਅਗਵਾਈ ਮੁਕੰਮਲ ਤੌਰ 'ਤੇ ਅਕਾਲੀ ਦਲ ਨੇ ਸੰਭਾਲ ਲਈ। 1928 ਵਿਚ ਜਦੋਂ ਸਾਈਮਨ ਕਮਿਸ਼ਨ ਭਾਰਤ ਆਇਆ, ਤਾਂ ਉਸ ਵਿਰੁੱਧ ਮਾਸਟਰ ਤਾਰਾ ਸਿੰਘ ਦੀ ਅਗਵਾਈ ਵਿਚ ਮੁਜ਼ਾਹਰੇ ਕੀਤੇ ਗਏ। ਸਰਕਾਰ ਜਿਥੇ ਕਿਤੇ ਵੀ ਸਿੱਖਾਂ ਨੂੰ ਅੱਖੋਂ-ਪਰੋਖੇ ਕਰਕੇ ਕੋਈ ਫ਼ੈਸਲਾ ਲੈਂਦੀ, ਤਾਂ ਮਾਸਟਰ ਤਾਰਾ ਸਿੰਘ ਉਸ ਦਾ ਡੱਟਵਾਂ ਵਿਰੋਧ ਕਰਦੇ।

ਮਾਸਟਰ ਤਾਰਾ ਸਿੰਘ ਦੇ ਨਿਕਟਵਰਤੀ ਤੇ ਗਿਆਨੀ ਰਵੇਲ ਸਿੰਘ ਨੇ 4 ਦਸੰਬਰ 1999 ਦੇ ਸਮਾਗਮ ਵਿਚ ਬੋਲਦਿਆਂ ਕਿਹਾ ਸੀ ਕਿ 25 ਮਾਰਚ 1947 ਨੂੰ ਵੀ ਗੁਰੂ ਕਾ ਬਾਗ ਮੰਜੀ ਸਾਹਿਬ ਸ੍ਰੀ ਦਰਬਾਰ ਸਾਹਿਬ ਦੇ ਅਸਥਾਨ 'ਤੇ ਹੀ ਦੀਵਾਨ ਕੀਤਾ ਗਿਆ ਸੀ, ਜਿਸ ਵਿਚ ਹਿੰਦੂ ਅਤੇ ਸਿੱਖ ਲੀਡਰ ਸ਼ਾਮਲ ਹੋਏ ਸਨ। ਮਾਸਟਰ ਤਾਰਾ ਸਿੰਘ, ਜਥੇਦਾਰ ਊਧਮ ਸਿੰਘ ਨਾਗੋਕੇ, ਜਥੇ. ਈਸ਼ਰ ਸਿੰਘ ਮਝੈਲ, ਪ੍ਰਿੰ: ਗੰਗਾ ਸਿੰਘ, ਕੈਪਟਨ ਕੇਸ਼ਪ ਚੰਦਰ, ਡਾ. ਭਗਤ ਰਾਮ ਅਤੇ ਹੋਰ ਲੀਡਰਾਂ ਨੇ ਉਸ ਦੀਵਾਨ ਵਿਚ ਤਕਰੀਰਾਂ ਕੀਤੀਆਂ ਸਨ। ਬੰਗਾਲ ਅਤੇ ਪੰਜਾਬ ਦੇ ਕੁੱਝ ਹਿੱਸੇ ਨੂੰ ਪਾਕਿਸਤਾਨ 'ਚ ਸ਼ਾਮਲ ਕੀਤੇ ਜਾਣ ਤੋਂ ਬਚਾਅ ਲਿਆ ਗਿਆ। ਸਰਦਾਰ ਪਟੇਲ ਦਾ ਵੀ ਮਾਸਟਰ ਤਾਰਾ ਸਿੰਘ ਨੂੰ ਸਹਿਯੋਗ ਸੀ। ਮਾਸਟਰ ਤਾਰਾ ਸਿੰਘ ਅੰਦਰ ਪੰਥ ਦੀ ਚੜ੍ਹਦੀਕਲਾ ਤੇ ਸਿੱਖ ਸ਼ਕਤੀਸ਼ਾਲੀ ਹੋਣ ਦਾ ਚਾਓ ਸੀ। ਉਹ ਹਮੇਸ਼ਾਂ ਇਸ ਧਾਰਨਾ ਦੇ ਹਾਮੀ ਸਨ ''ਪੰਥ ਵਸੈ ਮੈਂ ਉਜੜਾਂ'' ਚਾਓ ਦੇ ਧਾਰਨੀ ਸਨ।

ਮੁਗਲਾਂ ਤੇ ਅੰਗਰੇਜ਼ਾਂ ਦੇ ਰਾਜ ਕਾਲ ਸਮੇਂ ਅਤੇ ਦੇਸ਼ ਦੀ ਆਜ਼ਾਦੀ ਲਈ ਲੜੀ ਗਈ ਲੜਾਈ ਵਿਚ ਸਿੱਖਾਂ ਦੀ ਕੁਰਬਾਨੀ ਪਹਿਲੇ ਨੰਬਰ 'ਤੇ ਰਹੀ ਹੈ। 15 ਅਗਸਤ 1947 ਤੱਕ ਮਾਸਟਰ ਤਾਰਾ ਸਿੰਘ ਦੇਸ਼ ਭਗਤ ਅਤੇ ਪੰਜਾਬ ਦੇ ਹਿੰਦੂਆਂ ਅਤੇ ਸਿੱਖਾਂ ਦੇ ਸਾਂਝੇ ਲੀਡਰ ਸਮਝ ਜਾਂਦੇ ਰਹੇ, ਪਰ ਆਜ਼ਾਦੀ ਮਿਲਦਿਆਂ ਹੀ ਕਾਂਗਰਸੀ ਲੀਡਰਾਂ ਨੇ ਮਾਸਟਰ ਤਾਰਾ ਸਿੰਘ ਨੂੰ ਜ਼ੋਰਦਾਰ ਤਰੀਕੇ ਨਾਲ ਫਿਰਕੂ ਕਹਿੰਦਿਆਂ ਉਨ੍ਹਾਂ ਵਿਰੁੱਧ ਪ੍ਰਚਾਰ ਕਰਨਾ ਸ਼ੁਰੂ ਕਰ ਦਿੱਤਾ। ਇਸ ਦੇ ਬਾਵਜੂਦ ਵੀ ਮਾਸਟਰ ਤਾਰਾ ਸਿੰਘ ਨੇ ਹਿੰਦੂਆਂ ਨੂੰ ਸਦਾ ਨਾਲ ਰੱਖਣ ਦਾ ਯਤਨ ਕੀਤਾ ਤੇ ਦੇਸ਼ ਪ੍ਰਤੀ ਹਮੇਸ਼ਾ ਵਫਾਦਾਰ ਰਹੇ। ਘਟਨਾਵਾਂ ਕਈ ਹਨ, ਜਿਨ੍ਹਾਂ ਦਾ ਵੇਰਵਾ ਵਿਸਥਾਰ ਮੰਗਦਾ ਹੈ। ਮਾਸਟਰ ਤਾਰਾ ਸਿੰਘ ਸ਼੍ਰੋਮਣੀ ਕਮੇਟੀ ਦੇ ਪ੍ਰਧਾਨਗੀ ਪਦ 'ਤੇ ਕਈ ਵਾਰ ਕਾਬਜ਼ ਹੋਏ। ਪਹਿਲੀ ਵਾਰ 12-10-1930 ਤੋਂ 17-06-1933, ਦੂਜੀ ਵਾਰ 13-06-1936 ਤੋਂ 19-11-1944, ਤੀਜੀ ਵਾਰ 07-02-1955 ਤੋਂ 21-05-1955, ਚੌਥੀ ਵਾਰ 16-10-1955 ਤੋਂ 16-11-1958, ਪੰਜਵੀਂ ਵਾਰ 07-03-1960 ਤੋਂ 30-04-1960, ਛੇਵੀਂ ਵਾਰ 10-03-1961 ਤੋਂ 11-03-1962 ਤਰੀਕ ਉਹ ਪ੍ਰਧਾਨ ਬਣੇ। 22 ਨਵੰਬਰ 1967 ਨੂੰ ਚੰਡੀਗੜ੍ਹ ਵਿਖੇ ਮਾਸਟਰ ਤਾਰਾ ਸਿੰਘ ਚੜ੍ਹਾਈ ਕਰ ਗਏ। ਉਨ੍ਹਾਂ ਦੀ ਮੌਤ ਨਾਲ ਸਿੱਖ ਸਿਆਸਤ ਦਾ ਇਕ ਅਧਿਆਇ ਖਤਮ ਹੋ ਗਿਆ।

ਖੁਸ਼ਖਬਰੀ ਖੁਸ਼ਖਬਰੀ ਖੁਸ਼ਖਬਰੀ
Dr. Bindra Clinic
Dental Care & Hair Transplant
COSMETIC - IMPLANT - RESTORATIVE
ਐੱਨ.ਆਰ.ਆਈ. ਵੀਰ ਜਦੋਂ ਵੀ ਪੰਜਾਬ ਆਉਣ ਤਾਂ ਵਾਜ਼ਿਬ ਰੇਟਾਂ 'ਤੇ ਆਪਣੇ ਦੰਦਾਂ ਦਾ ਇਲਾਜ ਅਤੇ ਹੇਅਰ ਟਰਾਂਸਪਲਾਂਟ ਕਰਾਓ।
HIG Flat No. 4, Ground Floor, Rajguru Nagar, Ludhiana
+91-95420-00009, 87109-00001
dr.simranpalsingh@yahoo.in
Dr. Simranpal Singh Bindra
M.D.S, Endodontist
Dr. Samarpan Kaur
B.D.S, M.H.M

Editorial Board
Chief Editor
Gurjatinder Singh Randhawa
Sub Editors
Sandeep Kumar
Amit Saini
Distributor
Jai Singh
Website
Nikhil

Punjab Mail USA
9883 Novara Way,
Elk Grove, CA 95757
Ph: 916-320-9444
Fax : 916-209-8726
Email : punjabmailusa@yahoo.com
web : www.punjabmailusa.com

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction.
ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

ਜੇ ਕਿਸ਼ਨਾ ਮੌੜ ਨਾ ਜੰਮਦਾ ਤੇ ਜਿਉਣਾ ਮੌੜ ਨਾ ਬਣਦਾ



ਬਰੁਨ ਕੌਰ ਮਾਨ
ਜਲੰਧਰ
(Punjab Mail USA)

ਇਹ ਗੱਲ ਸਾਨੂੰ ਸਮਝਣੀ ਪਏਗੀ ਕਿ ਮੌੜ ਫਿਲਮ ਇਕੱਲੀ ਮੌੜ ਭਰਾਵਾਂ ਦੀ ਹੀ ਨਹੀਂ, ਸਗੋਂ ਪਿੰਡ ਦੇ, ਤੇ ਨਾਲ ਦੇ ਸਾਰੇ ਬਹਾਦਰ ਸੂਰਮਿਆਂ ਦੀ ਫ਼ਿਲਮ ਹੈ... ਹਰ ਉਹ ਦਲੇਰ ਸੂਰਮੇ ਦੀ ਫਿਲਮ ਹੈ, ਜਿਨ੍ਹਾਂ ਨੇ ਹਾਕਮਾਂ ਦੀ ਬੇਇਨਸਾਫੀ ਨੂੰ ਟੱਕਰ ਦੇਣ ਦੇ ਲਈ ਵੱਡੇ ਤੋਂ ਵੱਡਾ ਤੇ ਨਿੱਕੇ ਤੋਂ ਨਿੱਕਾ ਯੋਗਦਾਨ ਦਿੱਤਾ।

ਮੈਂ ਸਮਝਦੀ ਹਾਂ ਕਿ ਇਹ ਫਿਲਮ ਉਹ ਤਾਕਤ ਸਾਬਿਤ ਹੋ ਸਕਦੀ ਹੈ, ਜੋ ਪੰਜਾਬੀ ਭਾਸ਼ਾ ਵਿਚ ਇਹੋ ਜਿਹੀਆਂ ਫ਼ਿਲਮਾਂ ਦੀ ਪਿਰਤ ਨੂੰ ਦੁਬਾਰਾ ਤੋਰ ਸਕੇਗੀ।

ਜੇਕਰ ਕਿਸ਼ਨਾ ਕੋਈ ਹੋਰ ਹੁੰਦਾ ਹੈ ਤੇ ਕਿਵੇਂ ਪਤਾ ਲੱਗਦਾ ਸੱਚੀਮੁੱਚੀ ਕਿਸ਼ਨਾ ਮੌੜ ਕਿ ਸੀ?

ਮੇਰੇ ਕਹਿਣ ਦਾ ਭਾਵ ਇਹ ਹੈ ਕਿ ਫ਼ਿਲਮ ਦੇਖਣ ਤੋਂ ਪਹਿਲਾਂ ਮੈਂ ਸੋਚਦੀ ਸੀ ਕਿ ਕਾਸ਼ ਜਿਉਣਾ ਮੌੜ ਦਾ ਕਿਰਦਾਰ ਦੇਵ ਖਰੌੜ ਕਰਦੇ, ਪਰ ਫਿਲਮ ਨੂੰ ਦੇਖਣ ਤੋਂ ਬਾਅਦ ਤੁਹਾਡਾ ਨਜ਼ਰੀਆ ਬਦਲ ਜਾਂਦਾ ਹੈ.. ਜੇਕਰ ਦੇਵ ਮੌੜਾਂ ਦਾ ਕਿਸ਼ਨਾ ਨਾ ਹੁੰਦਾ, ਤਾਂ ਸਿਨਮਾ ਹਾਲ ਵਿਚ ਬੈਠੇ ਦਰਸ਼ਕਾਂ ਨੂੰ ਸਮਝ ਹੀ ਨਾ ਲੱਗਦੀ ਕੀ ਕਿਸ਼ਨਾ ਮੌੜ ਕੀ ਸੀ।

ਦੇਵ ਬਾਈ ਜਿਹੜੀ ਕਿਸ਼ਨੇ ਦੇ ਕਿਰਦਾਰ ਵਿਚ ਜਾਨ ਪਾਈ ਹੈ, ਉਸ ਨੇ ਦੱਸ ਦਿੱਤਾ ਕਿ ਜੇ ਕਿਸ਼ਨਾ ਨਾ ਜੰਮਦਾ ਤੇ ਜਿਉਣਾ ਨਾ ਬਣਦਾ...

ਤੁਸੀਂ ਸਿਨਮਾ ਹਾਲ ਦੇ ਵਿਚ ਬੈਠੇ ਆਹੀ ਕਹੀ ਜਾਓਗੇ ਕੀ ਵਾਹ!! ਆਹ ਕਿਰਦਾਰ ਕਿੰਨਾ ਸਹੀ ਹੈ, ਉਹ ਕਿਰਦਾਰ ਕਿੰਨਾ ਸਹੀ ਹੈ.... ਹਰ ਇੱਕ ਕਿਰਦਾਰ ਦੀ ਬਹੁਤ ਅਹਿਮੀਅਤ ਸੀ। ਤੁਸੀਂ ਕਹਿ ਨਹੀਂ ਸਕਦੇ ਕਿ ਆਹ ਕਿਰਦਾਰ ਦੀ ਕੀ ਜ਼ਰੂਰਤ ਸੀ? ਜਾਂ ਫਿਰ ਇਸ ਕਿਰਦਾਰ ਨੂੰ ਫ਼ਿਲਮ ਵਿਚ ਕਿਉਂ ਸ਼ਾਮਲ ਕੀਤਾ ਗਿਆ? ਮੌੜ ਭਰਾਵਾਂ ਦੀ ਭੈਣ ਜਦੋਂ ਪੰਜਾਬੀ ਬੋਲਦੀ ਸੀ, ਲੱਗਦਾ ਸੀ ਕਿ ਇਸ ਨੂੰ ਪੰਜਾਬੀ ਬੋਲੀ ਵਿਚ ਦਿੱਕਤ ਹੈ, ਆਵਾਜ਼ ਵਿਚ ਦੇਸੀਪੁਣਾ ਘੱਟ ਲੱਗਾ। ਪਰ ਫ਼ੇਰ ਵੀ ਉਸ ਕਿਰਦਾਰ ਨੇ ਪੰਜਾਬੀ ਬੋਲਣ ਦੀ ਪੂਰੀ ਕੋਸ਼ਿਸ਼ ਕੀਤੀ.. ਵਧੀਆ ਲੱਗਾ..



ਮੌੜ ਫਿਲਮ ਨੇ ਸਾਨੂੰ ਸਾਡੀ ਮਾਂ ਬੋਲੀ ਦੇ ਵਿਚ ਦੱਸ ਦਿੱਤਾ ਕਿ ਹਰ ਇਨਸਾਨ ਦੀ ਕੀ ਅਹਿਮੀਅਤ ਹੁੰਦੀ ਹੈ, ਜਦੋਂ ਜ਼ੁਲਮ ਦੇ ਖਿਲਾਫ਼ ਅਵਾਜ਼ ਚੁੱਕੀ ਜਾਂਦੀ ਹੈ।

ਬੇਸ਼ੱਕ ਮੂਹਰੇ ਨਾਇਕ ਇਕ ਹੋਵੇ ਪਰ ਬਾਕੀਆਂ ਦੀ ਭਾਗੀਦਾਰੀ ਨੂੰ ਕਦੇ ਵੀ ਨਕਾਰਿਆ ਨਹੀਂ ਜਾ ਸਕਦਾ...

ਇਸ ਫਿਲਮ ਨੇ ਸਾਰੇ ਮੌੜਾਂ ਨੂੰ, ਸਾਰੇ ਸੂਰਬੀਰਾਂ ਨੂੰ ਨਾਇਕ ਬਣਾ ਕੇ ਪੇਸ਼ ਕੀਤਾ।

ਮੇਰਾ ਦਿਲ ਕਰਦਾ ਹੈ ਲਿਖਾਂ ਕਿ ਫ਼ਿਲਮ ਦੇ ਵਿਚ ਇਕ ਨਹੀਂ, ਸਗੋਂ ਕਈ ਨਾਇਕ-ਨਾਇਕਾਵਾਂ ਸਨ।

ਉਹ ਹੋ, ਇਹ ਕਿਦਾਂ ਭੁੱਲ ਗਈ!!! ਜੈਸਮੀਨ ਸੈਂਡਲਸ ਖ਼ੌਰੇ ਕਿੰਨਿਆਂ ਦੇ ਦਿਲ ਕੱਢ ਲਏ ਹੋਣੇ। ਕਸਟਿਊਮਜ਼ ਦਾ ਕੰਮ ਕਮਾਲ ਦਾ।

ਬੱਸ ਇਹ ਗੱਲ ਸਮਝ ਨਹੀਂ ਆਈ ਕਿ ਘੁੰਡ ਪੂਰਾ ਲੰਬਾ ਕਿਉਂ ਨਹੀਂ ਕੱਢਿਆ। ਕੀ ਉਦੋਂ ਘੁੰਡ ਲੰਬਾ ਨਹੀਂ ਸੀ ਕੱਢਦੇ ਹੁੰਦੇ!!!

ਬਾਕੀ ਕਸਟਿਊਮਜ਼ ਤਾਂ ਇਵੇਂ ਲੱਗਦੇ ਸੀ, ਜਿਵੇਂ ਉਸ ਜ਼ਮਾਨੇ 'ਚ ਹੀ ਖਰੀਦੇ ਹੋਣ..

ਮੌੜ ਟੀਮ ਦਾ ਹਰ ਇੱਕ ਬੰਦਾ ਵਧਾਈ ਦਾ ਪਾਤਰ ਹੈ, ਏਨੀ ਬਰੀਕੀ ਨਾਲ ਨਿੱਕਾ-ਨਿੱਕਾ ਵੇਰਵਾ ਕਮਾਲ।

ਰਿੱਝਦੀ ਤੌੜੀ ਦਾ ਸਾਗ ਟੁੱਟਣਾ, ਇਵੇਂ ਲੱਗਾ ਜਿਵੇਂ ਕਿਸੇ ਨੇ ਆਪਣੇ ਘਰ ਦੇ ਚੁੱਲ੍ਹੇ 'ਤੇ ਲੱਤ ਮਾਰੀ ਹੋਵੇ, ਮੱਝ ਨੂੰ ਗੋਲੀ ਲੱਗਣਾ, ਲੂੰ-ਕੰਡੇ ਖੜ੍ਹੇ ਕਰ ਗਿਆ। ਕਿਸ਼ਨੇ ਨੂੰ ਮਿਲਦਾ ਧੋਖਾ, ਜੀਊਣੇ ਦੇ ਜੀਜੇ ਦੀ ਯਾਰ-ਮਾਰ... ਕਿਸੇ ਗਰੀਬ ਦੇ ਘਰ ਨੂੰ ਲੱਗੀ ਅੱਗ .. ਹਰ ਇਕ ਸੀਨ 'ਤੇ ਵੱਖਰੇ-ਵੱਖਰੇ ਪ੍ਰਤੀਕਰਮ ਆਉਣੇ ਸੁਭਾਵਕ ਸਨ।

ਇਹੋ ਜਿਹੀਆਂ ਫ਼ਿਲਮਾਂ ਨੂੰ ਤੁਸੀਂ ਕੇਵਲ ਫਿਲਮ ਨਹੀਂ ਸਮਝ ਸਕਦੇ, ਇਹ ਉਹ ਦਰਦ ਹਨ, ਜੋ ਉਸ ਵੇਲੇ ਦੇ ਲੋਕਾਂ ਨੇ ਆਪਣੇ ਪਿੰਡੇ 'ਤੇ ਹੰਢਾਏ

ਕਹਿਣ ਨੂੰ ਹਾਕਮ ਪਰ ਉਸ ਵੇਲੇ ਦੇ ਜ਼ਾਲਮ ਇਹ ਨਿਰਦਈਪੁਣਾ ਗ਼ੁਰਬਤ ਹਢਾਉਂਦੇ ਲੋਕਾਂ ਨਾਲ ਕਰਦੇ ਸਨ। ਅੱਜ ਦੀ ਤਰੀਕ ਵਿਚ ਕਿਸੇ ਰਾਜਾ, ਕਿਸੇ ਜਗੀਰਦਾਰ ਤਾਨਾਸ਼ਾਹ ਵਾਲ਼ਾ ਵਤੀਰਾ ਸਾਡੀ ਕਲਪਨਾ ਤੋਂ ਵੀ ਪਰੇ ਹੈ, ਸੋਚ ਕੇ ਰੂਹ ਕੰਬਦੀ ਹੈ। ਤੇ ਉਨ੍ਹਾਂ ਵੇਲਿਆਂ 'ਚ ਸਾਡੇ ਬਹਾਦਰਾਂ ਨੇ, ਸਾਡੇ ਸੂਰਬੀਰਾਂ ਨੇ, ਸਾਡੇ ਮੌੜਾਂ ਨੇ, ਦਰਦਾਂ ਨੂੰ ਹੰਢਾਉਂਦੇ ਹੋਏ, ਸਭ ਕੁਝ ਕੁਰਬਾਨ ਕਰਦੇ ਹੋਏ, ਤਾਨਾਸ਼ਾਹ ਹਾਕਮਾਂ ਦੇ ਹਿੱਕ 'ਤੇ ਦੀਵੇ ਬਾਲੇ, ਇਹ ਕੋਈ ਆਮ ਗੱਲ ਨਹੀਂ ਸੀ। ਉਦੋਂ ਲੋਕਤੰਤਰ ਨਹੀਂ ਸੀ। ਲੋਕਤੰਤਰ ਤੋਂ ਭਾਵ ਸਮਝਦੇ ਹੋ ਨਾ!!

ਦਿੱਲੀ ਦੇ ਹਵਾਈ ਅੱਡੇ ਦੀ ਦੀਵਾਲੀ

ਅਮਰਬੀਰ ਸਿੰਘ ਚੀਮਾ
ਸਰਹਿੰਦ ਸ਼ਹਿਰ, ਜ਼ਿਲ੍ਹਾ
ਫ਼ਤਿਹਗੜ੍ਹ ਸਾਹਿਬ
ਮੋਬਾਈਲ ਨੰ: 98889-40211
(Punjab Mail USA)

ਕੈਨੇਡਾ ਤੋਂ ਦੂਜਾ ਸਮੈਸਟਰ ਪੂਰਾ ਕਰਨ ਉਪਰੰਤ 31 ਮਾਰਚ, 2021 ਨੂੰ ਬੇਟੀ ਸਾਡੇ ਕੋਲ ਆ ਗਈ ਸੀ। ਕਰੋਨਾ ਕਾਰਨ ਕਲਾਸਾਂ ਉਧਰ ਵੀ ਹਾਲੇ ਆਨਲਾਈਨ ਹੀ ਚੱਲ ਰਹੀਆਂ ਸਨ। ਤੀਜਾ ਸਮੈਸਟਰ ਉਸਨੇ ਪੰਜਾਬ ਘਰੋਂ ਹੀ ਆਨਲਾਈਨ ਪਾਸ ਕਰ ਲਿਆ ਸੀ ਤੇ ਦੁਬਾਰਾ ਕੈਨੇਡਾ ਜਾਣ ਦੀਆਂ ਤਿਆਰੀਆਂ ਚੱਲ ਰਹੀਆਂ ਸਨ। ਕਰੋਨਾ ਕਾਰਨ ਟਿਕਟਾਂ ਦੁੱਗਣੇ-ਤਿੱਗਣੇ ਰੇਟ 'ਤੇ ਮਿਲ ਰਹੀਆਂ ਸਨ। ਏਜੰਟ ਅਨੁਸਾਰ ਦੀਵਾਲੀ ਵਾਲੀ ਰਾਤ ਦੀ ਫਲਾਈਟ ਦੀ ਟਿਕਟ 10 ਕੁ ਹਜ਼ਾਰ ਰੁਪਏ ਸਸਤੀ ਮਿਲ ਰਹੀ ਸੀ, ਸੋ ਦੀਵਾਲੀ ਵਾਲੀ ਰਾਤ 5 ਨਵੰਬਰ, 2021 ਦੀ ਟਿਕਟ ਬੁੱਕ ਕਰਵਾ ਦਿੱਤੀ। ਅਸੀਂ ਦੀਵਾਲੀ 3 ਨਵੰਬਰ ਨੂੰ ਹੀ ਮਨਾ ਲਈ।

ਕਰੋਨਾ ਗਾਈਡਲਾਈਨਜ਼ ਅਨੁਸਾਰ ਫਲਾਈਟ ਤੋਂ 18 ਘੰਟੇ ਪਹਿਲਾਂ ਏਅਰਪੋਰਟ ਪਹੁੰਚਣਾ ਜ਼ਰੂਰੀ ਸੀ। ਇਥੇ ਹੀ ਕਰੋਨਾ ਦਾ ਟੈਸਟ ਹੋਣਾ ਸੀ। ਬੇਟੀ ਨੂੰ ਵਿਦੇਸ਼ ਭੇਜਣ ਦੇ ਫਿਕਰ ਦੇ ਨਾਲ-ਨਾਲ ਕਰੋਨਾ ਦਾ ਵੀ ਓਨਾ ਹੀ ਫਿਕਰ ਸੀ, ਕਿਉਂਕਿ ਰਿਪੋਰਟ ਪਾਜ਼ੀਟਿਵ ਆਉਣ 'ਤੇ ਨਾ ਤਾਂ ਉਨ੍ਹਾਂ ਜਹਾਜ਼ ਚੜ੍ਹਨ ਦੇਣਾ ਸੀ ਤੇ ਨਾ ਹੀ ਟਿਕਟ ਦੇ ਪੈਸੇ ਵਾਪਸ ਮਿਲਣੇ ਸਨ। ਸੋ ਟਿਕਟ ਦੇ ਨਾਲ ਕਰੋਨਾ ਟੈਸਟ ਦੀ ਆਨਲਾਈਨ ਬੁਕਿੰਗ ਤੋਂ ਇਲਾਵਾ ਭਤੀਜੇ ਦੀਪਕੰਵਲ ਨੇ ਏਅਰਪੋਰਟ ਦੇ ਨੇੜੇ ਹੀ ਇੱਕ ਹੋਟਲ 'ਚ ਆਨਲਾਈਨ ਕਮਰਾ ਵੀ ਬੁੱਕ ਕਰਵਾ ਦਿੱਤਾ ਸੀ। ਆਉਂਦੇ-ਆਉਂਦੇ ਦੀਵਾਲੀ ਵਾਲਾ ਦਿਨ ਵੀ ਆ ਗਿਆ, ਜਦੋਂ ਦਿੱਲੀਓਂ ਜਹਾਜ਼ ਫੜਨਾ ਸੀ। ਇਸ ਵਾਰ ਫੇਰ ਘਬਰਾਹਟ ਦੀਆਂ ਗੋਲੀਆਂ ਖਾ ਕੇ ਮਨ ਟਿਕਾਣੇ ਕਰੀ ਰੱਖਿਆ।

ਦੀਵਾਲੀ ਵਾਲੇ ਦਿਨ ਸਵੇਰੇ 7 ਕੁ ਵਜੇ ਮੈਂ ਤੇ ਮੇਰੀ ਪਤਨੀ ਆਪਣੀ ਕਾਰ 'ਚ ਹੀ ਬੇਟੀ ਨੂੰ ਛੱਡਣ ਲਈ ਚੱਲ ਪਏ। ਸਿੰਘੂ ਬਾਰਡਰ ਵਿਖੇ ਅੰਦੋਲਨ 'ਚ ਬੈਠੇ ਕਿਸਾਨਾਂ ਕੋਲੋਂ ਲੰਘ ਦੁਪਹਿਰੇ 12 ਕੁ ਵਜੇ ਦਿੱਲੀ ਏਅਰਪੋਰਟ ਪਹੁੰਚ ਗਏ। ਏਅਰਪੋਰਟ ਦੀ ਕਾਰ ਪਾਰਕਿੰਗ 'ਚ ਹੀ ਕਰੋਨਾ ਟੈਸਟ ਲਈ ਸੈਂਪਲ ਲੈਣ ਵਾਲਿਆਂ ਦੀ ਟੀਮ ਬੈਠੀ ਸੀ। ਉਨ੍ਹਾਂ ਨੂੰ ਸੈਂਪਲ ਦੇ ਕੇ ਅਸੀਂ ਤਿੰਨੇ ਹੋਟਲ ਵਾਲੇ ਕਮਰੇ 'ਚ ਆ ਗਏ। ਇੱਥੇ ਬਾਜ਼ਾਰ 'ਚ ਪੂਰੀਆਂ ਰੌਣਕਾਂ ਸਨ ਪਰ ਅਸੀਂ ਤਿੰਨੇ ਸੰਖੇਪ ਵਿਚ ਹੀ ਆਪਸ 'ਚ ਗੱਲਾਂ ਕਰ ਰਹੇ ਸੀ। ਆਪਾਂ ਜਾਣਦੇ ਹੀ ਹਾਂ ਕਿ ਦੀਵਾਲੀ ਵਾਲੇ ਦਿਨ ਸਾਰਿਆਂ ਦੀ ਆਪੋ-ਆਪਣੇ ਘਰ ਪਰਤਣ ਦੀ ਰੀਝ ਹੁੰਦੀ ਹੈ ਪਰ ਅਸੀਂ ਆਪਣੀ ਮਾਸੂਮ ਜਿਹੀ ਬਾਲੜੀ ਨੂੰ ਕਰੋਨਾ ਮਹਾਂਮਾਰੀ ਦੇ ਚੱਲਦਿਆਂ ਦੀਵਾਲੀ ਦੀ ਰਾਤ ਕੈਨੇਡਾ ਵਾਲਾ ਜਹਾਜ਼ ਚੜ੍ਹਾਉਣ ਗਏ ਹੋਏ ਸੀ। ਅੱਧੇ-ਪੌਣੇ ਘੰਟੇ ਬਾਅਦ ਹੀ ਕਰੋਨਾ ਟੈਸਟ ਦੀ ਨੈਗੇਟਿਵ ਰਿਪੋਰਟ ਦੀ ਮੇਲ ਆ ਗਈ, ਜਿਸ ਨੂੰ ਦੇਖ ਮਨ 'ਚੋਂ ਇੱਕ ਟੈਨਸ਼ਨ ਘਟੀ। ਰਿਪੋਰਟ ਦਾ ਪ੍ਰਿੰਟ ਕਢਵਾਉਣ ਪੈਦਲ ਹੀ ਬਾਜ਼ਾਰ ਵੱਲ ਚਲੇ ਗਏ, ਜਿਥੋਂ ਕੁਝ ਸਾਮਾਨ ਵੀ ਖਰੀਦਿਆ। ਹੁਣ ਰਾਤੀ 10 ਵਜੇ ਏਅਰਪੋਰਟ ਰਿਪੋਰਟ ਕਰਨਾ ਸੀ, ਜੋ ਕਿ ਇਥੋਂ 10 ਮਿੰਟ ਦੀ ਦੂਰੀ 'ਤੇ ਹੀ ਸੀ। ਸਵੇਰੇ ਦੇ ਥੱਕੇ ਹੋਣ ਕਾਰਨ ਪ੍ਰਿੰਟਆਊਟ ਕਢਵਾਉਣ ਉਪਰੰਤ ਵਾਪਸ ਕਮਰੇ 'ਚ ਆ ਕੇ ਕੁਝ ਦੇਰ ਲਈ ਆਰਾਮ ਕੀਤਾ।

ਦਿੱਲੀ ਵਾਲੇ ਬਿਦਰੀ ਮਿੱਤਰ ਨੀਰਜ ਦਾ ਘਰ ਏਅਰਪੋਰਟ ਤੋਂ ਨੇੜੇ ਹੀ ਹੈ, ਇਸ ਲਈ ਆਪਣੇ ਦਿੱਲੀ ਆਉਣ ਬਾਬਤ ਉਸਨੂੰ ਦੱਸਿਆ ਹੋਇਆ ਸੀ। ਸ਼ਾਮ ਸਮੇਂ ਉਹ ਆਪਣੇ ਬੇਟੇ ਨਾਲ ਮਿਠਾਈਆਂ ਦੇ ਡੱਬੇ ਲੈ ਕੇ ਹੋਟਲ ਪਹੁੰਚ ਗਿਆ, ਸ਼ਾਇਦ ਉਹ ਸਾਡੇ ਮਨ ਦੀ ਟੀਸ ਪਛਾਣ ਗਿਆ ਸੀ। ਦਿੱਲੀ ਦੇ ਉਸ ਹੋਟਲ ਦੇ ਕਮਰੇ 'ਚ ਨੀਰਜ ਹੋਰਾਂ ਨਾਲ ਹੀ ਰਸਮੀ ਜਿਹੀ ਦੀਵਾਲੀ ਮਨਾਈ। ਉਨ੍ਹਾਂ ਦੇ ਵਾਪਸ ਜਾਣ ਉਪਰੰਤ ਹੋਟਲ ਵਾਲਿਆਂ ਨੇ ਸਾਨੂੰ ਰਿਸੈਪਸ਼ਨ 'ਤੇ ਬੁਲਾ ਕੇ ਦੀਵਾਲੀ ਦਾ ਮੱਥਾ ਟੇਕਿਆ ਤੇ ਇੱਕ ਦੂਜੇ ਦਾ ਮੂੰਹ ਮਿੱਠਾ ਕਰਵਾਇਆ। ਹੋਟਲ ਦਾ ਸਟਾਫ ਵੀ ਦੀਵਾਲੀ ਦੀ ਰਾਤ ਸਾਡੇ ਵਾਂਗ ਘਰੋਂ ਬਾਹਰ ਹੀ ਸੀ। ਇਸ ਤਰ੍ਹਾਂ ਇਹ ਦੀਵਾਲੀ ਯਾਦਗਾਰ ਦੀਵਾਲੀ ਵਜੋਂ ਚੇਤਿਆਂ 'ਚ ਰਹੇਗੀ। ਰਾਤੀ 10 ਵਜੇ ਰਸ਼ਮੀਤ ਬੇਟੀ ਨੂੰ ਛੱਡਣ ਦੁਬਾਰਾ ਫੇਰ ਏਅਰਪੋਰਟ ਚਲੇ ਗਏ। ਘੰਟੇ ਕੁ ਬਾਅਦ ਬੇਟੀ ਦਾ ਅੰਦਰੋਂ ਓ.ਕੇ. ਦਾ ਫੋਨ ਆਉਣ ਉਪਰੰਤ ਵਾਪਸ ਕਮਰੇ 'ਚ ਆ ਕੇ ਚੁੱਪਚਾਪ ਸੌਂ ਗਏ।

ਦੂਜੀ ਸਵੇਰ ਦਿੱਲੀ ਏਅਰਪੋਰਟ ਤੋਂ ਵਾਪਸ ਪਰਤਦਿਆਂ ਸਰਦਾਰਨੀ ਦੀ ਦਿੱਲੀ ਵਾਲੀ ਮਾਸੀ ਦੇ ਘਰ ਚਲੇ ਗਏ। ਉਥੇ ਗੱਲਾਂਬਾਤਾਂ ਕਰਦਿਆਂ ਤੇ ਖਾਣਾ ਖਾਂਦਿਆਂ ਦੁਪਹਿਰ ਦੇ 3 ਵੱਜ ਗਏ। ਉਥੋਂ ਪੰਜਾਬ ਨੂੰ ਚਾਲੇ ਪਏ, ਰਸਤੇ 'ਚ ਅੰਬਾਲੇ ਕੋਲ ਕਿਸੇ ਢਾਬੇ 'ਤੇ ਰਾਤ ਦਾ ਖਾਣਾ ਖਾ ਰਹੇ ਸੀ ਕਿ ਬੇਟੀ ਦਾ ਕੈਨੇਡਾ ਪਹੁੰਚਣ ਦਾ ਫੋਨ ਵੀ ਆ ਗਿਆ। ਅਸੀਂ ਹਾਲੇ ਦਿੱਲੀ ਤੋਂ ਸਰਹਿੰਦ ਨਹੀਂ ਸਾਂ ਅੱਪੜੇ ਪਰ ਬੇਟੀ ਰਸ਼ਮੀਤ ਦਿੱਲੀਓਂ ਕੈਨੇਡਾ ਪਹੁੰਚ ਗਈ ਸੀ। ਕੈਨੇਡਾ ਏਅਰਪੋਰਟ ਤੋਂ ਮੇਰੀ ਮਾਸੀ ਦਾ ਮੁੰਡਾ ਰੋਮੀ ਉਸਨੂੰ ਆਪਣੇ ਘਰ ਲੈ ਗਿਆ, ਜਿੱਥੋਂ ਆਪਣਾ ਸਾਮਾਨ ਚੁੱਕ ਉਹ ਆਪਣੇ ਟਿਕਾਣੇ ਜਾ ਲੱਗੀ ਅਤੇ ਇੱਧਰ ਅਸੀਂ ਵੀ ਰਾਤੀ ਆਪਣੇ ਘਰ ਪਹੁੰਚ ਗਏ।

ਪ੍ਰਧਾਨ ਜੀ ਦੇ ਨਾਮ ਪੱਤਰ

ਸਰਵਜੀਤ ਸਿੰਘ
ਸੈਕਰਾਮੈਂਟੋ
(Punjab Mail USA)

ਸ. ਹਰਜਿੰਦਰ ਸਿੰਘ ਧਾਮੀ,
ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ,
ਵਾਹਿਗੁਰੂ ਜੀ ਕਾ ਖਾਲਸਾ।
ਵਾਹਿਗੁਰੂ ਜੀ ਕੀ ਫ਼ਤਿਹ।

ਵਿਸ਼ਾ:- ਸ੍ਰੀ ਅਕਾਲ ਤਖਤ ਸਾਹਿਬ ਦਾ ਸਿਰਜਣਾ ਦਿਹਾੜਾ।

ਸ. ਹਰਜਿੰਦਰ ਸਿੰਘ ਧਾਮੀ ਜੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਾਰੀ ਕੀਤੇ ਗਏ ਸੰਮਤ 555 ਨਾਨਕਸ਼ਾਹੀ (2023-24 ਈ:) ਦੇ ਕੈਲੰਡਰ ਵਿਚ ਸ੍ਰੀ ਅਕਾਲ ਤਖਤ ਸਾਹਿਬ ਦਾ ਸਿਰਜਣਾ ਦਿਹਾੜਾ 25 ਜੇਠ (8 ਜੂਨ) ਦਾ ਦਰਜ ਹੈ। ਸ਼੍ਰੋਮਣੀ ਕਮੇਟੀ ਵੱਲੋਂ ਇਸ ਦਿਨ ਹੀ ਮਨਾਇਆ ਗਿਆ ਹੈ। ਪਰ ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਜਾਰੀ ਕੀਤੇ ਗਏ ਪਿਛਲੇ ਇਕ ਦਹਾਕੇ ਦੇ ਕੈਲੰਡਰ ਵੇਖੇ ਤਾਂ ਹਰ ਸਾਲ, ਸ੍ਰੀ ਅਕਾਲ ਤਖਤ ਸਾਹਿਬ ਦਾ ਸਿਰਜਣਾ ਦਿਹਾੜਾ 18 ਹਾੜ ਦਾ ਦਰਜ ਹੈ। ਜੇ ਪਿਛਲੇ ਸਾਲਾਂ ਵਿਚ ਇਹ ਇਤਿਹਾਸਿਕ ਦਿਹਾੜਾ, ਹਰ ਸਾਲ 18 ਹਾੜ ਨੂੰ ਮਨਾਇਆ ਜਾਂਦਾ ਰਿਹਾ ਹੈ, ਤਾਂ ਇਸ ਸਾਲ 25 ਜੇਠ ਨੂੰ ਮਨਾਇਆ ਜਾਣਾ, ਹੈਰਾਨੀਜਨਕ ਹੀ ਨਹੀਂ ਕਈ ਸਵਾਲ ਵੀ ਖੜ੍ਹੇ ਕਰਦਾ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਦੇ ਸਾਜਣਾ ਦਿਹਾੜੇ ਦਾ ਪ੍ਰਵਿਸ਼ਟਾ ਅਚਾਨਕ ਕਿਵੇਂ ਬਦਲ ਗਿਆ ਹੈ? ਕੀ ਇਹ ਪਰੂਫ਼ ਰੀਡਰ ਜਾਂ ਛਾਪੇ ਖ਼ਾਨੇ ਦੀ ਗਲਤੀ ਹੈ? ਕੀ ਇਤਿਹਾਸਕਾਰਾਂ ਵੱਲੋਂ ਕੀਤੀ ਗਈ ਨਵੀਂ ਖੋਜ ਦਾ ਸਿੱਟਾ ਹੈ? ਕੀ ਇਹ ਤਾਰੀਖ ਕਿਸੇ ਕਮੇਟੀ, ਸਬ-ਕਮੇਟੀ ਦੀਆਂ ਸਿਫ਼ਾਰਿਸ਼ਾਂ ਮੁਤਾਬਕ ਬਦਲੀ ਗਈ ਹੈ? ਜਾਂ ਇਹ ਕਿਸੇ ਸਾਜ਼ਿਸ਼ ਦਾ ਹਿੱਸਾ ਹੈ?



ਸੰਮਤ ਨਾਨਕਸ਼ਾਹੀ	ਅਕਾਲ ਤਖ਼ਤ ਸਾਹਿਬ ਦਾ ਸਿਰਜਣਾ ਦਿਹਾੜਾ	
	ਪ੍ਰਵਿਸ਼ਟਾ	ਤਾਰੀਖ
546	18 ਹਾੜ	2 ਜੁਲਾਈ
547	18 ਹਾੜ	2 ਜੁਲਾਈ
548	18 ਹਾੜ	1 ਜੁਲਾਈ
549	18 ਹਾੜ	2 ਜੁਲਾਈ
550।	18 ਹਾੜ	2 ਜੁਲਾਈ
551	18 ਹਾੜ	2 ਜੁਲਾਈ
552	18 ਹਾੜ	1 ਜੁਲਾਈ
553	18 ਹਾੜ	2 ਜੁਲਾਈ
554	18 ਹਾੜ	2 ਜੁਲਾਈ
555	25 ਜੇਠ	8 ਜੂਨ

ਸਤਿਕਾਰਯੋਗ ਪ੍ਰਧਾਨ ਜੀ, ਆਪ ਜੀ ਮੇਰੇ ਨਾਲ ਸਹਿਮਤ ਹੋਵੋਗੇ ਕਿ ਬਹੁਤ ਹੀ ਅਹਿਮ ਦਿਹਾੜੇ ਦੀ ਤਾਰੀਖ ਨੂੰ ਬਦਲ ਦੇਣਾ, ਕੋਈ ਸਾਧਾਰਨ ਗੱਲ ਨਹੀਂ ਹੈ। ਇਹ ਬਹੁਤ ਹੀ ਫਿਕਰ ਵਾਲੀ ਗੱਲ ਹੈ। ਮੈਨੂੰ ਪੂਰੀ ਆਸ ਹੈ ਕਿ ਇਹ ਜਾਣ ਕੇ, ਆਪ ਜੀ ਮੇਰੇ ਤੋਂ ਵੀ ਵੱਧ ਚਿੰਤਤ ਹੋਵੋਗੇ। ਬੇਨਤੀ ਹੈ ਕਿ ਸ੍ਰੀ ਅਕਾਲ ਤਖਤ ਸਾਹਿਬ ਦਾ ਸਿਰਜਣਾ ਦਿਹਾੜੇ ਦੀ ਤਾਰੀਖ ਨਾਲ ਛੇੜਛਾੜ ਕਰਨ ਦੇ ਕਾਰਨਾਂ ਦੀ ਪੜਤਾਲ ਕਰਵਾਈ ਜਾਵੇ। ਜੇ ਕੋਈ ਅਣਗਹਿਲੀ ਜਾਂ ਸਾਜ਼ਿਸ਼ ਹੋਈ ਹੋਵੇ, ਤਾਂ ਜ਼ਿੰਮੇਵਾਰ ਵਿਅਕਤੀਆਂ ਖਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇ। ਜੇ ਤਾਰੀਖ ਬਦਲੀ ਕਰਨ ਦਾ ਕੋਈ ਠੋਸ ਕਾਰਨ ਹੋਵੇ, ਤਾਂ ਉਹ ਸੰਗਤਾਂ ਨਾਲ ਸਾਂਝਾ ਕੀਤਾ ਜਾਵੇ।

ਧੰਨਵਾਦ
ਸਤਿਕਾਰ ਸਹਿਤ
ਸਰਵਜੀਤ ਸਿੰਘ ਸੈਕਰਾਮੈਂਟੋ
25 ਜੇਠ, ਸੰਮਤ 555 ਨਾਨਕਸ਼ਾਹੀ
(8 ਜੂਨ, 2023 ਈ:)

ਪ੍ਰਦੇਸ਼ ਦੀ ਤਾਂਘ..

ਸਿੰਦਰ ਸਿੰਘ ਮੀਰਪੁਰੀ
ਫਰਿਜ਼ਨੋ
559-285-0841
(Punjab Mail USA)

ਲੰਘੇ ਸਮੇਂ ਜਦੋਂ ਅਸਮਾਨ ਵਿਚ ਉੱਡਦੇ ਕਿਸੇ ਜਹਾਜ਼ ਨੂੰ ਵੇਖਦੇ ਸੀ, ਤਾਂ ਮਨ ਅੰਦਰ ਇਕ ਵੱਖਰੀ ਤਰ੍ਹਾਂ ਦਾ ਸ਼ੌਕ ਪੈਦਾ ਹੁੰਦਾ ਸੀ ਕਿ ਅਸੀਂ ਇਸ ਜਹਾਜ ਵਿਚ ਬੈਠ ਕੇ ਪਰਦੇਸ ਜਾ ਸਕੀਏ। ਅਸਮਾਨ ਵਿਚ ਉੱਡਦੇ ਜਹਾਜ਼ ਨੂੰ ਲੈ ਕੇ ਮਨ ਅੰਦਰ ਚੱਲ ਰਹੀ ਰੀਝ ਪੂਰੀ ਹੋਣ ਦਾ ਸਮਾਂ ਆਇਆ ਤਾਂ ਵਰ੍ਹੇ ਬੀਤ ਗਏ ਪਤਾ ਹੀ ਨਾ ਲੱਗਿਆ ਕਿ ਕਦੋਂ ਵਿਦੇਸ਼ ਵਿਚ ਪਹੁੰਚ ਕੇ ਆਪਣੇ ਮਨ ਦੀਆਂ ਸੱਧਰਾਂ ਨੂੰ ਪੂਰਾ ਕਰਨ ਦਾ ਮੌਕਾ ਮਿਲਿਆ ਅਤੇ ਬਹੁਤ ਸਾਰੇ ਨਾਲ ਗਿਆ ਨੂੰ ਅਤੇ ਨਾਲ ਹੀ ਆਪਣੇ ਪ੍ਰਵਾਰਾਂ ਨੂੰ ਪਾਲਣ ਤੱਕ ਸਮਾਂ ਬੀਤਦਾ ਰਿਹਾ। ਪਹਿਲਾਂ ਸਾਰੇ ਦੋਸਤ-ਮਿੱਤਰ ਜਦੋਂ ਰਲ਼ ਕੇ ਬੈਠਦੇ ਸੀ, ਤਾਂ ਪਹਿਲਾਂ ਮਨ ਅੰਦਰ ਇਕ ਰੀਝ ਹੁੰਦੀ ਸੀ ਕਿ ਖਬਰੇ ਵਿਦੇਸ਼ ਜਾਵਾਂਗੇ ਜਾਂ ਨਹੀਂ ਪਰ ਹੁਣ ਦਹਾਕੇ ਬੀਤ ਚੁੱਕੇ ਨੇ ਪਰਦੇਸੀਆਂ ਨੂੰ ਆਪਣੇ ਵਤਨ ਤੋਂ ਪਰਤਿਆ। ਮੁੜ ਕੇ ਕਦੇ ਵੀ ਫੇਰਾ ਨਹੀਂ ਪਾਇਆ ਗਿਆ। ਜਾਂ ਇੰਝ ਆਖ ਲਈਏ ਕਿ ਘਰ ਦੇ ਬੋਝ ਨੇ ਅਸਮਾਨ ਤੋਂ ਹੇਠਾਂ ਵਾਪਸ ਆਉਣ ਹੀ ਨਹੀਂ ਦਿੱਤਾ।

ਕੁਝ ਵੀ ਹੋਵੇ ਪਰ ਵਿਦੇਸ਼ ਦਾ ਚਾਅ ਮਨ ਵਿਚ ਸੀ, ਜਦੋਂ ਲੋਕਾਂ ਨੂੰ ਵੇਖਦੇ ਸੀ ਕਿ ਫਲਾਣੇ ਦਾ ਮੁੰਡਾ ਵਿਦੇਸ਼ ਵਿਚ ਬੈਠਾ ਹੈਂ, ਤਾਂ ਆਪਣੇ ਮਨ ਅੰਦਰ ਵਿਚ ਵੀ ਇਕ ਇੱਛਾ ਪੈਦਾ ਹੁੰਦੀ ਸੀ, ਜੋ ਭਾਵੇਂ ਹੌਲੀ-ਹੌਲੀ ਪੂਰੀ ਤਾਂ ਹੋਈ ਪਰ ਆਖਰ ਖਤਮ ਵੀ ਨਾਲੋਂ-ਨਾਲ ਹੁੰਦੀ ਚਲੀ ਗਈ। ਕਿਉਂਕਿ ਵਿਦੇਸ਼ਾਂ ਅੰਦਰ ਰਹਿ ਕੇ ਕਿਹੜਾ ਇਨਸਾਨ ਆਪਣੇ ਵਤਨ ਵਰਗਾ ਮਹਿਸੂਸ ਕਰ ਸਕਦਾ ਹੈ। ਇਹ ਠੀਕ ਹੈ ਕਿ ਸਾਡੇ ਇੱਥੇ ਸਰਕਾਰਾਂ ਨੇ ਮਾੜਾ ਹਾਲ ਕੀਤਾ ਹੈ ਪਰ ਕੁਝ ਵੀ ਹੋਵੇ ਉਸਨੂੰ ਕਦੇ ਵੀ ਮਾੜਾ ਨਹੀਂ ਕਿਹਾ ਜਾ ਸਕਦਾ। ਬਹੁਤ ਸਾਰੇ ਵਿਅਕਤੀਆਂ ਨੂੰ ਵਿਦੇਸ਼ ਵਿਚ ਪਹੁੰਚਿਆ ਲੰਬਾ ਸਮਾਂ ਬੀਤ ਚੁੱਕਿਆ ਹੈ, ਉਨ੍ਹਾਂ ਦੇ ਬੱਚੇ ਬੱਚੀਆਂ ਕੰਮ ਕਰ ਰਹੇ ਹਨ। ਸਰਕਾਰਾਂ ਚੰਗੀਆਂ ਹੋਣ ਜਾਂ ਮਾੜੀਆਂ ਇਹ ਵਿਸ਼ਾ ਵੀ ਵੱਖਰਾ ਹੈ ਪਰ ਪਰਦੇਸ ਦੀ ਤਾਂਘ ਹਰ ਇਨਸਾਨ ਦੇ ਮਨ ਵਿਚ ਸੀ, ਜੋ ਸਮਾਂ ਆਉਣ 'ਤੇ ਪੂਰੀ ਹੋਈ ਤਾਂ ਨਾਲੋਂ-ਨਾਲ ਹੋਰ ਬਹੁਤ ਕੁਝ ਹਰ ਇਨਸਾਨ ਦੀ ਜ਼ਿੰਦਗੀ ਦੇ ਵਿਚ ਆ ਗਿਆ।

ਅੱਜਕੱਲ੍ਹ ਪੰਜਾਬ ਤੋਂ ਬਹੁਤ ਸਾਰੇ ਨੌਜਵਾਨ ਵਿਦੇਸ਼ਾਂ ਦੇ ਵਿਚ ਪੜ੍ਹਨ ਆਉਂਦੇ ਹਨ, ਉਨ੍ਹਾਂ ਦੇ ਨਾਲ ਵਾਪਰਿਆ ਭਾਣਾ ਵੀ ਬੇਹੱਦ ਦੁਖਦਾਈ ਹੈ। ਪੰਜਾਬ ਦੇ ਨੌਜਵਾਨ ਕਰਜ਼ੇ ਚੁੱਕ ਕੇ ਵਿਦੇਸ਼ ਦੀ ਧਰਤੀ 'ਤੇ ਪਹੁੰਚ ਰਹੇ ਹਨ, ਬਹੁਤ ਸਾਰੇ ਵੱਲੋਂ ਜ਼ਮੀਨਾਂ ਵੇਚ ਕੇ ਆਪਣੇ ਪਰਿਵਾਰਾਂ ਦੀ ਪ੍ਰਾਪਰਟੀ ਵੇਚ ਵਿਦੇਸ਼ ਵੱਲ ਨੂੰ ਮੂੰਹ ਕੀਤਾ ਹੈ, ਖ਼ੈਰ ਇਹ ਉਨ੍ਹਾਂ ਦੀ ਆਪਣੀ ਮਰਜ਼ੀ ਹੈ ਕਿ ਉਨ੍ਹਾਂ ਨੇ ਕੀ ਕੀਤਾ ਹੈ ਜਾਂ ਅਗਲੇ ਸਮੇਂ ਵਿਚ ਕਰਨਾ ਹੈ। ਪਰ ਹੁਣ ਇਥੇ ਵੀ ਹਾਲਾਤ ਸਾਜ਼ਗਾਰ ਨਹੀਂ ਹਨ, ਬਹੁਤ ਸਾਰੀਆਂ ਥਾਵਾਂ 'ਤੇ ਅਕਸਰ ਵੇਖਣ ਵਿਚ ਆਇਆ ਹੈ ਅਤੇ ਭਿਆਨਕ ਅਤੇ ਬੇਹੱਦ ਗਲਤ ਕੰਮ ਹੁੰਦਾ ਹੈ, ਜਿਸ ਦੇ ਨਾਲ ਅਕਸਰ ਨੌਜਵਾਨ ਪੀੜ੍ਹੀ ਟੁੱਟ ਜਾਂਦੀ ਹੈ ਅਤੇ ਨਤੀਜਾ ਮਾੜਾ ਹੁੰਦਾ ਹੈ। ਮਾਪਿਆਂ ਵੱਲੋਂ ਲੱਖਾਂ ਰੁਪਏ ਖਰਚ ਕੇ ਭੇਜੇ ਆਪਣੇ ਨੌਜਵਾਨ ਪੁੱਤਰ ਦੀ ਹਾਲਤ ਵੇਖ ਕੇ ਉਨ੍ਹਾਂ ਦੇ ਮਨ 'ਤੇ ਕੀ ਬੀਤਦੀ ਹੋਵੇਗੀ, ਇਹ ਸਾਨੂੰ ਸਾਰਿਆਂ ਨੂੰ ਪਤਾ ਹੈ। ਇੱਥੇ ਵੀ ਰਿਸ਼ਤੇ ਤੜਾਕ-ਤੜਾਕ ਕਰਕੇ ਟੁੱਟ ਰਹੇ ਹਨ। ਮਾਂ-ਪਿਓ ਦੀ ਕੋਈ ਕਦਰ ਘੱਟ ਹੀ ਕਰ ਰਿਹਾ ਹੈ। ਜਿਹੜੇ ਲੋਕ ਲੰਬੇ ਸਮੇਂ ਤੋਂ ਇੱਥੇ ਟਿਕੇ ਬੈਠੇ ਸੀ, ਉਨ੍ਹਾਂ ਦੀ ਗੱਲ ਤਾਂ ਠੀਕ ਹੈ ਪਰ ਕੁਝ ਸਮੇਂ ਤੋਂ ਵਿਦੇਸ਼ਾਂ ਵਿਚ ਆਇਆ ਦੀ ਹਾਲਤ ਕੋਈ ਬਹੁਤੀ ਵਧੀਆ ਨਹੀਂ।

ਕਰਜ਼ੇ ਚੁੱਕ ਕੇ ਮਕਾਨ ਬਣਾ ਲਏ ਅਤੇ ਪ੍ਰਾਪਟੀਆਂ ਲੈ ਲਈਆਂ, ਜਿਸ ਦੀਆਂ ਕਿਸ਼ਤਾਂ ਭਰਨੀਆਂ ਜਾਰੀ ਹਨ ਅਤੇ ਬਹੁਤ ਸਾਰੀਆਂ ਕਿਸ਼ਤਾਂ ਨਾਲ਼ ਦੀ ਨਾਲ਼ ਟੁੱਟ ਵੀ ਰਹੀਆਂ ਹਨ, ਉਨ੍ਹਾਂ ਨੂੰ ਕੋਈ ਕੰਮ ਵੀ ਨਹੀਂ ਮਿਲ ਰਿਹਾ ਹੈ। ਬਹੁਤ ਸਾਰਿਆਂ ਨੇ ਕਰਜ਼ਾ ਚੁੱਕ ਕੇ ਟਰਾਂਸਪੋਰਟ ਧੰਦੇ ਦੇ ਵਿਚ ਹੱਥ ਅਜ਼ਮਾਇਆ ਹੈ, ਇਕ ਤੋਂ ਵੱਧ ਕੇ ਟਰੱਕ ਲੈ ਲਏ ਹਨ। ਅੰਤ ਉਹ ਕੰਮ ਵੀ ਕਿਸੇ ਕੰਮ ਦਾ ਨਾ ਰਿਹਾ। ਬਹੁਤ ਸਾਰੇ ਸਾਥੀਆਂ ਦੀਆਂ ਕਿਸ਼ਤਾ ਟੁੱਟ ਰਹੀਆਂ ਹਨ ਅਤੇ ਘਰ ਵਿਆਜ਼ ਵਿਚ ਜਾ ਰਿਹਾ ਹੈ। ਮਕਾਨ ਬਣਾਏ ਸੀ, ਉਹ ਵੀ ਸੌਦਾ ਘਾਟੇ ਦਾ ਰਿਹਾ ਹੈ। ਬਹੁਤ ਸਾਰਿਆਂ ਨੇ ਆਪਣੇ ਕਾਰੋਬਾਰ ਕੀਤੇ ਸਨ, ਉਹ ਵੀ ਕਿਸੇ ਕੰਮ ਨਾ ਆਏ, ਸਟੋਰ ਵੀ ਘਾਟੇ ਦਾ ਸੌਦਾ ਸਾਬਤ ਹੋ ਰਹੇ ਹਨ। ਇਹ ਗੱਲ ਠੀਕ ਹੈ ਕਿ ਇਹ ਦੀ ਮਾਰ ਹੇਠ ਆਇਆ ਹੋਇਆ ਦਰਦ ਕਹਾਣੀ ਹੈ। ਪਰ ਕੁੱਲ ਮਿਲਾ ਕੇ ਹਾਲਾਤ ਮਾੜੇ ਹਨ। ਬਹੁਤ ਸਾਰੇ ਨੌਜਵਾਨ ਮੁੰਡੇ-ਕੁੜੀਆਂ ਦੇਹ ਵਪਾਰ ਦੇ ਧੰਦੇ ਵਿਚ ਫਸ ਕੇ ਬੁਰੀ ਤਰ੍ਹਾਂ ਲਿਪਤ ਹੋ ਚੁੱਕੇ ਹਨ।

ਜਿਨ੍ਹਾਂ ਗੱਲਾਂ ਨੂੰ ਲੈ ਕੇ ਅਸੀਂ ਪੰਜਾਬ ਤੋਂ ਬਾਹਰਲੇ ਮੁਲਕਾਂ ਵਿਚ ਆਏ ਸੀ, ਉਹੀ ਕੁਝ ਇਥੇ ਵੀ ਹੋ ਰਿਹਾ ਹੈ। ਹਰ ਰੋਜ਼ ਹੋ ਰਹੀਆਂ ਘਟਨਾਵਾਂ ਆਮ ਹੋ ਚੁੱਕੀਆਂ ਹਨ। ਬੰਦੇ ਮਾਰੇ ਜਾ ਰਹੇ ਹਨ। ਸਟੋਰਾਂ ਉੱਤੇ ਆਏ ਦਿਨ ਗੋਲੀਆਂ ਚੱਲਣ ਦੀਆਂ ਘਟਨਾਵਾਂ ਵਿਚ ਵੱਡੇ ਪੱਧਰ 'ਤੇ ਵਾਧਾ ਹੋ ਰਿਹਾ ਹੈ। ਕਿਸੇ ਨਾ ਕਿਸੇ ਸਟੋਰ ਉੱਤੇ ਬੋਲੀ ਲਾ ਕੇ ਲੁੱਟ-ਖੋਹ ਕੀਤੀ ਜਾਂਦੀ ਹੈ। ਬੰਦੇ ਮਾਰੇ ਜਾ ਰਹੇ ਹਨ। ਅਪਰਾਧਿਕ ਗਤੀਵਿਧੀਆਂ 'ਚ ਭੱਟਾ ਉਨ੍ਹਾਂ ਵਿਚ ਵਾਧਾ ਹੋਇਆ ਹੈ। ਲੁੱਟ-ਖੋਹ ਦੀਆਂ ਵਾਰਦਾਤਾਂ ਨੂੰ ਨੌਜਵਾਨਾਂ ਵੱਲੋਂ ਹਰ ਰੋਜ਼ ਅੰਜਾਮ ਦਿੱਤਾ ਜਾ ਰਿਹਾ ਹੈ। ਇਸ ਸਾਰੇ ਵਰਤਾਰੇ ਵਿਚ ਗੋਰੇ ਕਾਲ਼ੇ ਸਭ ਇਕੋ ਜਿਹੇ ਹਨ। ਜਿਹੜੀਆਂ ਚੀਜ਼ਾਂ ਤੋਂ ਡਰਦੇ ਪੰਜਾਬ ਵਿਚੋਂ ਆਏ ਸੀ, ਉਹੀ ਕੁਝ ਹੁਣ ਸ਼ਰੇਆਮ ਵਾਪਰ ਰਿਹਾ ਹੈ। ਬਜ਼ੁਰਗ ਵਿਅਕਤੀ ਨੂੰ ਮੌਤ ਤੱਕ ਕੰਮ ਕਰਨਾ ਪੈਂਦਾ ਹੈ। ਵਿਦੇਸ਼ ਵਿਚ ਤਾਂ ਜਾ ਕੇ ਪਰਿਵਾਰ ਪਾਲਿਆ ਜਾਂਦਾ ਹੈ। ਬਹੁਤ ਸਾਰੀਆਂ ਥਾਵਾਂ 'ਤੇ ਬਜ਼ੁਰਗਾਂ ਨੂੰ ਬੱਚੇ ਸਾਂਭਣ ਵਿਚ ਮਸਰੂਫ ਵੇਖਿਆ ਜਾ ਸਕਦਾ ਹੈ ਅਤੇ ਬਾਅਦ ਵਿਚ ਉਨ੍ਹਾਂ ਨੂੰ ਇਸ ਸਭ ਕੁਝ ਦੇ ਸ਼ੋਸ਼ਣ ਦਾ ਸ਼ਿਕਾਰ ਵੀ ਹੋਣਾ ਪੈਂਦਾ ਹੈ।

ਸਟੋਰ ਉੱਤੇ ਖੜ੍ਹ-ਖੜ੍ਹ ਕੇ ਲੱਤਾਂ ਫੁੱਲ ਜਾਂਦੀਆਂ ਹਨ ਅਤੇ ਟਰੱਕ ਡਰਾਈਵਰਾਂ ਦਾ ਹਾਲ ਬਹੁਤ ਮੰਦਾ ਹੁੰਦਾ ਹੈ। ਕਈ ਬਜ਼ੁਰਗਾਂ ਦੀ ਤਾਂ ਕਹਾਣੀ ਇਹ ਵੱਖਰੀ ਹੈ। ਉਨ੍ਹਾਂ ਨੂੰ ਤਾਂ ਬੱਚੇ ਸਾਂਭਣ ਦੇ ਲਈ ਹੀ ਪੰਜਾਬ ਤੋਂ ਬੁਲਾਇਆ ਜਾਂਦਾ ਹੈ। ਮੈਨੂੰ ਤਾਂ ਕਦੇ-ਕਦੇ ਇੰਝ ਪ੍ਰਤੀਤ ਹੁੰਦਾ ਹੈ ਕਿ ਪਰਦੇਸੀ ਵਿਅਕਤੀ ਨਾ ਇਧਰ ਦੇ ਰਹੇ, ਨਾ ਉਧਰ ਦੇ। ਕਿਉਂਕਿ ਪੰਜਾਬ ਦੀਆਂ ਕੋਠੀਆਂ ਮਜ਼ਦੂਰ ਵਰਗ ਨੇ ਸਾਂਭ ਲੈਣੀਆਂ ਹਨ ਅਤੇ ਉਨ੍ਹਾਂ ਨੇ ਵਿਦੇਸ਼ ਵਿਚ ਪੱਕੇ ਵੀ ਨਹੀਂ ਹੋ ਸਕਣਾ। ਇਹ ਆਉਣ ਵਾਲੇ ਭਵਿੱਖ ਦੀ ਦਰਦ ਕਹਾਣੀ ਮੈਨੂੰ ਜਾਪ ਰਹੀ ਹੈ ਕਿਉਂਕਿ ਬਹੁਤ ਸਾਰੇ ਨੌਜਵਾਨ ਤਾਂ ਅੱਜਕੱਲ੍ਹ ਵੀ ਵਿਆਹ ਕਰਵਾਉਣ ਤੋਂ ਸੱਖਣੇ ਫਿਰ ਰਹੇ ਹਨ। ਬਹੁਤ ਸਾਰਿਆਂ ਨੂੰ ਪੰਜਾਬ ਵਿਚੋਂ ਕੁੜੀਆਂ ਵੱਲੋਂ ਐਨੇ ਲਾਰੇ ਲਾ ਕੇ ਲੱਖਾਂ ਰੁਪਏ ਬਟੋਰੇ ਹਨ। ਕਈ ਜਗ੍ਹਾ ਤਾਂ ਬੱਚੇ ਮਾਂ-ਪਿਓ ਦੇ ਕਹਿਣੇ ਤੋਂ ਬਾਹਰ ਹੋ ਚੁੱਕੇ ਹਨ ਅਤੇ ਕਈ ਜਗ੍ਹਾ ਲੜਕੀਆਂ ਹੀ ਆਪਣੇ ਘਰ ਵਾਲਿਆਂ ਨੂੰ ਛੱਡ ਕੇ ਜਾ ਰਹੀਆਂ ਹਨ।

ਪਿਛਲੇ ਦਿਨੀਂ ਇਕ ਲੜਕੀ ਵੱਲੋਂ ਆਪਣੇ ਮਿੱਤਰ ਨਾਲ ਮਿਲ ਕੇ ਆਪਣੇ ਪਤੀ ਦਾ ਕਤਲ ਕਰ ਦਿੱਤਾ ਗਿਆ ਅਤੇ ਕਈ ਅਜਿਹੀਆਂ ਘਟਨਾਵਾਂ ਵਾਪਰਦੀਆਂ ਹਨ, ਇਥੇ ਪਤੀ ਵੱਲੋਂ ਆਪਣੀ ਪਤਨੀ ਨੂੰ ਮੌਤ ਦੇ ਘਾਟ ਉਤਾਰ ਦਿੱਤਾ ਗਿਆ। ਇਹ ਸਾਡਾ ਮੂਲ ਨੁਕਤਾ ਨਹੀਂ ਸੀ। ਸੋਚ ਕੀ ਰਹੇ ਹਾਂ ਅਸੀਂ, ਪਤਾ ਨਹੀਂ ਆਪਣੇ ਮੂਲ ਨਾਲੋਂ ਟੁੱਟ ਚੁੱਕੇ ਹਾਂ। ਮਾਂ-ਪਿਓ ਤੋਂ ਬਾਹਰ ਹੋ ਕੇ ਕੀ ਸੋਚ ਕੇ ਅਸੀਂ ਜ਼ਿੰਦਗੀ ਜਿਉਂਦੇ ਹਾਂ। ਜ਼ਿਆਦਾਤਰ ਨੌਜੁਆਨਾਂ ਦਾ ਭਵਿੱਖ ਮਾਲਕ ਦੇ ਰਹਿਮੋ-ਕਰਮ 'ਤੇ ਟਿਕਿਆ ਵਿਖਾਈ ਦਿੰਦਾ ਹੈ। ਲੰਘੇ ਦਿਨੀਂ ਬਹੁਤ ਸਾਰੇ ਨੌਜਵਾਨਾਂ 'ਤੇ ਪੰਜਾਬ ਭੇਜਣ ਦੀ ਲਟਕ ਰਹੀ ਤਲਵਾਰ ਵੀ ਹਟ ਨਹੀਂ ਰਹੀ। ਉਨ੍ਹਾਂ ਦੀਆਂ ਗਲਤੀਆਂ ਜ਼ਰੂਰ ਹਨ ਪਰ ਉਨ੍ਹਾਂ ਦਾ ਓਨਾ ਕਸੂਰ ਨਹੀਂ ਹੈ ਕਿ ਉਨ੍ਹਾਂ ਨੂੰ ਲੱਖਾਂ ਰੁਪਏ ਖਰਚਣ ਤੋਂ ਬਾਅਦ ਵਾਪਸ ਭੇਜ ਦਿੱਤਾ ਜਾਵੇ। ਪੰਜਾਬੀ ਨੌਜਵਾਨਾਂ ਨਾਲ ਤਾਂ ਇੱਕ ਭਾਣਾ ਹੋਰ ਵੀ ਵਾਪਰ ਰਿਹਾ ਹੈ। ਕੋਈ ਨਦੀ ਵਿਚ ਡੁੱਬ ਕੇ ਮੌਤ ਦੇ ਮੂੰਹ ਵਿਚ ਜਾ ਰਿਹਾ ਹੈ ਅਤੇ ਕਿਸੇ ਦੀ ਦਿਲ ਦੇ ਦੌਰੇ ਨਾਲ ਮੌਤ ਹੋ ਰਹੀ ਹੈ ਅਤੇ ਕੋਈ ਆਪਣੇ ਮਾਂ-ਪਿਓ ਨੂੰ ਓਵਰਡੋਜ਼ ਨਸ਼ੇ ਕਾਰਨ ਦੁਖੀ ਕਰ ਰਿਹਾ ਹੈ।

ਬਹੁਤ ਸਾਰਿਆਂ ਦੀਆਂ ਫੀਸਾਂ ਵੀ ਪੂਰੀਆਂ ਨਹੀਂ ਹੋ ਰਹੀਆਂ। ਲੜਾਈ-ਝਗੜੇ ਵੀ ਆਮ ਹੋ ਚੁੱਕੇ ਹਨ। ਇਹ ਵਰਤਾਰਾ ਰੁੱਕਣ ਦਾ ਨਾਮ ਨਹੀਂ ਲੈ ਰਿਹਾ। ਨੌਜਵਾਨਾਂ ਨੂੰ ਵਿਦੇਸ਼ ਵਿਚੋਂ ਕੱਢੇ ਜਾਣ ਦੀ ਦਰਦ ਕਹਾਣੀ ਤਾਂ ਵੱਖਰੀ ਹੈ। ਨੌਜਵਾਨਾਂ ਵੱਲੋਂ ਧਰਨੇ ਮਾਰੇ ਜਾ ਰਹੇ ਹਨ ਅਤੇ ਆਪਣੀ ਆਵਾਜ਼ ਨੂੰ ਲੀਡਰਾਂ ਦੇ ਕੰਨਾਂ ਤੱਕ ਪਹੁੰਚਾਉਣ ਦੇ ਲਈ ਜ਼ੋਰ ਲਾਇਆ ਜਾ ਰਿਹਾ ਹੈ। ਕੁੱਲ ਮਿਲਾ ਕੇ ਹੁਣ ਪਹਿਲਾਂ ਵਾਲੀ ਗੱਲ ਵਿਦੇਸ਼ਾਂ ਵਿਚ ਵੀ ਨਹੀਂ ਰਹੀ। ਇਥੇ ਵੀ ਚਾਰੇ ਪਾਸੇ ਅਜਿਹਾ ਆਲਮ ਬਣ ਚੁੱਕਿਆ ਹੈ, ਜਿਸ ਨੂੰ ਦੇਖ ਕੇ ਇਨਸਾਨ ਰੂਹ ਤੱਕ ਕੰਬ ਜਾਂਦਾ ਹੈ। ਹਰ ਖੇਤਰ ਵਿਚ ਘਾਟੇ ਵਾਲਾ ਸੌਦਾ ਬਣ ਚੁੱਕਿਆ ਹੈ। ਇਹ ਵੀ ਠੀਕ ਹੈ ਕਿ ਸਾਰੇ ਪਾਸੇ ਆਲਮ ਇੱਕੋ ਜਿਹਾ ਨਹੀਂ ਹੈ, ਕੁਝ ਕੁ ਖੇਤਰ ਠੀਕ ਵੀ ਹਨ। ਸਾਰੇ ਖੇਤਰਾਂ ਅੰਦਰ ਪੰਜਾਬੀ ਭਾਈਚਾਰੇ ਵੱਲੋਂ ਵੱਡੀ ਪੱਧਰ 'ਤੇ ਮਿਹਨਤ ਕੀਤੀ ਜਾ ਰਹੀ ਹੈ, ਉਥੇ ਹਾਲਾਤ ਸਾਜ਼ਗਾਰ ਹਨ। ਪਰ ਸਾਰੇ ਪਾਸੇ ਇੱਕੋ ਜਿਹਾ ਨਹੀਂ ਹੈ, ਇਹ ਵੀ ਠੀਕ ਹੈ। ਆਖਰ ਵਿਚ ਇਹ ਆਖ ਸਕਦੇ ਹਾਂ ਕਿ ਵਿਦੇਸ਼ ਜਾਣ ਦੀ ਜਿਹੜੀ ਤਾਂਘ ਪਹਿਲਾਂ ਸੀ, ਉਹ ਹੁਣ ਸਮਾਂ ਬੀਤ ਜਾਣ ਦੇ ਬਾਅਦ ਸੱਜਰੀ ਨਹੀਂ ਰਹੀ।

PUNJAB MAIL USA

TV Channel, Newspaper, Radio

All over America, Canada, Australia & Europe

24 Hours 7 Days

Gold # 2867, Gem # 375, TV Zon # 6888, Glow TV # 1828, Real TV etc.

You can also watch on our website: PunjabMailUSA.com

For any Information & Advertisement Call at

+1-916-280-8811 or +1-916-320-9444

E-mail: punjabmailtv@gmail.com Web: punjabmailusa.com

‘ਜੋ ਦਿਖਾ, ਸੋ ਲਿਖਾ’

ਅਕਾਲੀ ਦਲ ਨੂੰ ਲੱਗ ਰਿਹੈ ਝੱਟਕੇ ਤੇ ਝੱਟਕਾ

ਬੀਬੀ ਜਗੀਰ ਕੌਰ ਨੇ ਬਣਾਈ ਨਵੀਂ ਪਾਰਟੀ

ਦਰਸ਼ਨ ਸਿੰਘ ਸ਼ੰਕਰ
ਜ਼ਿਲ੍ਹਾ ਲੋਕ ਸੰਪਰਕ
ਅਫਸਰ (ਰਿਟਾ.)
ਫੋਨ: 99158-36543
(Punjab Mail USA)



ਪਿਛਲੇ 25 ਸਾਲਾਂ ਦੌਰਾਨ 15 ਸਾਲ ਰਾਜ ਕਰਨ ਵਾਲੀ ਸ਼੍ਰੋਮਣੀ ਅਕਾਲੀ ਦਲ ਪਾਰਟੀ ਇਸ ਸਮੇਂ ਆਪਣੀ ਹੋਂਦ ਬਚਾਉਣ ਲਈ ਸੰਘਰਸ਼ ਕਰਦੀ ਨਜ਼ਰ ਆ ਰਹੀ ਹੈ। ਇਸ ਨੂੰ ਕਈ ਪਾਸੇ ਤੋਂ ਵੱਡੇ ਝਟਕੇ ਲੱਗ ਰਹੇ ਨੇ। ਪਾਰਟੀ ਪ੍ਰਧਾਨ ਸੁਖਬੀਰ ਬਾਦਲ ਵਲੋਂ ਪਾਰਟੀ ਨੂੰ ਸੰਭਾਲਣ ਲਈ ਲਿਆ ਹਰ ਫੈਸਲਾ ਪੁੱਠਾ ਪੈ ਰਿਹੈ। ਅਸਲ ਵਿਚ ਨਿਰਾਸ਼ ਅਕਾਲੀ ਸਫਾਂ ਵਿਚ ਪਾਰਟੀ ਪ੍ਰਧਾਨ ਦੀ ਕਾਰਗੁਜ਼ਾਰੀ ਕਾਰਨ ਹੀ ਵਧੇਰੇ ਨਿਰਾਸ਼ਾ ਚੱਲ ਰਹੀ ਹੈ। ਬੀਤੇ ਦਿਨੀਂ ਅਕਾਲ ਤਖਤ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਅਤੇ ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਵਲੋਂ ਵਿਖਰ ਚੁੱਕੇ ਅਕਾਲੀ ਦਲ ਅੱਗੇ ਨਵੇਂ ਚੈਲੇਂਜ ਪੇਸ਼ ਕੀਤੇ ਨੇ।

ਜਥੇਦਾਰ ਸਾਹਿਬ ਦੀ ਅਪੀਲ

ਤੱਖਤਾਂ ਦੇ ਜਥੇਦਾਰ ਰਾਜਨੀਤੀ ਵਿਚ ਸ਼੍ਰੋਮਣੀ ਅਕਾਲੀ ਦਲ, ਖਾਸ ਕਰ ਬਾਦਲਾਂ ਦਾ ਪੱਖ ਪੂਰਦੇ ਹੀ ਆ ਰਹੇ ਨੇ। ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਪੱਕੇ ਤੌਰ ’ਤੇ ਤਾਂ ਤਖਤ ਦਮਦਮਾ ਸਾਹਿਬ ਦੇ ਜਥੇਦਾਰ ਨੇ, ਪਰ ਇਸ ਸਮੇਂ ਉਹ ਅਕਾਲ ਤਖਤ ਦੇ ਵੀ ਕਾਰਜਕਾਰੀ ਜਥੇਦਾਰ ਨੇ। ਅਕਾਲੀ ਦਲ ਨਾਲੋਂ ਟੁੱਟ ਚੁੱਕੇ ਪੰਥਕ ਆਧਾਰ ਨੂੰ ਮੁੜ ਤੋਂ ਜੋੜਨ ਲਈ ਉਹ ਕਈ ਵਾਰ ਅਕਾਲੀ ਲੀਡਰਸ਼ਿਪ ਨੂੰ ਪੰਥਕ ਜਥੇਬੰਦੀਆਂ ਦੇ ਸਹਿਯੋਗ ਨਾਲ ਯਤਨ ਕਰਨ ਦੀ ਰਾਇ ਦੇ ਚੁੱਕੇ ਨੇ। ਉਨ੍ਹਾਂ ਦੀ ਰਾਘਵ ਚੱਢਾ ਦੀ ਮੰਗਣੀ ਦੇ ਸਮਾਗਮ ਵਿਚ ਸ਼ਾਮਲ ਹੋਣ ’ਤੇ ਅਕਾਲੀ ਲੀਡਰਾਂ ਵਲੋਂ ਤਿੱਖੀ ਨੁਕਤਾਚੀਨੀ ਹੋਈ। ਚਰਚਾ ਹੈ ਕਿ ਕੁੱਝ ਸੀਨੀਅਰ ਅਕਾਲੀ ਆਗੂਆਂ ਵਲੋਂ ਜਥੇਦਾਰ ਸਾਹਿਬ ਨੂੰ ਮਿਲ ਕੇ ਸੁਖਬੀਰ ਬਾਦਲ ਨੂੰ ਅਣਜਾਣੇ ’ਚ ਹੋਈਆਂ ਭੁੱਲਾਂ ਲਈ ਮੁਆਫੀ ਦੇਣ ਦਾ ਦਬਾਅ ਪਾਇਆ ਗਿਆ, ਤਾਂ ਕਿ ਉਨ੍ਹਾਂ ਤੋਂ ਅਸਤੀਫੇ ਦੀ ਮੰਗ ਦਾ ਮੁੱਦਾ ਹਮੇਸ਼ਾਂ ਲਈ ਸੁਲਝ ਜਾਏ। ਪਰ ਜਥੇਦਾਰ ਨੇ ਖਾਸ ਭੁੱਲ ਦੇ ਜ਼ਿਕਰ ਤੋਂ ਬਗੈਰ ਮੁਆਫੀ ਨੂੰ ਹਾਮੀ ਨਹੀਂ ਭਰੀ। ਇਸ ਪਿੱਛੋਂ ਸ਼੍ਰੋਮਣੀ ਕਮੇਟੀ ਵਲੋਂ ਉਨ੍ਹਾਂ ਦੇ ਥਾਂ ਪੱਕਾ ਜਥੇਦਾਰ ਨਿਯੁੱਕਤ ਕਰਨ ਦੇ ਇਸ਼ਾਰੇ ਵੀ ਆਏ। ਜਥੇਦਾਰ ਸਾਹਿਬ ਦਾ ਰੁੱਖ ਆਪਣੀ ਛੁੱਟੀ ਨੂੰ ਭਾਂਪਦੇ ਹੋਰ ਸਖਤ ਨਜ਼ਰ ਆਇਆ। ਸਾਕਾ ਨੀਲਾ ਤਾਰਾ ਦੀ 39ਵੀਂ ਬਰਸੀ ਸਬੰਧੀ ਸਮਾਗਮ ’ਤੇ ਬੋਲਦੇ ਉਨ੍ਹਾਂ ਕੇਂਦਰ ਸਰਕਾਰ ’ਤੇ ਸਿੱਖ ਸੰਸਥਾਵਾਂ ਨੂੰ ਕੰਮਜ਼ੋਰ ਕਰਨ ਦੇ ਦੋਸ਼ ਲਗਾਏ ਅਤੇ ਸਿੱਖ ਸੰਸਥਾਵਾਂ ਅਤੇ ਰਾਜਨੀਤਿਕ ਧਿਰਾਂ ਨੂੰ ਕੇਂਦਰ ਅੱਗੇ ਗਿੜਗੜਾਉਣ ਦੀ ਬਜਾਏ ਕੌਮ ਦੀ ਸ਼ਕਤੀ ਇੱਕਜੁੱਟ ਕਰਨ ਲਈ ਆਖਿਆ। ਪੰਥਕ ਫੁੱਟ ਲਈ ਉਨ੍ਹਾਂ ਦਾ ਸਿੱਧਾ ਇਸ਼ਾਰਾ ਅਕਾਲੀ ਦਲ ਦੀ ਲੀਡਰਸ਼ਿੱਪ ਵੱਲ ਜਾਂਦੈ। ਪਰ ਇਸ ਸਮੇਂ ਸ਼੍ਰੋਮਣੀ ਕਮੇਟੀ ਵਲੋਂ ਜਥੇਦਾਰ ’ਤੇ ਕਾਰਵਾਈ ਮੁਸ਼ਕਲ ਜਾਪਦੀ ਹੈ।

ਬੀਬੀ ਜਗੀਰ ਕੌਰ ਵਲੋਂ ਝੱਟਕਾ

ਸ਼੍ਰੋਮਣੀ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੂੰ ਪਾਰਟੀ ਉਮੀਦਵਾਰ ਖਿਲਾਫ ਪ੍ਰਧਾਨਗੀ ਦੀ ਚੋਣ ਲੜਨ ’ਤੇ ਪਾਰਟੀ ’ਚੋਂ ਕੱਢਿਆ ਗਿਆ। ਬੀਬੀ ਚੋਣ ਤਾਂ ਨਹੀਂ ਜਿੱਤ ਸਕੀ, ਪਰ 42 ਵੋਟਾਂ ਨਾਲ ਤਾਕਤ ਜ਼ਰੂਰ ਦਿਖਾ ਗਈ। ਹੁਣ ਉਨ੍ਹਾਂ ਨੇ ਵੱਖਰਾ ‘ਸ਼੍ਰੋਮਣੀ ਅਕਾਲੀ ਪੰਥ’ ਬੋਰਡ ਬਣਾ ਕੇ ਪਾਰਟੀ ਸਾਹਮਣੇ ਵੱਡੀ ਚੁਣੌਤੀ ਖੜ੍ਹੀ ਕਰ ਦਿੱਤੀ ਹੈ। ਬੀਬੀ ਦਾ ਕਹਿਣੈ ਕਿ ਉਹ ਅਕਾਲੀ ਦਲ ਤੋਂ ਵੱਖ ਹੋਏ ਸਾਰੇ ਪੰਥਕ ਆਗੂਆਂ ਨੂੰ ਜੋੜਨਗੇ ਅਤੇ ਚੰਗੇ ਗੁਰਸਿੱਖ ਵਿਅਕਤੀਆਂ ਨੂੰ ਚੋਣਾਂ ਲੜਾਕੇ ਸ਼੍ਰੋਮਣੀ ਕਮੇਟੀ ਨੂੰ ਬਾਦਲ ਪਰਿਵਾਰ ਤੋਂ ਮੁਕਤ ਕਰਾਉਣਗੇ। ਉਨ੍ਹਾਂ ਨੇ ਸੁਖਬੀਰ ਬਾਦਲ ਨਾਲ ਨਾਰਾਜ਼ ਆਗੂਆਂ ਨਾਲ ਮੀਟਿੰਗਾਂ ਵੀ ਸ਼ੁਰੂ ਕੀਤੀਆਂ ਨੇ। ਬੀਬੀ ਦਾ ਕਹਿਣੈ ਕਿ ਸਿੱਖਾਂ ਦੇ ਧਾਰਮਿਕ ਮਾਮਲਿਆਂ ਵਿਚ ਰਾਜਨੀਤੀ ਦਾ ਦਖ਼ਲ ਖਤਮ ਕਰਾਵਾਂਗੇ।

ਸੁਖਬੀਰ ਦੀ ਅਗਵਾਈ ’ਤੇ ਸਵਾਲ

ਪੰਜਾਬ ਦੀ ਰਾਜਨੀਤੀ ਵਿਚ ਸ਼੍ਰੋਮਣੀ ਆਕਾਲੀ ਦਲ ਹਮੇਸ਼ਾਂ ਪ੍ਰਮੁੱਖ ਭੂਮਿਕਾ ਵਿਚ ਰਿਹੈ। ਲੰਮਾ ਸਮਾਂ ਪਰਕਾਸ਼ ਸਿੰਘ ਬਾਦਲ, ਗੁਰਚਰਨ ਸਿੰਘ ਟੌਹੜਾ ਅਤੇ ਜਗਦੇਵ ਸਿੰਘ ਤਲਵੰਡੀ ਦੀ ਤਿਕੜੀ ਦੀ ਸਾਂਝੀ ਅਗਵਾਈ ਵਿਚ ਪਾਰਟੀ ਦੀ ਪੂਰੀ ਚੜਤ ਰਹੀ ਅਤੇ ਵੱਡੇ ਮੋਰਚੇ ਜਿੱਤੇ। ਵੱਡੇ ਬਾਦਲ ਵਲੋਂ ਸੁਖਬੀਰ ਬਾਦਲ ਨੂੰ ਅੱਗੇ ਵਧਾ ਕੇ ਟੌਹੜਾ ਅਤੇ ਤਲਵੰਡੀ ਹਾਸ਼ੀਏ ’ਤੇ ਧੱਕ ਦਿੱਤੇ ਗਏ। ਪਾਰਟੀ ਅਤੇ ਸ਼੍ਰੋਮਣੀ ਕਮੇਟੀ ਦਾ ਸਾਰਾ ਕੰਟਰੋਲ ਸਿੱਧੇ ਤੌਰ ’ਤੇ ਬਾਦਲ ਪਰਿਵਾਰ ਦੇ ਹੱਥ ਚਲਾ ਗਿਆ। ਸੁਖਬੀਰ ਦੇ ਉੱਪ ਮੰਤਰੀ ਅਤੇ ਪ੍ਰਧਾਨ ਬਣਨ ਪਿੱਛੋਂ ਸਾਰੀ ਤਾਕਤ ਦੀ ਵਰਤੋਂ ਸੁਖਬੀਰ ਅਤੇ ਅਹਿਲਕਾਰਾਂ ਵਲੋਂ ਹੁੰਦੀ ਰਹੀ। ਇਸ ਦੌਰਾਨ 2007 ਵਿਚ ਰਾਮ ਰਹੀਮ ਦੇ ਸਵਾਂਗ ਰੱਚਣ ਦੇ ਮਾਮਲੇ ਨੂੰ ਰਫਾ-ਦਫਾ ਕਰਨਾ ਅਤੇ ਬੇਅਦਬੀ ਮਾਮਲੇ ਵਿਚ ਸ਼ੱਕੀ ਭੂਮਿਕਾ ਕਾਰਨ ਪੰਥਕ ਵੋਟ ਨੇ ਪਾਰਟੀ ਤੋਂ ਕਿਨਾਰਾ ਕਰ ਲਿਆ। ਰਾਮ ਰਹੀਮ ਨੂੰ ਜਥੇਦਾਰਾਂ ਤੋਂ ਮੁਆਫੀ ਦਵਾ ਕੇ ਸ਼੍ਰੋਮਣੀ ਕਮੇਟੀ ਰਾਹੀਂ 95 ਲੱਖ ਰੁਪੈ ਦੇ ਇਸ਼ਤਿਹਾਰ ਦੇਣ ਅਤੇ ਫਿਰ ਮੁਆਫੀਨਾਮਾ ਵਾਪਸ ਕਰਾਉਣ ਨਾਲ ਪਾਰਟੀ ਪੰਥਕ ਆਧਾਰ ਗੁਆ ਬੈਠੀ। ਸਿੱਖ ਨੌਜਵਾਨਾਂ ’ਤੇ ਤਸ਼ੱਦਦ ਲਈ ਬਦਨਾਮ ਸੁਮੇਧ ਸਿੰਘ ਸੈਣੀ ਨੂੰ ਡੀ.ਆਈ.ਜੀ. ਲਾਉਣਾ ਵੀ ਮਹਿੰਗਾ ਪਿਆ। ਬਹਿਬਲ ਕਲਾਂ ਦੇ ਮੋਰਚੇ ਨੇ ਅਕਾਲੀ ਦਲ ਦੀਆਂ ਜੜ੍ਹਾਂ ਹਿਲਾਈਆਂ। 2022 ਦੀਆਂ ਚੋਣਾਂ ਵਿਚ ਪਾਰਟੀ ਦੀ ਸ਼ਰਮਨਾਕ ਹਾਰ ਦੀ ਸਮੀਖਿਆ ਲਈ ਬਣਾਈ ਝੂੰਦਾ ਕਮੇਟੀ ਦੀ ਰਿਪੋਰਟ ਨੂੰ ਅਣਗੌਲਿਆਂ ਕਰਨਾ ਵੀ ਉਲਟਾ ਪਿਆ। ਸੰਗਰੂਰ ਜ਼ਿਮਨੀ ਚੋਣ ਵਿਚ ਪਾਰਟੀ ਪੰਜਵੇਂ ਸਥਾਨ ’ਤੇ ਰਹੀ। ਹੁਣ ਜਲੰਧਰ ਲੋਕ ਸਭਾ ਜ਼ਿਮਨੀ ਚੋਣ ਵਿਚ ਵੀ ਕਾਰਗੁਜ਼ਾਰੀ ਸੁਧਰ ਨਾ ਸਕੀ। ਬੇਸ਼ੱਕ ਪਾਰਟੀ ਨੂੰ ਪੁਰਾਣੀ ਭਾਈਵਾਲ ਬੀ.ਜੇ.ਪੀ. ਤੋਂ ਕੁੱਝ ਵੱਧ ਵੋਟਾਂ ਮਿਲੀਆਂ, ਪਰ ਇਨ੍ਹਾਂ ਵਿਚ ਵੱਡੀ ਗਿਣਤੀ ਬੀ.ਐੱਸ.ਪੀ. ਦੀਆਂ ਵੋਟਾਂ ਦੀ ਸੀ। ਦੋ ਜ਼ਿਮਨੀ ਚੋਣਾਂ ਵਿਚ ਕਰਾਰੀ ਹਾਰ ਪਿੱਛੋਂ ਵੀ ਲੀਡਰਸ਼ਿਪ ਨੇ ਜ਼ਿੰਮੇਵਾਰੀ ਨਹੀਂ ਕਬੂਲੀ। ਸੁਖਬੀਰ ਬਾਦਲ ਦੀ ਅਗਵਾਈ ਵਿਚ 2017 ਤੋਂ ਲਗਾਤਾਰ ਚਾਰ ਚੋਣਾਂ ਹਾਰਨ ਨਾਲ ਪਾਰਟੀ ਦਾ ਗਰਾਫ ਮੂਧੇ ਮੂੰਹ ਡਿੱਗ ਚੁੱਕੈ। ਬੀ.ਜੇ.ਪੀ. ਤੋਂ ਵੱਖ ਹੋ ਕੇ ਲੜੀ 2022 ਚੋਣ ਵਿਚ ਤਾਂ ਪਾਰਟੀ ਬੀ.ਐੱਸ.ਪੀ. ਨਾਲ ਗੱਠਜੋੜ ਦੇ ਬਾਵਜੂਦ ਸਿਰਫ 3 ਸੀਟਾਂ ਹੀ ਜਿੱਤ ਸਕੀ। ਖੇਤੀ ਕਾਨੂੰਨਾਂ ਨੂੰ ਸਹੀ ਦੱਸ ਕੇ ਕਿਸਾਨਾਂ ਦਾ ਗੁੱਸਾ ਵੀ ਸਹੇੜਿਆ ਅਤੇ ਗੱਠਜੋੜ ਵੀ ਗਵਾਇਆ। ਅਕਾਲੀ ਸਰਕਾਰ ਦੇ ਰਾਜ ਦੌਰਾਨ ਲੁੱਟ, ਬੇਅਦਬੀ ਅਤੇ ਨਸ਼ਿਆਂ ਦੇ ਵਪਾਰ ਨੇ ਪਾਰਟੀ ਨੂੰ ਅਰਸ਼ ਤੋਂ ਫਰਸ਼ ’ਤੇ ਪਟਕਾ ਮਾਰਿਐ। ਦਿੱਲੀ ਗੁਰਦੁਆਰਾ ਕਮੇਟੀ ਹੱਥੋਂ ਗਈ ਅਤੇ ਹਰਿਆਣਾ ਵਿਚ ਵੱਖਰੀ ਕਮੇਟੀ ਦਾ ਗੱਠਨ ਹੋ ਚੁੱਕੈ। ਹੁਣ ਪਾਰਟੀ ਸਫਾਂ ਵਿਚ ਮਾਯੂਸੀ ਹੱਦਾਂ ਪਾਰ ਕਰ ਚੁੱਕੀ ਹੈ ਅਤੇ ਵਰਕਰਾਂ ਦਾ ਭੜਕਿਆਂ ਗੁੱਸਾ ਬਗੈਰ ਵੱਡੀ ਕੁਰਬਾਨੀ ਬਿਨਾਂ ਸ਼ਾਂਤ ਹੁੰਦਾ ਨਹੀਂ ਦਿੱਸਦਾ। ਅੰਦਰ ਖਾਤੇ ਬਹੁਤੇ ਲੀਡਰ ਨਾਰਾਜ਼ ਨੇ ਅਤੇ ਸਹੀ ਸਮੇਂ ਦੀ ਤਲਾਸ਼ ਵਿਚ ਨੇ। ਬਹੁਤੇ ਟਕਸਾਲੀ ਆਗੂ ਸੁਖਬੀਰ ਦੇ ਰਵੱਈਏ ਕਾਰਨ ਪਾਰਟੀ ਤੋਂ ਕਿਨਾਰਾ ਵੀ ਕਰ ਚੁੱਕੇ ਨੇ।

ਬੀ.ਜੇ.ਪੀ. ਨਾਲ ਗੱਠਜੋੜ ਦੀ ਆਸ

ਵੱਡੇ ਬਾਦਲ ਦੀ ਮੌਤ ਪਿੱਛੋਂ ਅਕਾਲੀ ਦਲ ਅਤੇ ਬੀ.ਜੇ.ਪੀ. ਵਿਚਕਾਰ ਮੁੜ ਤੋਂ 25 ਸਾਲ ਚੱਲੇ ਗੱਠਜੋੜ ਦੀ ਸੁਰਜੀਤੀ ਦੀ ਚਰਚਾ ਚੱਲੀ। ਜਲੰਧਰ ਦੀ ਜ਼ਿਮਨੀ ਚੋਣ ਵਿਚ ਕਰਾਰੀ ਹਾਰ ਪਿੱਛੋਂ ਦੋਵੇਂ ਪਾਰਟੀਆਂ ਲਈ ਗੱਠਜੋੜ ਮਜਬੂਰੀ ਬਣਿਆ ਜਾਪਦੈ। ਫਿਰ ਵੀ ਬੀ.ਜੇ.ਪੀ. ਅਜੇ ਪੱਤੇ ਖੋਲ੍ਹਣ ਤੋਂ ਕਤਰਾਉਂਦੀ ਹੈ। ਕੇਂਦਰੀ ਮੰਤਰੀ ਹਰਦੀਪ ਪੁਰੀ ਨੇ ਦੋਬਾਰਾ ਅਕਾਲੀ ਦਲ ਨਾਲ ਗੱਠਜੋੜ ਦੀ ਸੰਭਾਵਨਾਂ ਤੋਂ ਇਨਕਾਰ ਕੀਤੈ। ਪਰ ਹਾਸ਼ੀਏ ’ਤੇ ਗਿਆ ਅਕਾਲੀ ਦਲ ਗੱਠਜੋੜ ਲਈ ਕਾਫੀ ਕਾਹਲਾ ਦਿਖਦੈ। ਜੇਕਰ ਗੱਠਜੋੜ ਹੁੰਦੈ ਤਾਂ ਬੀ.ਜੇ.ਪੀ. ਨਵੇਂ ਹਾਲਾਤਾਂ ਵਿਚ ਵਧੇਰੇ ਸੀਟਾਂ ’ਤੇ ਹੀ ਸਹਿਮਤ ਹੋਏਗੀ। ਇਸ ਤਰ੍ਹਾਂ ਸੂਬੇ ਅੰਦਰ ਅਕਾਲੀ ਦਲ ਦੀ ਸਰਦਾਰੀ ਕਾਇਮ ਰਹਿਣੀ ਅਸੰਭਵ ਹੋਵੇਗੀ ਅਤੇ ਇਕ ਵੱਡੀ ਖੇਤਰੀ ਪਾਰਟੀ ਕੌਮੀ ਪਾਰਟੀ ਦੀ ਪਿਛਲੱਗ ਹੋ ਕੇ ਰਹਿ ਜਾਏਗੀ।

ਸਮੇਂ ਦੀ ਜ਼ਰੂਰਤ

ਸੂਬੇ ਵਿਚ ਕਾਂਗਰਸ, ਅਕਾਲੀ ਦਲ ਅਤੇ ਬੀ.ਜੇ.ਪੀ. ਆਪਣਾ ਆਧਾਰ ਵਧਾਉਣ ਲਈ ਗਹਿਗੱਚ ਮੁਕਾਬਲਾ ਚੱਲ ਰਿਹੈ ਅਤੇ ਸੱਤਾਧਾਰੀ ‘ਆਪ’ ਵੀ ਜਥੇਬੰਧਕ ਢਾਂਚਾ ਖੜ੍ਹਾ ਨਹੀਂ ਕਰ ਸਕੀ। ਉਂਝ ਸ੍ਰੋਮਣੀ ਅਕਾਲੀ ਦਲ ਪੰਜਾਬ ਵਿਚ ਅੱਜ ਵੀ ਮਜ਼ਬੂਤ ਆਧਾਰ ਵਾਲੀ ਪਾਰਟੀ ਹੈ। ਵਰਕਰ ਲੀਡਰਸ਼ਿਪ ਤੋਂ ਨਿਰਾਸ਼ ਜ਼ਰੂਰ ਨੇ, ਪਰ ਪਾਰਟੀ ਦੇ ਮੁੜ ਉਭਰਨ ਦੀ ਪੱਕੀ ਉਮੀਦ ਵਿਚ ਨੇ। ਪਾਰਟੀ ਛੱਡ ਕੇ ਗਏ ਸਾਰੇ ਸੀਨੀਅਰ ਆਗੂ ਸੁਖਬੀਰ ਬਾਦਲ ਦੀ ਥਾਂ ਨਵੇਂ ਲੀਡਰ ਦੀ ਅਗਵਾਈ ਵਿਚ ਮੁੜ ਵਾਪਸੀ ਕਰਨ ਲਈ ਸਹਿਮਤੀ ਵੀ ਦੇ ਰਹੇ ਨੇ। ਸੂਖਬੀਰ ਬਾਦਲ ਰੁੱਸਿਆਂ ਨੂੰ ਵਾਪਸ ਆਉਣ ਦੀ ਅਪੀਲ ਤਾਂ ਕਰਦੇ ਨੇ, ਪਰ ਪ੍ਰਧਾਨਗੀ ਛੱਡਣ ਦੀ ਗੱਲ ਨਹੀਂ ਕਰਦੇ। ਇਸ ਸਮੇਂ ਜੇਕਰ ਲੀਡਰਸ਼ਿਪ ਬਦਲੀ ਜਾਂਦੀ ਹੈ, ਤਾਂ ਅਕਾਲੀ ਦਲ ਮੁੜ ਤੋਂ ਇਕ ਮਜ਼ਬੂਤ ਖੇਤਰੀ ਪਾਰਟੀ ਵਜੋਂ ਉਭਰਨ ਦੇ ਸਮੱਰਥ ਜਾਪਦੈ।

ਪ੍ਰੇਮ ਸਿੰਘ ਜੀ ਮੁਰਾਲੇ ਵਾਲਿਆਂ
ਮਿੱਠੀ-ਪਿਆਰੀ ਅਤੇ ਨਿੱਘੀ ਯਾਦ ਵਿਚ
73ਵਾਂ ਸਾਲਾਨਾ
ਮਹਾਨ ਗੁਰਮਤਿ ਸਮਾ
1-2-3 ਜੂਨ
ਮੁੱਖ ਸੇਵਾਦਾਰ : ਬੀਬੀ ਜਗੀਰ ਕੌਰ

Shiromani Akali Dal
Akali Dal

...ਮੂਰਤ ਹਰਗੋਬਿੰਦ ਸਵਾਰੀ

-ਰਮੇਸ਼ ਬੱਗਾ ਚੋਹਲਾ
(ਲੁਧਿਆਣਾ)
ਮੋਬ: 94631-32719
(Punjab Mail USA)



ਮਨੁੱਖਤਾ ਦੇ ਰਹਿਬਰ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਿਥੇ ਲੋਕਾਈ ਨੂੰ ਮਿਆਰੀ, ਪਰਉਪਕਾਰੀ ਅਤੇ ਵਿਹਾਰੀ (ਅਮਲੀ) ਜੀਵਨ ਜਿਉਣ ਦਾ ਉਪਦੇਸ਼ ਦਿੱਤਾ ਹੈ, ਉੱਥੇ 'ਸਿਰ ਤਲੀ 'ਤੇ ਧਰ ਕੇ ਪ੍ਰੇਮ (ਰੱਬੀ) ਦੀ ਖੇਡ ਖੇਡਣ ਦੀ ਵੰਗਾਰ ਵੀ ਦਿੱਤੀ ਹੈ।' ਇਸ ਖੇਡ ਨੂੰ ਖੇਡਣ ਲਈ ਸੰਤ ਸੁਭਾਅ ਦੇ ਨਾਲ-ਨਾਲ ਸਿਪਾਹੀਅਤ (ਜੁਝਾਰੂ ਬਿਰਤੀ) ਨੂੰ ਵੀ ਬਰਾਬਰ ਅਹਿਮੀਅਤ ਦਿੱਤੀ ਗਈ ਹੈ। ਗੁਰੂ ਸਾਹਿਬ ਦਾ ਫ਼ੁਰਮਾਨ ਹੈ:-

ਜੇ ਜੀਵੈ ਪਤਿ ਲੱਥੀ ਜਾਇ॥
ਸਭੁ ਹਰਾਮੁ ਜੇਤਾ ਕਿਛੁ ਖਾਇ॥

ਇਸ ਪਤਿ ਦੀ ਸਲਾਮਤੀ ਹਿੱਤ ਅਤੇ ਸਿੱਖੀ ਨੂੰ ਅਣਖ ਦੀ ਪਾਣ ਚੜ੍ਹਾਈ (ਸ਼ਸਤਰਧਾਰੀ ਹੋ ਕੇ) ਰੱਖਣ ਲਈ ਛੇਵੇਂ ਨਾਨਕ ਸ੍ਰੀ ਗੁਰੂ ਹਰਿਗੋਬਿੰਦ ਜੀ ਨੇ ਆਪਣੇ ਗੁਰਿਆਈ ਦੇ ਸਮੇਂ ਦੋ ਤਲਵਾਰਾਂ ਧਾਰਨ ਕੀਤੀਆਂ, ਜਿਸ ਨੂੰ ਸਿੱਖ ਇਤਿਹਾਸ ਵਿਚ ਮੀਰੀ ਅਤੇ ਪੀਰੀ ਦਾ ਨਾਮ ਦਿੱਤਾ ਗਿਆ ਹੈ। ਧਰਮ ਅਤੇ ਰਾਜਨੀਤੀ ਦੀ ਇਸ ਨਿਵੇਕਲੀ ਪਰ ਚਿਰਸਥਾਈ ਸਾਂਝ ਨਾਲ ਸਿੱਖ ਧਰਮ ਇਕ ਅਤਿ ਅਣਖੀਲੇ ਅਤੇ ਕ੍ਰਾਂਤੀਕਾਰੀ ਮੋੜ ਵੱਲ ਮੁੜ ਗਿਆ, ਜਿਸ ਨੂੰ ਭਾਈ ਗੁਰਦਾਸ ਜੀ ਨੇ ਇੰਜ ਬਿਆਨਿਆ ਹੈ:-

ਪੰਜ ਪਿਆਲੇ ਪੰਜ ਪੀਰ ਛਟਮ ਪੀਰ ਬੈਠਾ ਗੁਰ ਭਾਰੀ॥
ਅਰਜਨ ਕਾਇਆਂ ਪਲਟ ਕੈ ਮੂਰਤ ਹਰਿਗੋਬਿੰਦ ਸਵਾਰੀ॥
ਚਲੀ ਪੀੜ੍ਹੀ ਸੋਢੀਆਂ ਰੂਪ ਦਿਖਾਵਨ ਵਾਰੋ ਵਾਰੀ॥
ਦਲ ਭੰਜਨ ਗੁਰ ਸੂਰਮਾਂ ਵਡ ਜੋਧਾ ਬਹੁ ਪਰਉਪਕਾਰੀ॥ (1-48-4)

ਪੀੜ੍ਹੀ ਭਾਵੇਂ ਸੋਢੀਆਂ ਦੀ ਹੀ ਸੀ ਅਤੇ ਹਾਕਮ ਵੀ ਪੰਚਮ ਪਾਤਸ਼ਾਹ ਦਾ ਹੀ ਵਰਤ ਰਿਹਾ ਸੀ ਪਰ ਅਭਿਆਸੀ ਰੂਪ ਵਿਚ ਮੀਰੀ ਅਤੇ ਪੀਰੀ ਦੇ ਸਿਧਾਂਤ ਨੂੰ ਲਾਗੂ ਕਰਨ ਦਾ ਮਾਣ ਛੇਵੇਂ ਸਤਿਗੁਰੂ ਹਰਗੋਬਿੰਦ ਸਾਹਿਬ ਜੀ ਦੇ ਹੀ ਹਿੱਸੇ ਆਉਂਦਾ ਹੈ। ਇਸ ਸਿਧਾਂਤ ਨੂੰ ਅਮਲੀ ਜਾਮਾ ਪਹਿਨਾਕੇ ਜਿਥੇ ਛੇਵੇਂ ਪਾਤਸ਼ਾਹ ਨੇ ਗੁਰੂ ਨਾਨਕ ਦੇਵ ਜੀ ਦੀ ਫਿਲਾਸਫੀ ਦੀ ਸੰਤ ਬਲ ਅਤੇ ਰਾਜ ਬਲ ਨਾਲ ਆਪਸੀ ਸਾਂਝ ਪੁਆਈ, ਉਥੇ ਸੰਤਾਂ ਨੂੰ ਸਿਪਾਹੀ ਵਾਲਾ ਮੁਹਾਂਦਰਾ ਵੀ ਪ੍ਰਦਾਨ ਕੀਤਾ। ਕਿਉਂਕਿ ਗੁਰੂ ਸਾਹਿਬ ਦਾ ਦ੍ਰਿੜ੍ਹ ਵਿਸ਼ਵਾਸ ਸੀ ਕਿ ਗੁਰੂ ਨਾਨਕ ਦੇ ਘਰ ਵਿਚ ਸੰਤਤਾਈ ਅਤੇ ਸਿਪਾਹੀਅਤ ਇਕੋ ਹੀ ਸਿੱਕੇ ਦੇ ਦੋ ਪਾਸੇ ਹੋਣਗੇ। ਭਾਵ ਇਕ ਚੰਗਾ ਸੰਤ ਇਕ ਚੰਗਾ ਸਿਪਾਹੀ ਅਤੇ ਇਕ ਚੰਗਾ ਸਿਪਾਹੀ ਹੀ ਇਕ ਚੰਗਾ ਸੰਤ ਸਾਬਤ ਹੋ ਸਕਦਾ ਹੈ।

ਗੁਰੂ ਨਾਨਕ ਪਾਤਸ਼ਾਹ ਦੀ ਛੇਵੀਂ ਜੋਤ ਸ੍ਰੀ ਗੁਰੂ ਹਰਗੋਬਿੰਦ ਜੀ ਦਾ ਜਨਮ 21 ਹਾੜ ਸੰਮਤ 1652 ਮੁਤਾਬਕ 19 ਜੂਨ, 1595 (ਕੁੱਝ ਇਤਿਹਾਸਕਾਰਾਂ ਦੀ ਰਾਇ 9 ਅਤੇ 14 ਜੂਨ ਬਾਰੇ ਵੀ ਹੈ) ਨੂੰ ਇਤਿਹਾਸਿਕ ਸ਼ਹਿਰ ਅੰਮ੍ਰਿਤਸਰ ਤੋਂ ਲਹਿੰਦੇ ਪਾਸੇ ਵੱਸੇ ਨਗਰ ਵਡਾਲੀ (ਗੁਰੂ ਕੀ) ਵਿਖੇ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਮਾਤਾ ਗੰਗਾ ਜੀ ਦੇ ਗ੍ਰਹਿ ਵਿਖੇ ਹੋਇਆ।

ਛੇਵੀਂ ਪਾਤਸ਼ਾਹੀ ਦੇ ਪ੍ਰਕਾਸ਼ ਦਿਹਾੜੇ ਦੀਆਂ ਜਿਥੇ ਗੁਰੂ ਨਾਨਕ ਨਾਮ-ਲੇਵਾ ਸੰਗਤਾਂ ਨੇ ਭਰਪੂਰ ਖੁਸ਼ੀਆਂ ਮਨਾਈਆ, ਉਥੇ ਗੁਰੂ ਘਰ ਦੇ ਦੋਖੀਆਂ ਨੂੰ ਬਹੁਤ ਅਫਸੋਸ ਹੋਇਆ। ਇਨ੍ਹਾਂ ਦੋਖੀਆਂ ਵਿਚ ਪ੍ਰਮੁੱਖ ਨਾਮ ਪ੍ਰਿਥੀ ਚੰਦ ਦਾ ਸੀ, ਜੋ ਪਰਿਵਾਰਕ ਤੌਰ 'ਤੇ ਗੁਰੂ ਸਾਹਿਬ ਦੇ ਤਾਇਆ ਜੀ ਲੱਗਦੇ ਸਨ। ਗੁਰਗੱਦੀ 'ਤੇ ਕਬਜ਼ਾ ਕਰਨ ਹਿੱਤ ਈਰਖਾਲੂ ਪ੍ਰਿਥੀ ਚੰਦ ਸ੍ਰੀ ਗੁਰੂ ਹਰਗੋਬਿੰਦ ਜੀ ਨੂੰ ਮਾਰਨ ਦੀਆਂ ਵਿਉਂਤਬੰਦੀਆਂ ਕਰਨ ਲੱਗਾ। ਇਨ੍ਹਾਂ ਵਿਉਂਤਬੰਦੀਆਂ ਤਹਿਤ ਪਹਿਲਾਂ ਤਾਂ ਉਸ ਨੇ ਇਕ ਜ਼ਹਿਰੀਲੇ ਦੁੱਧ ਵਾਲੀ ਦਾਈ ਨੂੰ ਅੰਮ੍ਰਿਤਸਰ ਤੋਂ ਵਡਾਲੀ ਭੇਜਿਆ ਪਰ ਦਾਈ ਦੇ ਦੁੱਧ ਨੂੰ ਲੱਗਿਆ ਜ਼ਹਿਰ ਉਸ ਦੇ ਆਪਣੇ ਆਪ ਲਈ ਹੀ ਘਾਤਿਕ ਸਾਬਤ ਹੋ ਗਿਆ। ਇਸ ਤੋਂ ਬਾਅਦ ਪ੍ਰਿਥੀਏ ਨੇ ਇਕ ਸਪੇਰੇ ਨੂੰ ਗੰਢ ਲਿਆ। ਉਸ ਸਪੇਰੇ ਨੇ ਬਾਲ ਗੁਰੂ ਵੱਲ ਇਕ ਫ਼ਨੀਅਰ ਸੱਪ ਨੂੰ ਛੱਡ ਦਿੱਤਾ ਪਰ ਹਰਿਗੋਬਿੰਦ ਜੀ (ਗੁਰੂ ਜੀ) ਉਸ ਵਾਰ ਤੋਂ ਵੀ ਬਚ ਗਏ।

ਗੁਰੂ ਅਰਜਨ ਦੇਵ ਜੀ ਜੋ ਸਰਬੱਤ ਦੇ ਭਲੇ ਅਤੇ ਗੁਰਸਿੱਖੀ ਦੇ ਪ੍ਰਚਾਰ ਲਈ ਲਾਹੌਰ ਗਏ ਹੋਏ ਸਨ। ਉਹ ਪਰਿਵਾਰ ਸਮੇਤ 1597 ਈ: ਨੂੰ ਵਡਾਲੀ ਗੁਰੂ ਕੀ ਵਿਖੇ ਆ ਗਏ। ਵਡਾਲੀ ਤੋਂ ਗੁਰੂ ਜੀ ਨੂੰ ਅੰਮ੍ਰਿਤਸਰ ਆਉਣਾ ਪਿਆ। ਪ੍ਰਿਥੀ ਚੰਦ ਵੀ ਅੰਮ੍ਰਿਤਸਰ ਵਿਖੇ ਹੀ ਰਹਿੰਦਾ ਸੀ। ਉਸ ਦੀਆਂ ਪਹਿਲੀਆਂ ਦੋ ਕਰਤੂਤਾਂ ਕਾਰਨ ਉਸ ਦੇ ਹੱਥ ਪੱਲੇ ਤਾਂ ਕੁੱਝ ਪਿਆ ਨਹੀਂ, ਸਗੋਂ ਨਮੋਸ਼ੀ ਹੀ ਸਹਿਣੀ ਪਈ ਸੀ। ਇਸ ਵਾਰ ਉਹ ਥੋੜਾ ਜਿਹਾ ਵਧੇਰੇ ਚੌਕਸ ਹੋ ਗਿਆ। ਇਸ ਵਾਰੀ ਉਸ ਨੇ ਪੂਰੀ ਚੌਕਸੀ ਨਾਲ ਗੁਰੂ ਜੀ 'ਤੇ ਤੀਸਰਾ ਹਮਲਾ ਕਰ ਦਿੱਤਾ। ਇਸ ਹਮਲੇ ਤਹਿਤ ਉਸ ਨੇ ਇਕ ਖਿਡਾਵੇ ਨੂੰ ਲਾਲਚ ਦੇ ਕੇ ਬਾਲ-ਗੁਰੂ ਨੂੰ ਦਹੀਂ ਵਿਚ ਜ਼ਹਿਰ ਮਿਲਾ ਕੇ ਦੇਣ ਲਈ ਕਿਹਾ। ਪਰ ਗੁਰੂ ਸਾਹਿਬ ਨੇ ਖਾਣ ਤੋਂ ਇਨਕਾਰ ਕਰ ਦਿੱਤਾ। ਇਸ ਤੋਂ ਪਹਿਲਾਂ ਕਿ ਖਿਡਾਵਾ ਕੋਈ ਧੱਕੇਸ਼ਾਹੀ ਕਰਦਾ, ਪੰਚਮ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਵੀ ਉੱਥੇ ਪਹੁੰਚ ਗਏ। ਖਿਡਾਵੇ ਨੂੰ ਆਪਣੀ ਅਤਿ ਨੀਚ ਹਰਕਤ ਦੀ ਕੀਮਤ (ਸੂਲ ਪੈ ਜਾਣ ਕਾਰਨ) ਜਾਨੋਂ ਹੱਥ ਧੋ ਕੇ ਚੁਕਾਉਣੀ ਪਈ।

1605 ਈ: ਦੇ ਅਕਤੂਬਰ ਮਹੀਨੇ ਵਿਚ ਜਹਾਂਗੀਰ ਦੀ ਤਖਤਪੋਸ਼ੀ ਹੋਣ ਨਾਲ ਅਕਬਰ ਵਲੋਂ ਵੱਖ-ਵੱਖ ਧਰਮਾਂ ਪ੍ਰਤੀ ਅਪਨਾਈ ਸਤਿਕਾਰ ਵਾਲੀ ਨੀਤੀ ਦਮ ਤੋੜ ਗਈ। ਰਾਜ ਦਰਬਾਰ ਤੰਗ-ਦਿਲ ਅਤੇ ਫਿਰਕਾਪ੍ਰਸਤ ਮੁਸਲਮਾਨਾਂ ਦੇ ਹੱਥ ਆ ਗਿਆ। ਇਨ੍ਹਾਂ ਕੱਟੜ ਪੰਥੀਆਂ ਨੇ ਗੈਰ-ਮੁਸਲਮਾਨਾਂ ਪ੍ਰਤੀ ਨਫ਼ਰਤ ਭਰਪੂਰ ਪਹੁੰਚ ਅਖਤਿਆਰ ਕਰ ਲਈ। ਇਸ ਪਹੁੰਚ ਦਾ ਢੁੱਕਵਾ ਜਵਾਬ ਦੇਣ ਲਈ ਬਾਬਾ ਬੁੱਢਾ ਜੀ ਨੇ ਜਿਥੇ ਬਾਲਕ ਹਰਗੋਬਿੰਦ ਜੀ ਨੂੰ ਹਰਫ਼ੀ ਇਲਮ ਦਿੱਤਾ, ਉਥੇ ਕੁਸ਼ਤੀ, ਘੋੜ-ਸਵਾਰੀ, ਤਲਵਾਰਬਾਜ਼ੀ ਅਤੇ ਹੋਰ ਜੰਗੀ ਕਰਤਬਾਂ ਦੀ ਸਿਖਲਾਈ ਵੀ ਦਿੱਤੀ। ਕਿਉਂਕਿ ਬਾਬਾ ਬੁੱਢਾ ਜੀ ਨੇ ਆਪਣੀ ਦੂਰ-ਅੰਦੇਸ਼ੀ ਨਾਲ ਭਾਂਪ ਲਿਆ ਸੀ ਕਿ ਮੁਗਲ ਹਕੂਮਤ ਨਾਲ ਸਿੱਖਾਂ ਨੂੰ ਦੋ ਹੱਥ ਕਰਨੇ ਹੀ ਪੈਣੇ ਹਨ।

6 ਅਪ੍ਰੈਲ, 1606 ਨੂੰ ਜਹਾਂਗੀਰ ਦਾ ਪੁੱਤਰ ਖੁਸਰੋਂ ਬਾਗੀ ਹੋ ਕੇ ਆਗਰੇ ਤੋਂ ਪੰਜਾਬ ਵੱਲ ਭੱਜ ਪਿਆ। ਤਿੰਨ ਕੁ ਹਫ਼ਤਿਆਂ (27 ਅਪ੍ਰੈਲ) ਬਾਅਦ ਉਹ ਝਨਾ ਨਦੀ ਨੂੰ ਪਾਰ ਕਰਦਾ ਫੜਿਆ ਗਿਆ। ਸ਼ੇਖ ਅਹਿਮਦ ਸਰਹੰਦੀ ਅਤੇ ਕੁੱਝ ਹੋਰ ਕੱਟੜਪੰਥੀਆਂ ਨੇ ਜਹਾਂਗੀਰ ਦੇ ਕੰਨਾਂ ਵਿਚ ਗੁਰੂ ਅਰਜਨ ਦੇਵ ਜੀ ਦੇ ਖਿਲਾਫ਼ ਖੁਸਰੋ ਨੂੰ ਸਹਾਇਤਾ ਅਤੇ ਸਹਿਯੋਗ ਦੇਣ ਦੀ ਫੂਕ ਮਾਰ ਦਿੱਤੀ। ਜਹਾਂਗੀਰ 'ਤੇ ਫੂਕ ਦਾ ਅਜਿਹਾ ਅਸਰ ਹੋਇਆ ਕਿ ਉਸ ਨੇ ਗੁਰੂ ਜੀ ਨੂੰ ਗ੍ਰਿਫਤਾਰ ਕਰਨ ਦੇ ਹੁਕਮ ਜਾਰੀ ਕਰ ਦਿੱਤੇ।

ਸੰਨ 1606 ਮਈ ਮਹੀਨੇ ਦੇ ਆਖਰੀ ਹਫ਼ਤੇ ਗੁਰੂ ਅਰਜਨ ਦੇਵ ਜੀ ਨੇ ਭਾਈ ਗੁਰਦਾਸ, ਬਾਬਾ ਬੁੱਢਾ ਜੀ ਅਤੇ ਹੋਰ ਮੁੱਖੀ ਸਿੱਖਾਂ ਨਾਲ ਤਤਕਾਲੀ ਰਾਜਨੀਤਿਕ ਹਾਲਤਾਂ ਉਪਰ ਗੰਭੀਰ ਵਿਚਾਰ-ਵਟਾਂਦਰਾ ਕੀਤਾ। ਇਸ ਵਿਚਾਰ-ਵਟਾਂਦਰਾ ਤੋਂ ਬਾਅਦ ਸ੍ਰੀ ਹਰਿਮੰਦਰ ਸਾਹਿਬ ਵਿਖੇ ਦੀਵਾਨ ਸਜਾ ਕੇ ਗੁਰਿਆਈ ਦੀ ਜ਼ਿੰਮੇਵਾਰੀ ਸ਼੍ਰੀ ਗੁਰੂ ਹਰਗੋਬਿੰਦ ਜੀ ਨੂੰ ਸੌਂਪ ਦਿੱਤੀ। ਇਸ ਮੌਕੇ 'ਤੇ ਹੀ ਬਾਬਾ ਬੁੱਢਾ ਜੀ ਨੇ ਗੁਰੂ ਸਾਹਿਬ ਨੂੰ ਦੋ ਤਲਵਾਰਾਂ (ਇਕ ਮੀਰੀ ਅਤੇ ਦੂਜੀ ਪੀਰੀ ਦੀ) ਪਹਿਨਾਈਆਂ, ਜੋ ਸੰਸਾਰਕ ਅਤੇ ਆਤਮਕ ਪੱਖ ਦੇ ਸੁਮੇਲ ਦੀ ਗਵਾਹੀ ਦਿੰਦੀਆਂ ਸਨ।

ਸ੍ਰੀ ਗੁਰੂ ਹਰਗੋਬਿੰਦ ਜੀ ਦੀ ਵਰੇਸ ਭਾਵੇਂ ਅਜੇ 11 ਕੁ ਸਾਲ ਦੀ ਹੀ ਸੀ ਪਰ ਆਪਣੇ ਦੂਰਦਰਸ਼ਕ ਨਜ਼ਰੀਏ ਸਦਕਾ ਉਨ੍ਹਾਂ ਨੇ ਇਹ ਸਮਝ ਲਿਆ ਸੀ ਕਿ ਮੁਗਲ ਹਕੂਮਤ ਦੀ ਅੱਤਿਆਚਾਰੀ ਨੀਤੀ ਦਾ ਸਿਖਰ ਗੁਰੂ ਪਿਤਾ ਦੀ ਸ਼ਹੀਦੀ ਤੱਕ ਹੀ ਸੀਮਤ ਨਹੀਂ ਰਹੇਗਾ। ਇਸ ਨੀਤੀ ਦੇ ਸਮਰਥੱਕ ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਨੂੰ ਢਾਹ ਲਾਉਣ ਦੀ ਵੀ ਪੂਰੀ ਕੋਸ਼ਿਸ਼ ਕਰਨਗੇ। ਹਕੂਮਤ ਦੀ ਇਸ ਭਵਿੱਖ ਮੁੱਖੀ ਕੋਸ਼ਿਸ਼ ਨੂੰ ਅਸਫ਼ਲ ਕਰਨ ਲਈ ਛੇਵੇਂ ਪਾਤਸ਼ਾਹ ਨੇ ਹਥਿਆਰਬੰਦ ਸੰਘਰਸ਼ ਦਾ ਰਾਹ ਚੁਣ ਲਿਆ। ਇਸ ਰਾਹ 'ਤੇ ਸਫ਼ਲਤਾਪੂਰਵਕ ਚੱਲਣ ਲਈ ਉਨ੍ਹਾਂ ਨੇ ਮਸੰਦਾਂ ਰਾਹੀ ਆਪਣੇ ਸਿੱਖਾਂ (ਵਿਸ਼ੇਸ਼ ਕਰਕੇ ਵਪਾਰੀ ਵਰਗ) ਨੂੰ ਹੁਕਮਨਾਮੇ ਭੇਜੇ ਕਿ ਸਿੱਖ ਆਪਣੇ ਦਸਵੰਧ ਦੇ ਨਾਲ-ਨਾਲ ਵਧੀਆ ਘੋੜੇ ਅਤੇ ਸ਼ਸਤਰ ਵੀ ਖਰੀਦ ਕੇ ਭੇਜਿਆ ਕਰਨ। ਇਸ ਤਰ੍ਹਾਂ ਸਿੱਖਾਂ ਕੋਲ ਜਿਥੇ ਘੋੜਿਆਂ ਦੀ ਗਿਣਤੀ 'ਚ ਵਾਧਾ ਹੋਇਆ, ਉਥੇ ਗੁਰੂ ਘਰ ਦਾ ਅਸਲਾਖਾਨਾ ਵੀ ਚੰਗਿਆਂ ਸ਼ਸਤਰਾਂ ਨਾਲ ਭਰਪੂਰ ਹੋਣ ਲੱਗ ਪਿਆ।

ਘੋੜੇ ਅਤੇ ਹਥਿਆਰ ਜਮਾਂ ਕਰਨ ਦੇ ਨਾਲ-ਨਾਲ ਸਾਹਿਬ ਨੇ ਆਪਣੇ ਸਿੱਖਾਂ ਅਤੇ ਸੇਵਕਾਂ ਨੂੰ ਹਥਿਆਰ ਚਲਾਉਣੇ ਸਿਖਾਉਣ ਦਾ ਵੀ ਯੋਗ ਪ੍ਰਬੰਧ ਕਰ ਲਿਆ। ਇਸ ਸਿਖਲਾਈ ਲਈ ਗੁਰੂ ਜੀ ਨੇ 52 ਨਿਪੁੰਨ ਅੰਗ-ਰੱਖਿਅਕਾਂ ਦੀਆਂ ਸੇਵਾਵਾਂ ਪ੍ਰਾਪਤ ਕੀਤੀਆਂ। ਹੌਲੀ-ਹੌਲੀ ਸਿੱਖ ਸੈਨਿਕਾਂ ਦੀ ਗਿਣਤੀ ਵੱਧਣ ਲੱਗੀ। ਦੂਰੋਂ-ਨੇੜਿਓ ਕਈ ਗੱਭਰੂ ਅੰਮ੍ਰਿਤਸਰ ਵਿਖੇ ਆ ਕੇ ਮਹੀਨਿਆਂ ਬੱਧੀ ਪੜਾਅ ਕਰ ਲੈਂਦੇ ਅਤੇ ਮਾਰਸ਼ਲ ਆਰਟ ਦੀ ਸਿਖਲਾਈ ਪ੍ਰਾਪਤ ਕਰਕੇ ਘਰ ਪਰਤ ਜਾਂਦੇ।

ਉਸ ਵਕਤ ਫੌਜਾਂ ਰੱਖਣ ਅਤੇ ਸ਼ਿਕਾਰ ਖੇਡਣ ਦਾ ਕੰਮ ਸਿਰਫ ਰਾਜਿਆਂ-ਮਹਾਂਰਾਜਿਆਂ ਦੇ ਹੀ ਹਿੱਸੇ ਆਉਂਦਾ ਸੀ। ਬਾਕੀਆਂ ਲਈ ਇਹ ਵੰਗਾਰਾਤਮਕ ਸਾਬਤ ਹੋ ਰਹੀਆਂ ਸਨ। ਇਹ ਵੰਗਾਰ ਉਸ ਵਕਤ ਤਾਂ ਹੋਰ ਵੀ ਸਪੱਸ਼ਟ ਰੂਪ ਅਖਤਿਆਰ ਕਰ ਗਈ, ਜਦੋਂ 1608 ਈ: ਸ੍ਰੀ ਅਕਾਲ ਤਖਤ ਸਾਹਿਬ ਦੀ ਉਸਾਰੀ ਹੋ ਗਈ। ਇਸ ਉਸਾਰੀ ਦਾ ਅਰਥ ਅਕਾਲ-ਪੁਰਖ ਦਾ ਸਦੀਵੀ ਸਿੰਘਾਸਨ ਕਾਇਮ ਕਰਨਾ ਸੀ। ਅਕਾਲ ਤਖਤ ਦੇ ਸਹਾਮਣੇ ਦੋ ਨਿਸ਼ਾਨ ਸਾਹਿਬ, ਰਾਜਨੀਤੀ ਅਤੇ ਧਰਮ ਦੇ ਪ੍ਰਤੀਕ ਵਜੋ ਸਥਾਪਿਤ ਕੀਤੇ ਗਏ। ਇਸ ਤਖਤ ਉਪਰ ਗੁਰੂ ਹਰਗੋਬਿੰਦ ਜੀ ਬਿਰਾਜਮਾਨ ਹੋ ਕੇ ਸੰਗਤਾਂ ਨੂੰ ਉਪਦੇਸ਼ ਦੇਣ ਦੇ ਨਾਲ-ਨਾਲ ਸਮੇਂ-ਸਮੇਂ ਹੁਕਮਨਾਮੇ ਵੀ ਜਾਰੀ ਕਰਿਆ ਕਰਦੇ ਸਨ। ਇਸ ਤੋਂ ਇਲਾਵਾ ਇਸ ਤਖਤ ਦੇ ਸਾਹਮਣੇ ਦੀਵਾਨ ਸਜਾ ਕੇ ਢਾਡੀਆਂ ਦੀਆਂ ਵਾਰਾਂ ਨਾਲ ਸਿੱਖ ਸੰਗਤਾਂ ਵਿਚ ਬੀਰ ਰਸ ਦਾ ਸੰਚਾਰ ਵੀ ਕੀਤਾ ਜਾਂਦਾ ਸੀ। ਇਸ ਬੀਰ-ਰਸੀ ਪ੍ਰਭਾਵ ਸਦਕਾ ਹੀ ਸਿੱਖ ਫੌਜੀਆਂ ਦਾ ਗਿਣਤੀ 500 ਤੱਕ ਪਹੁੰਚ ਗਈ। ਇਸ ਫ਼ੌਜ ਨੂੰ ਪੰਜ ਕਮਾਂਡਰਾਂ (ਭਾਈ ਜੇਠਾ ਜੀ, ਭਾਈ ਪਿਰਾਣਾ ਜੀ, ਭਾਈ ਬਿਧੀ ਚੰਦ, ਭਾਈ ਪੈੜਾ ਅਤੇ ਭਾਈ ਮੋਖਾ ਜੀ) ਦੀ ਕਮਾਂਡ ਹੇਠ ਕਰ ਦਿੱਤਾ ਗਿਆ।

ਜਦੋਂ ਜਹਾਂਗੀਰ ਨੂੰ ਆਗਰੇ ਨੂੰ ਛੱਡ ਕੇ ਦੱਖਣੀ ਦਿਸ਼ਾ ਵੱਲ ਜਾਣਾ ਪਿਆ, ਤਾਂ ਇਹ ਸਮਾਂ ਗੁਰੂ ਸਾਹਿਬ ਲਈ ਕੱਝ ਟਿਕਾਊਪਨ ਵਾਲਾ ਸਾਬਤ ਹੋਇਆ। ਇਸ ਸਮੇਂ ਦਾ ਲਾਹਾ ਗੁਰੂ ਜੀ ਨੇ ਮਾਲਵੇ ਅਤੇ ਦੁਆਬੇ ਵਿਚ ਸਿੱਖੀ ਦਾ ਪ੍ਰਚਾਰ ਕਰਕੇ ਲਿਆ। ਦੁਆਬੇ ਦੀ ਦਿਸ਼ਾ 'ਚ ਪ੍ਰਚਾਰ ਕਰਦਿਆਂ ਗੁਰੂ ਸਾਹਿਬ ਨੇ ਕਰਤਾਰਪੁਰ ਨਗਰ ਨੂੰ ਭਾਗ ਲਗਾਏ ਸਨ। ਪੈਂਦੇ ਖਾਂ ਵੀ ਇਥੇ ਹੀ ਗੁਰੂ ਕੀ ਫ਼ੌਜ 'ਚ ਭਰਤੀ ਹੋਇਆ ਸੀ।

ਦੁਆਬੇ ਤੋਂ ਬਾਅਦ ਗੁਰੂ ਜੀ ਆਪਣੇ ਸਾਂਢੂ (ਸਾਂਈ ਦਾਸ) ਦੇ ਪਿੰਡ ਡਰੋਲੀ ਭਾਈ ਕੀ ਵਿਖੇ ਆ ਗਏ। ਇਥੇ ਰਹਿ ਕੇ ਗੁਰੂ ਜੀ ਨੇ ਜਿਥੇ ਲੋੜਵੰਦਾਂ ਦੀ ਸਹਾਇਤਾ ਕੀਤੀ, ਉਥੇ ਰੱਬੀ ਬਾਣੀ ਦਾ ਸੰਦੇਸ਼ ਵੀ ਘਰ ਘਰ ਪਹੁੰਚਾਇਆ। ਕਸ਼ਮੀਰ ਨੂੰ ਬੇਸ਼ੱਕ ਧਰਤੀ ਦਾ ਸਵਰਗ ਕਿਹਾ ਜਾਂਦਾ ਹੈ ਪਰ ਥੁੜ੍ਹਾਂ ਮਾਰੀ ਲੋਕਾਈ ਲਈ ਇਹ ਸਵਰਗੀ ਆਨੰਦ ਕਿਥੋਂ? ਗਿਲਟੀ ਤਾਪ ਦੀ ਤਪਸ਼ ਨਾਲ ਕਸ਼ਮੀਰ ਦਾ ਗਰੀਬ-ਗੁਰਬਾ ਕੁਰਲਾ ਰਿਹਾ ਸੀ। ਇਹ ਕੁਰਲਾਹਟ ਜਦੋਂ ਛੇਵੇਂ ਨਾਨਕ ਤੱਕ ਪਹੁੰਚੀ ਤਾਂ ਦੁਖੀਆਂ ਦਾ ਦਰਦ ਵੰਡਾਉਣ ਲਈ ਉਹ ਕਸ਼ਮੀਰ ਦੀ ਧਰਤੀ 'ਤੇ ਪਹੁੰਚ ਗਏ। ਦੇਸ਼-ਪ੍ਰਦੇਸ਼ ਤੋਂ ਆਈ ਦਸਵੰਧ ਦੀ ਮਾਇਆ ਵੀ ਰੋਗੀਆਂ ਦੀ ਅਰੋਗਤਾ ਹਿੱਤ ਵਰਤਣੀ ਆਰੰਭ ਕਰ ਦਿੱਤੀ। ਇਸ ਤੋਂ ਇਲਾਵਾ ਗੁਰੂ ਜੀ ਸਿਆਲਕੋਟ ਅਤੇ ਲਾਹੌਰ ਦੀਆਂ ਸੰਗਤਾਂ ਦੀਆਂ ਤਕਲੀਫ਼ਾਂ ਵੀ ਦੂਰ ਕਰਨ ਲਈ ਜਾਇਆ ਕਰਦੇ ਸਨ।

ਗੁਰੂ ਸਾਹਿਬ ਦੀ ਸੇਵਾ-ਭਾਵਨਾ ਅਤੇ ਇਨਸਾਫ਼-ਪਸੰਦੀ ਨੂੰ ਦੇਖ ਕੇ ਕਈ ਦੂਸਰੇ ਧਰਮਾਂ (ਖਾਸ ਕਰਕੇ ਮੁਸਲਿਮ ਸਮਾਜ) ਦੇ ਲੋਕ ਵੀ ਗੁਰੂ ਘਰ ਦੇ ਨੇੜੇ ਆਉਣ ਲੱਗੇ। ਇਹ ਗੱਲ ਵਕਤ ਦੇ ਹਾਕਮ ਜਹਾਂਗੀਰ ਦੀ ਬਰਦਾਸ਼ਤ ਤੋਂ ਬਾਹਰ ਹੋਈ ਜਾ ਰਹੀ ਸੀ। ਉਸ ਨੇ ਜੁਰਮਾਨਾ ਵਸੂਲੀ ਦਾ ਬਹਾਨਾ ਬਣਾ ਕੇ ਗੁਰੂ ਸਾਹਿਬ ਨੂੰ ਗਵਾਲੀਅਰ ਦੇ ਕਿਲ੍ਹੇ ਵਿਚ ਨਜ਼ਰਬੰਦ ਕਰ ਦਿੱਤਾ। ਇਹ ਕਿਲ੍ਹਾਂ ਸ਼ਾਹੀ ਕੈਦੀਆਂ ਅਤੇ ਲੰਮੀ ਕੈਦ ਵਾਲਿਆਂ ਵਾਸਤੇ ਉਚੇਚੇ ਤੌਰ 'ਤੇ ਬਣਵਾਇਆ ਗਿਆ ਸੀ। ਕਈਆ ਕੈਦੀਆਂ ਦਾ ਜੀਵਨ ਤਾਂ ਇਸ ਕਿਲ੍ਹੇ ਦੀ ਭੇਟ ਹੀ ਚੜ੍ਹ ਜਾਂਦਾ ਸੀ। ਜਦੋਂ ਛੇਵੇਂ ਪਾਤਸ਼ਾਹ ਕਿਲ੍ਹੇ ਵਿਚ ਗਏ, ਉਨ੍ਹਾਂ ਦੇਖਿਆ ਕਿ ਕਈ ਰਾਜਪੂਤ ਰਜਵਾੜੇ ਅਤੇ ਸ਼ਿਵਾਲਕ ਦੀਆਂ ਪਹਾੜੀਆਂ ਦੇ ਰਾਜੇ ਵੀ ਕੈਦ ਕਟ ਰਹੇ ਸਨ। ਇਨ੍ਹਾਂ ਰਾਜਿਆਂ ਦੀ ਗਿਣਤੀ 52 ਦੇ ਕਰੀਬ ਸੀ। ਗੁਰੂ ਜੀ ਦੀ ਆਮਦ ਨਾਲ ਇਹ ਮਨਹੂਸ ਕਿਲ੍ਹਾ ਇਕ ਧਰਮਸ਼ਾਲਾ ਦਾ ਰੂਪ ਵਟਾ ਗਿਆ। ਸਵੇਰੇ-ਸ਼ਾਮ ਹੋਣ ਵਾਲੇ ਸਤਿਸੰਗ ਅਤੇ ਧਾਰਮਿਕ ਵਿਚਾਰਾਂ ਨੇ ਕਿਲ੍ਹੇ ਵਿਚਾਲੇ ਵਾਤਾਵਰਣ ਨੂੰ ਹੀ ਬਦਲ ਕੇ ਰੱਖ ਦਿੱਤਾ। ਇਥੋਂ ਤੱਕ ਕਿ ਕਿਲ੍ਹੇ ਦਾ ਦਰੋਗਾ ਹਰੀਦਾਸ ਵੀ ਗੁਰੂ ਸਾਹਿਬ ਦਾ ਪ੍ਰਭਾਵ ਕਬੂਲਣੋਂ ਨਾ ਰਹਿ ਸਕਿਆ।

ਇਧਰ ਜਦੋਂ ਸੰਗਤਾਂ ਨੂੰ ਆਪਣੇ ਸੱਚੇ ਪਾਤਸ਼ਾਹ ਦੀ ਗ੍ਰਿਫਤਾਰੀ ਦਾ ਪਤਾ ਲੱਗਿਆ, ਤਾਂ ਉਨ੍ਹਾਂ ਨੇ ਆਪਣੇ ਰੋਸ ਦਾ ਪ੍ਰਗਟਾਵਾ, ਪਿੰਡਾਂ, ਸ਼ਹਿਰਾਂ ਅਤੇ ਕਸਬਿਆਂ ਵਿਚੋਂ ਚੌਕੀਆਂ ਕੱਢ ਕੇ ਕਰਨਾ ਸ਼ੁਰੂ ਕਰ ਦਿੱਤਾ।

ਗੁਰੂ ਸਾਹਿਬ ਦੀ ਗ੍ਰਿਫਤਾਰੀ ਦੀ ਸਭ ਤੋਂ ਵੱਧ ਖੁਸ਼ੀ ਚੰਦੂ ਨੂੰ ਹੋਈ ਕਿਉਂਕਿ ਉਸ ਨੂੰ ਪਤਾ ਸੀ ਕਿ ਜੇਕਰ ਗੁਰੂ ਜੀ ਬਾਹਰ ਆ ਗਏ ਤਾਂ ਉਸ ਨੂੰ ਆਪਣੇ ਕੀਤੇ ਹੋਏ ਪਾਪ ਦੀ ਸਜ਼ਾ ਜ਼ਰੂਰ ਮਿਲੇਗੀ। ਉਸ ਨੇ ਦਰੋਗੇ ਹਰੀਦਾਸ ਰਾਹੀ ਗੁਰੂ ਸਾਹਿਬ ਨੂੰ ਖਤਮ ਕਰਨ ਦਾ ਨਾਕਾਮ ਜਤਨ ਵੀ ਕੀਤਾ।

ਜਹਾਂਗੀਰ ਜੋਬਨ ਰੁੱਤ ਤੋਂ ਹੀ ਸ਼ਰਾਬ-ਪਿਆਲੇ ਦਾ ਸ਼ੌਕੀਨ ਸੀ ਪਰ ਉਮਰ ਵੱਡੀ ਹੋਣ ਨਾਲ ਉਸ ਨੂੰ ਇਹ ਸ਼ੌਕ ਕੁੱਝ ਮਹਿੰਗਾ ਪੈਣ ਲੱਗ ਪਿਆ। ਲੋੜੋਂ ਵੱਧ ਸੇਵਨ ਸਦਕਾ ਉਹ ਸਖਤ ਬਿਮਾਰ ਹੋ ਗਿਆ। ਜਦੋਂ ਦੁਆ ਅਤੇ ਦਵਾ ਕੰਮ ਨਾ ਆਈਆਂ ਤਾਂ ਕਿਸੇ ਨੇਕ-ਬਖ਼ਤ ਨੇ ਉਸ ਨੂੰ ਗੁਰੂ ਸਾਹਿਬ ਦੀ ਨਾਜਾਇਜ਼ ਨਜ਼ਰਬੰਦੀ ਦਾ ਅਹਿਸਾਸ ਕਰਵਾ ਦਿੱਤਾ। ਮੁਸੀਬਤ ਵਿਚ ਫਸੇ ਹੋਣ ਕਰਕੇ ਗੱਲ ਉਸ ਦੇ ਵੀ ਮਨ ਲੱਗ ਗਈ। ਉਸ ਨੇ ਗੁਰੂ ਸਾਹਿਬ ਨੂੰ ਰਿਹਾਅ ਕਰਨ ਦਾ ਹੁਕਮ ਦੇ ਦਿੱਤਾ। ਜਦੋਂ ਇਸ ਹੁਕਮ ਦਾ ਪਤਾ ਬੇਕਸੂਰ ਸਿਆਸੀ ਕੈਦੀ ਰਾਜਿਆਂ ਨੂੰ ਲੱਗਾ, ਤਾਂ ਉਨ੍ਹਾਂ ਨੇ ਵੀ ਗੁਰੂ ਸਾਹਿਬ ਦੇ ਸਨਮੁੱਖ ਬੇਨਤੀ ਕੀਤੀ ਕਿ "ਸੱਚੇ ਪਾਤਸ਼ਾਹ! ਸਾਨੂੰ ਵੀ ਇਸ ਨਰਕੀ ਜੀਵਨ ਤੋਂ ਛੁੱਟਕਾਰਾ ਦਿਵਾ ਦਿਉਂ।" ਗੁਰੂ ਜੀ ਨੇ ਜਹਾਂਗੀਰ ਨੂੰ ਸੁਨੇਹਾ ਭੇਜਿਆ ਕਿ ਉਹ ਤਦ ਹੀ ਕਿਲ੍ਹੇ ਵਿਚੋਂ ਬਾਹਰ ਜਾਣਗੇ, ਜੇ ਇਨ੍ਹਾਂ ਨਿਰਦੋਸ਼ ਰਾਜਿਆਂ ਨੂੰ ਰਿਹਾਅ ਕੀਤਾ ਜਾਵੇਗਾ। ਜਹਾਂਗੀਰ ਬਾਦਸ਼ਾਹ ਨੇ ਗੁਰੂ ਸਾਹਿਬ ਦੀ ਗੱਲ ਮੰਨਦੇ ਹੋਏ ਇਨ੍ਹਾਂ ਚਿਰਾਂ ਤੋਂ ਬੰਦ ਕੀਤੇ ਹੋਏ ਸਿਆਸੀ ਰਾਜਿਆਂ ਨੂੰ ਰਿਹਾਅ ਕਰਨ ਦੇ ਹੁਕਮ ਦੇ ਦਿੱਤੇ, ਜਿਨ੍ਹਾਂ ਦੀ ਗਿਣਤੀ 52 ਦੱਸੀ ਜਾਂਦੀ ਹੈ। ਇਸੇ ਕਰਕੇ ਆਪ ਜੀ ਨੂੰ ਬੰਦੀ ਛੋੜ ਦਾਤਾ ਵੀ ਕਿਹਾ ਜਾਂਦਾ ਹੈ।

ਸ੍ਰੀ ਗੁਰੂ ਹਰਗੋਬਿੰਦ ਜੀ ਧੰਨ ਗੁਰੂ ਨਾਨਕ ਦੇਵ ਜੀ ਵਲੋਂ ਸਥਾਪਿਤ ਕੀਤੇ ਸਾਂਝੀਵਾਲਤਾ ਦੇ ਸਿਧਾਂਤ ਦੇ ਪਹਿਰੇਦਾਰ ਵੀ ਸਨ। ਇਸ ਪਹਿਰੇਦਾਰੀ ਦੀ ਗਵਾਹੀ ਲਾਹੌਰ ਦੇ ਰਹਿਣ ਵਾਲੇ ਸ਼ਾਹੀ ਕਾਜੀ ਦੀ ਬੇਟੀ ਬੀਬੀ ਕੌਲਾ ਦੇ ਆਪ ਜੀ ਪ੍ਰਤੀ ਪ੍ਰਗਟਾਏ ਪਿਆਰ ਅਤੇ ਸਤਿਕਾਰ ਤੋਂ ਭਲੀ-ਭਾਂਤ ਮਿਲ ਜਾਂਦੀ ਹੈ। ਗੁਰੂ ਘਰ ਪ੍ਰਤੀ ਬੀਬੀ ਕੌਲਾ ਦਾ ਅਥਾਹ ਪਿਆਰ ਉਸ ਦੇ ਪਿਉਂ ਤੋ ਸਹਾਰਿਆ ਨਾ ਗਿਆ ਅਤੇ ਉਸ ਨੇ ਆਪਣੀ ਲਾਡਲੀ ਦੇ ਖਿਲਾਫ਼ ਮੌਤ ਦਾ ਫ਼ਤਵਾ ਜਾਰੀ ਕਰ ਦਿੱਤਾ। ਇਸ ਫ਼ਤਵੇ ਦੇ ਅਮਲ ਵਿਚ ਆਉਣ ਤੋਂ ਪਹਿਲਾਂ ਹੀ ਪੰਚਮ ਪਤਾਸ਼ਾਹ ਦੇ ਪਰਮ-ਮਿੱਤਰ ਅਤੇ ਗੁਰੂ ਨਾਨਕ ਦੀ ਸੋਚ ਪ੍ਰਤੀ ਆਸਥਾ ਰੱਖਣ ਵਾਲੇ ਸਾਈਂ ਮੀਆਂ ਮੀਰ ਜੀ ਨੇ ਆਪਣੇ ਖਾਸ ਮੁਰੀਦਾਂ ਦੀ ਮਦਦ ਨਾਲ ਬੀਬੀ ਕੌਲਾਂ ਨੂੰ ਅੰਮ੍ਰਿਤਸਰ ਗੁਰੂ ਸਾਹਿਬ ਦੀ ਸ਼ਰਨ ਵਿਚ ਭੇਜ ਦਿੱਤਾ। ਬਾਬੇ ਨਾਨਕ ਦਾ ਦਰ ਸ਼ਰਨ ਆਏ ਦੀ ਹਮੇਸ਼ਾ ਲਾਜ ਰੱਖਦਾ ਆਇਆ ਹੈ ਅਤੇ ਬੀਬੀ ਦੀ ਲਾਜ ਰੱਖਣ ਲਈ ਛੇਵੇਂ ਨਾਨਕ ਨੇ ਉਸ ਦੀ ਰਿਹਾਇਸ਼ ਦਾ ਵੱਖਰਾ ਬੰਦੋਬਸਤ ਕਰ ਦਿੱਤਾ।

ਗੁਰੂ ਸਾਹਿਬ ਸਿੱਖ ਧਰਮ ਦਾ ਪ੍ਰਚਾਰ ਕੇਂਦਰ ਲਾਹੌਰ ਤੋ ਕੁੱਝ ਹੱਟ ਕੇ ਬਣਾਉਣਾ ਚਾਹੁੰਦੇ ਸਨ। ਇਸ ਚਾਹਤ ਲਈ ਉਨ੍ਹਾਂ ਨੇ ਆਪਣੇ ਵੱਡੇ ਫਰਜੰਦ ਬਾਬਾ ਗੁਰਦਿੱਤਾ ਜੀ ਦੀ ਪਹਾੜੀ ਇਲਾਕੇ ਵਿਚ ਕੋਈ ਯੋਗ ਸਥਾਨ ਚੁਣਨ ਦੀ ਸੇਵਾ ਲਗਾਈ। ਬਾਬਾ ਜੀ ਨੇ ਉਹ ਸਥਾਨ ਰੋਪੜ ਤੋਂ ਨੰਗਲ ਸੜਕ ਤੇ ਵੱਸੇ ਨਗਰ (ਸ੍ਰੀ ਕੀਰਤਪੁਰ ਸਾਹਿਬ) ਨੂੰ ਚੁਣਿਆ। ਇਹ ਨਗਰ ਸਿੱਖ ਸਮਾਜ ਲਈ ਬਹੁਤ ਹੀ ਮੁਕੱਦਸ ਅਤੇ ਸਤਿਕਾਰ ਵਾਲਾ ਹੈ।

ਗੁਰੂ ਹਰਗੋਬਿੰਦ ਸਾਹਿਬ ਦੀਆਂ ਸਰਗਰਮੀਆਂ ਜਿਵੇਂ ਆਪਣੀ ਫੌਜ ਰੱਖਣਾ, ਨਗਾਰਾ, ਸ਼ਿਕਾਰ ਖੇਡਣਾ ਅਤੇ ਕਲਗੀ ਲਗਾ ਕੇ ਸ੍ਰੀ ਅਕਾਲ ਤਖ਼ਤ 'ਤੇ ਬੈਠਣਾ ਆਦਿ ਮੁਗਲ ਸਰਕਾਰ ਲਈ ਸਿੱਧੀ ਵੰਗਾਰ ਸੀ।

1627 ਈ ਵਿਚ ਜਹਾਂਗੀਰ ਫੌਤ ਹੋ ਗਿਆ। ਉਸ ਤੋਂ ਬਾਅਦ ਉਸ ਦਾ ਪੁੱਤਰ ਸ਼ਾਹਜਹਾਨ ਰਾਜਗੱਦੀ ਦਾ ਵਾਰਸ ਬਣ ਗਿਆ। ਕੱਟੜਪੰਥੀ ਮੁਸਲਮਾਨਾਂ ਨੂੰ ਖੁਸ਼ ਕਰਨ ਲਈ ਉਸਨੇ ਗੈਰ-ਮੁਸਲਿਮ ਭਾਈਚਾਰੇ 'ਤੇ ਜ਼ਿਆਦਤੀਆਂ ਦਾ ਸਿਲਸਿਲਾ ਆਰੰਭ ਕਰ ਦਿੱਤਾ। ਇਸ ਸਿਲਸਿਲੇ ਨੂੰ ਠੱਲ੍ਹ ਪਾਉਣ ਲਈ ਛੇਵੇਂ ਗੁਰੂ ਨੂੰ ਸਮੇ-ਸਮੇਂ ਕਈ ਜੰਗਜੂ ਕਾਰਵਾਈਆਂ/ਲੜਾਈਆਂ ਵੀ ਕਰਨੀਆਂ ਪਈਆਂ। ਇਸ ਲੜੀ ਵਜੋਂ ਉਨ੍ਹਾਂ ਨੂੰ ਰੁਹਲੇ (ਸ੍ਰੀ ਹਰਗੋਬਿੰਦਪੁਰ ਸਾਹਿਬ) ਵਿਖੇ ਪਹਿਲੀ ਲੜਾਈ ਲੜਨੀ ਪਈ।

ਗੁਰੂ ਸਾਹਿਬ ਦੀ ਦੂਸਰੀ ਜੰਗ ਲੌਹਗੜ੍ਹ ਤੋਂ ਲੈ ਕੇ ਅਜੋਕੇ ਖਾਲਸਾ ਕਾਲਜ ਤੱਕ ਹੋਣੀ। ਇਸ ਲੜਾਈ ਵਿਚ ਗੁਰੂ ਕੀ ਫੌਜ ਨੇ ਵੈਰੀ ਨੂੰ ਕਰਾਰੀ ਹਾਰ ਦਿੱਤੀ। ਇਹ ਸਮਾਂ ਅੱਧ ਅਪ੍ਰੈਲ 1634 ਈ ਦਾ ਹੈ।

ਤੀਸਰੀ ਲੜਾਈ ਮਰਾਝ ਦੇ ਨਜ਼ਦੀਕ ਇਕ ਢਾਬ ਉੱਤੇ ਮੋਰਚੇ ਕਾਇਮ ਕਰਕੇ ਲੜੀ ਗਈ, ਜਿਸ ਦਾ ਕਾਰਣ ਭਾਈ ਬਿਧੀ ਚੰਦ ਜੀ ਦੁਆਰਾ ਉਨ੍ਹਾਂ ਦੋ ਘੋੜਿਆ ਨੂੰ ਲਾਹੌਰ ਦੇ ਕਿਲ੍ਹੇ ਵਿਚੋਂ ਕੱਢ ਕੇ ਗੁਰੂ ਦਰਬਾਰ ਵਿਚ ਅਪੜਾਉਣਾ ਸੀ, ਜਿਨ੍ਹਾਂ ਨੂੰ ਕਾਬਲ ਤੋਂ ਆ ਰਹੇ ਸਿੱਖਾਂ ਕੋਲੋਂ ਲਾਹੌਰ ਦੇ ਹਾਕਮ ਨੇ ਖੋਹ ਲਿਆ ਸੀ। ਇਹ ਸਮਾਂ ਅੱਧ ਦੰਸਬਰ 1634 ਈ. ਦਾ ਹੈ।

ਗੁਰੂ ਸਾਹਿਬ ਦੀ ਚੌਥੀ ਜੰਗ ਕਰਤਾਰਪੁਰ ਸਾਹਿਬ ਦੀ ਹੈ, ਜੋ ਸਿੱਖ ਇਤਿਹਾਸ ਵਿਚ ਇਕ ਅਹਿਮ ਸਥਾਨ ਰੱਖਦੀ ਹੈ। ਇਸ ਜੰਗ ਦਾ ਸਬੱਬ ਸਿੱਖ ਫੌਜ ਦੇ ਇਕ ਸਾਬਕਾ ਜਰਨੈਲ ਪੈਂਦੇ ਖਾਨ ਦੀ ਗੁਰੂ ਘਰ ਨਾਲ ਗਦਾਰੀ ਅਤੇ ਫੌਜਦਾਰ ਕਾਲੇ ਖਾਂ ਦੀ ਬਦਲੇ ਦੀ ਭਾਵਨਾ ਸੀ। ਸੋ ਇਨ੍ਹਾਂ ਦੁਸ਼ਟਾਂ ਨੇ ਮਿਲਵੇ ਰੂਪ ਵਿਚ ਗੁਰੂ ਸਾਹਿਬ 'ਤੇ ਹਮਲਾ ਕਰ ਦਿੱਤਾ। ਇਹ ਜੰਗ ਅਪ੍ਰੈਲ ਮਹੀਨੇ ਦੇ ਆਖਰੀ ਹਫ਼ਤੇ 1635 ਈਸਵੀ ਨੂੰ ਲਗਾਤਾਰ ਤਿੰਨ ਦਿਨ ਹੁੰਦਾ ਰਿਹਾ।

ਗੁਰੂ ਸਾਹਿਬ ਦੀ ਪੰਜਵੀਂ ਲੜਾਈ ਪਲਾਹੀ ਸਾਹਿਬ (ਫਗਵਾੜਾ) ਵਿਖੇ ਹੋਈ 29 ਅਪ੍ਰੈਲ 1635 ਈ: ਨੂੰ ਸ਼ਾਹੀ ਫੌਜਾਂ ਨੇ ਗੁਰੂ ਕੀਆਂ ਫੌਜਾਂ 'ਤੇ ਅਚਾਨਕ ਹਮਲਾ ਕਰ ਦਿੱਤਾ। ਹਮਲਾ ਭਾਵੇਂ ਕਹਿਰੀ ਸੀ ਪਰ ਸਿੱਖਾਂ ਨੇ ਇਸ ਦਾ ਮੂੰਹ ਤੋੜਵਾ ਜਵਾਬ ਦਿੱਤਾ। ਇਸ ਤਰ੍ਹਾਂ ਸ਼ਾਹੀ ਫੌਜਾਂ ਨੂੰ ਨਮੋਸ਼ੀ ਦਾ ਸਾਹਮਣਾ ਕਰਨਾ ਪੈ ਗਿਆ।

ਗੁਰੂ ਹਰਗੋਬਿੰਦ ਸਾਹਿਬ ਨੇ ਆਪਣੀ ਪੂਰੀ ਹਯਾਤੀ ਸਿੱਖ ਧਰਮ ਦੇ ਪ੍ਰਚਾਰ ਅਤੇ ਪ੍ਰਸਾਰ ਹਿੱਤ ਲਗਾ ਦਿੱਤੀ। ਇਸ ਮਨੋਰਥ ਦੀ ਸਿੱਧੀ ਲਈ ਰੁਕਾਵਟ ਪੈਦਾ ਕਰਨ ਵਾਲੀ ਹਰੇਕ ਧਿਰ ਨੂੰ ਇੱਟ ਦਾ ਜਵਾਬ ਪੱਥਰ ਨਾਲ ਦਿੱਤਾ ਗਿਆ। ਜਿਥੇ ਗੁਰੂ ਸਾਹਿਬ ਨੇ ਆਪਣੀ ਕਹਿਣੀ ਅਤੇ ਕਰਣੀ ਵਿਚ ਸਮਤੋਲ ਬਣਾਈ ਰੱਖਿਆ, ਉਥੇ ਆਪਣੇ ਵਿਸ਼ਵਾਸ ਪਾਤਰਾਂ ਨੂੰ ਸੇਵਾ ਅਤੇ ਸਿਮਰਨ ਨਾਲ ਵੀ ਜੋੜੀ ਰੱਖਿਆ।

ਆਪਣੀ ਸੰਸਾਰਿਕ ਯਾਤਰਾ ਦੀ ਸੰਪੂਰਤਾ ਨੂੰ ਨੇੜੇ ਜਾਣ ਕੇ ਛੇਵੇ ਸਤਿਗੁਰਾਂ ਨੇ ਗੁਰਗੱਦੀ ਦੀ ਜ਼ਿੰਮੇਵਾਰੀ ਆਪਣੇ ਪੋਤਰੇ ਸ੍ਰੀ ਹਰਿ ਰਾਏ ਸਾਹਿਬ ਨੂੰ ਸੌਂਪ ਦਿੱਤੀ। ਗੁਰਗੱਦੀ ਦੀ ਸੌਂਪਣਾ ਕਰਨ ਤੋਂ ਬਾਅਦ ਗੁਰੂ ਹਰਗੋਬਿੰਦ ਜੀ ਮਾਰਚ ਮਹੀਨੇ ਦੇ ਪਹਿਲੇ ਹਫ਼ਤੇ ਸੰਨ 1644 ਨੂੰ ਜੋਤੀ ਜੋਤ ਸਮਾ ਗਏ।

ਵੀਹਵੀਂ ਸਦੀ ਦਾ ਪ੍ਰਸਿੱਧ ਸਾਹਿਤਕਾਰ : ਭਾਈ ਵੀਰ ਸਿੰਘ



-ਪ੍ਰੋ. ਨਵ ਸੰਗੀਤ ਸਿੰਘ
ਅਕਾਲ ਯੂਨੀਵਰਸਿਟੀ,
ਤਲਵੰਡੀ ਸਾਬੋ (ਬਠਿੰਡਾ)
94176-92015.

(Punjab Mail USA)

ਡਾ. ਭਾਈ ਵੀਰ ਸਿੰਘ ਵੀਹਵੀਂ ਸਦੀ ਦਾ ਪ੍ਰਸਿੱਧ ਸਾਹਿਤਕਾਰ ਅਤੇ ਯੁੱਗ-ਪੁਰਸ਼ ਹੋ ਗੁਜ਼ਰਿਆ ਹੈ, ਜਿਸਨੂੰ ਭਾਰਤ ਦੇ ਪ੍ਰਸਿੱਧ ਦਾਰਸ਼ਨਿਕ ਡਾ. ਰਾਧਾਕ੍ਰਿਸ਼ਨਨ ਨੇ 'ਭਾਰਤ ਦੀ ਸਨਾਤਨੀ ਵਿਦਵਤਾ ਦੇ ਪ੍ਰਤੀਨਿਧ' ਕਿਹਾ ਹੈ। ਡਾ. ਮੁਲਕਰਾਜ ਆਨੰਦ ਨੇ ਭਾਈ ਵੀਰ ਸਿੰਘ ਨੂੰ 'ਸਿਰਜਣਾਤਮਕ ਵੇਗ ਨੂੰ ਜੀਵਨ ਅਤੇ ਵਿਸ਼ਵ ਦੇ ਸੰਤੁਲਨ ਦਾ ਆਧਾਰ ਮੰਨਣ ਵਾਲੇ ਵਿਅਕਤੀ' ਦਾ ਨਾਮ ਦਿੱਤਾ ਹੈ। ਸ਼੍ਰੀ ਹਰਿੰਦਰਨਾਥ ਚਟੋਪਾਧਿਆਏ ਨੇ ਭਾਈ ਸਾਹਿਬ ਨੂੰ 'ਪੰਜਾਂ ਦਰਿਆਵਾਂ ਦੀ ਧਰਤੀ ਦੇ ਛੇਵੇਂ ਦਰਿਆ' ਦੀ ਉਪਾਧੀ ਦਿੱਤੀ ਹੈ। ਡਾ. ਮੋਹਨ ਸਿੰਘ ਦੀਵਾਨਾ ਨੇ ਲਿਖਿਆ ਹੈ ਕਿ ਆਪ ਸਿੱਖ ਨਵ-ਚੇਤਨਾ ਦੇ ਅਜਿਹੇ ਥੰਮ੍ਹ ਸਨ, ਜਿਨ੍ਹਾਂ ਨੇ ਆਪਣੇ ਜੀਵਨ, ਕਵਿਤਾ, ਗਲਪ ਅਤੇ ਗੱਦ ਰਾਹੀਂ ਅਨੇਕਾਂ ਜਿੰਦੜੀਆਂ ਨੂੰ ਜੀਵਨ-ਛੋਹ ਦੇ ਕੇ ਉਤਸ਼ਾਹਿਤ ਕੀਤਾ ਅਤੇ ਪੰਜਾਬੀ ਸਾਹਿਤ ਵਿਚ ਅਭਿਵਿਅਕਤੀ ਦੇ ਨਵੀਨ ਮਾਪਦੰਡ ਸਿਰਜੇ।

ਭਾਈ ਵੀਰ ਸਿੰਘ ਦਾ ਜਨਮ 5 ਦਸੰਬਰ, 1872 ਈ. ਨੂੰ ਅੰਮ੍ਰਿਤਸਰ ਵਿਖੇ ਡਾ. ਚਰਨ ਸਿੰਘ ਦੇ ਘਰ ਮਾਤਾ ਉੱਤਮ ਕੌਰ ਦੀ ਕੁੱਖੋਂ ਹੋਇਆ। ਉਸਦੀ ਵੰਸ਼-ਪ੍ਰੰਪਰਾ ਦਾ ਪਿਛੋਕੜ ਦੀਵਾਨ ਕੌੜਾ ਮੱਲ ਨਾਲ ਜਾ ਮਿਲਦਾ ਹੈ, ਜੋ ਅਠਾਰ੍ਹਵੀਂ ਸਦੀ ਦੇ ਪਹਿਲੇ ਅੱਧ ਵਿਚ ਲਾਹੌਰ ਦੇ ਦੀਵਾਨ ਅਤੇ ਮੁਲਤਾਨ ਦੇ ਹਾਕਮ ਬਣੇ ਸਨ। ਉਸਦੇ ਦਾਦਾ ਸ. ਕਾਹਨ ਸਿੰਘ (1788-1878) ਸੰਸਕ੍ਰਿਤ ਦੇ ਵਿਦਵਾਨ ਸਨ ਅਤੇ ਬ੍ਰਜ-ਭਾਸ਼ਾ ਵਿਚ ਕਾਵਿ-ਰਚਨਾ ਕਰਦੇ ਸਨ। ਭਾਈ ਸਾਹਿਬ ਦੇ ਪਿਤਾ ਡਾ. ਚਰਨ ਸਿੰਘ (1853-1908) ਵੀ ਸੰਸਕ੍ਰਿਤ ਤੇ ਬ੍ਰਜ-ਭਾਸ਼ਾ ਦੇ ਵਿਦਵਾਨ ਸਨ। ਭਾਈ ਸਾਹਿਬ ਦੇ ਨਾਨਾ ਗਿਆਨੀ ਹਜ਼ਾਰਾ ਸਿੰਘ (1828-1908) ਗੁਰਬਾਣੀ ਦੇ ਪ੍ਰਸਿੱਧ ਟੀਕਾਕਾਰ ਸਨ।

ਸਪੱਸ਼ਟ ਹੈ ਕਿ ਭਾਈ ਵੀਰ ਸਿੰਘ ਦੇ ਪਿਤਰੀ ਧਨ ਵਿਚ ਦੀਵਾਨ ਕੌੜਾ ਮੱਲ ਦੀ ਰਾਜਸੀ ਮਹੱਤਤਾ, ਬਾਬਾ ਕਾਹਨ ਸਿੰਘ ਦਾ ਸਾਧੂਤਵ, ਡਾ. ਚਰਨ ਸਿੰਘ ਦੀ ਬੁੱਧੀਜੀਵਤਾ ਅਤੇ ਗਿਆਨੀ ਹਜ਼ਾਰਾ ਸਿੰਘ ਦਾ ਪਰਮਾਰਥ ਗਿਆਨ ਸ਼ਾਮਲ ਸਨ। ਪ੍ਰਿੰ. ਸੰਤ ਸਿੰਘ ਸੇਖੋਂ ਅਨੁਸਾਰ "ਅਜਿਹੇ ਪਿਤਰੀ ਧਨ ਵਾਲਾ ਪੁਰਖ ਸਮਝੋ ਉਨ੍ਹੀਵੀਂ ਸਦੀ ਦੇ ਭਾਰਤੀ ਜਾਗ੍ਰਿਤੀ ਅਧਿਆਤਮਕ ਵਾਤਾਵਰਣ ਵਿਚ ਕਿਸੇ ਮਹਾਨ ਕਾਰਜ ਲਈ ਹੀ ਜਨਮਿਆ ਹੁੰਦਾ ਹੈ ਤੇ ਭਾਈ ਵੀਰ ਸਿੰਘ ਦੇ ਭਾਗ ਵਿਚ ਇਹ ਮਹਾਨ ਕਾਰਜ ਨਿਸ਼ਚੈ ਹੀ ਅੰਕਿਤ ਹੋਇਆ।"

ਭਾਈ ਸਾਹਿਬ ਨੇ ਆਪਣੇ ਮੁੱਢਲੀ ਵਿੱਦਿਆ ਗਿਆਨੀ ਹਜ਼ਾਰਾ ਸਿੰਘ ਅਤੇ ਉਨ੍ਹਾਂ ਦੇ ਸਹਿਚਾਰੀਆਂ ਪਾਸੋਂ ਪ੍ਰਾਪਤ ਕੀਤੀ। ਅੱਠ ਸਾਲ ਦੀ ਉਮਰ ਤੱਕ ਉਸਨੇ ਗੁਰੂ ਗ੍ਰੰਥ ਸਾਹਿਬ ਦਾ ਪਾਠ ਵੀ ਕਰ ਲਿਆ ਸੀ। 1891 ਵਿਚ ਉਸਨੇ ਅੰਮ੍ਰਿਤਸਰ ਦੇ ਮਿਸ਼ਨ ਸਕੂਲ ਤੋਂ ਐਂਟਰੈਂਸ (ਦਸਵੀਂ) ਦੀ ਪ੍ਰੀਖਿਆ ਪਾਸ ਕੀਤੀ ਅਤੇ ਜ਼ਿਲ੍ਹੇ ਭਰ 'ਚੋਂ ਅੱਵਲ ਰਹਿਣ ਕਰਕੇ ਜ਼ਿਲ੍ਹਾ ਬੋਰਡ ਨੇ ਉਸਨੂੰ ਸੋਨੇ ਦਾ ਮੈਡਲ ਪ੍ਰਦਾਨ ਕੀਤਾ। ਇਹ ਪ੍ਰੀਖਿਆ ਪਾਸ ਕਰਨ ਤੋਂ ਦੋ ਸਾਲ ਪਹਿਲਾਂ (1889 ਵਿਚ) ਉਸਦਾ ਵਿਆਹ ਬੀਬੀ ਚਤੁਰ ਕੌਰ ਨਾਲ ਹੋ ਗਿਆ ਸੀ, ਜਿਸਦੀ ਕੁੱਖੋਂ ਦੋ ਧੀਆਂ ਕਰਤਾਰ ਕੌਰ ਅਤੇ ਸੁਸ਼ੀਲ ਕੌਰ ਨੇ ਜਨਮ ਲਿਆ। ਮੈਟ੍ਰਿਕ ਤੋਂ ਪਿੱਛੋਂ ਉਸਨੇ ਸਰਕਾਰੀ ਨੌਕਰੀ ਦਾ ਵਿਚਾਰ ਨਾ ਬਣਾਇਆ, ਕਿਉਂਕਿ ਆਪਣੇ ਪਿਤਾ ਦੇ ਪ੍ਰਭਾਵ ਹੇਠ ਅਤੇ ਉਨ੍ਹਾਂ ਦੇ ਸਫਲ ਜੀਵਨ ਸਦਕਾ ਉਸਦੇ ਮਨ ਵਿਚ ਸਮਾਜ ਦੀ ਖੁੱਲ੍ਹੀ ਸੇਵਾ ਦੀ ਧੁਨ ਵੱਜ ਰਹੀ ਸੀ। ਸਾਹਿਤ ਪ੍ਰਤੀ ਉਸਦੀ ਰੁਚੀ ਬਹੁਤ ਜ਼ਿਆਦਾ ਸੀ ਅਤੇ ਇਸ ਅਨੁਸਾਰ ਉਸਨੇ ਆਪਣਾ ਵਿਹਾਰ ਵੀ ਚੁਣਿਆ। ਪਿਤਾ ਦੇ ਇੱਕ ਸਹਿਯੋਗੀ ਵਜ਼ੀਰ ਸਿੰਘ ਨਾਲ ਮਿਲ ਕੇ ਉਸਨੇ 'ਵਜ਼ੀਰ ਹਿੰਦ ਪ੍ਰੈੱਸ' ਨਾਂ ਦਾ ਛਾਪੇਖਾਨਾ ਸ਼ੁਰੂ ਕੀਤਾ। ਫਿਰ 'ਖਾਲਸਾ ਟ੍ਰੈਕਟ ਸੁਸਾਇਟੀ' ਦੀ ਨੀਂਹ ਰੱਖੀ। 1899 'ਚ ਸਪਤਾਹਿਕ 'ਖਾਲਸਾ ਸਮਾਚਾਰ' ਜਾਰੀ ਕੀਤਾ, ਜਿਸ ਰਾਹੀਂ ਪੰਥਕ ਸਮਾਚਾਰ ਪ੍ਰਕਾਸ਼ਿਤ ਕਰਨ ਦੇ ਨਾਲ-ਨਾਲ ਸਿੱਖੀ ਸਿੱਧਾਂਤ, ਗੁਰਬਾਣੀ ਤੇ ਗੁਰਮਤਿ ਦੀ ਸਿਖਿਆ ਦੇ ਪ੍ਰਚਾਰ-ਪ੍ਰਸਾਰ ਦਾ ਕੰਮ ਵੀ ਆਰੰਭਿਆ।

ਸਾਹਿਤ ਦੇ ਖੇਤਰ 'ਚ ਭਾਈ ਸਾਹਿਬ ਨੇ ਬਹੁਪੱਖੀ ਹਿੱਸਾ ਪਾਇਆ। ਕਵਿਤਾ ਤੋਂ ਬਿਨਾਂ ਉਸਨੇ ਨਾਵਲ, ਨਾਟਕ, ਵਾਰਤਕ, ਸੰਪਾਦਨ ਤੇ ਸਟੀਕ ਦੇ ਖੇਤਰ 'ਚ ਕਾਫ਼ੀ ਗੰਭੀਰ ਰਚਨਾਵਾਂ ਦੇ ਕੇ ਨਵੀਆਂ ਲੀਹਾਂ ਪਾਈਆਂ। ਉਸ ਦੀਆਂ ਪ੍ਰਮੁੱਖ ਰਚਨਾਵਾਂ ਦਾ ਵੇਰਵਾ ਇਸ ਪ੍ਰਕਾਰ ਹੈ:

* **ਕਵਿਤਾ** : ਨਨਾਣ ਭਰਜਾਈ ਦੀ ਸਿੱਖਿਆਦਾਇਕ ਵਾਰਤਾਲਾਪ, ਰਾਣਾ ਸੂਰਤ ਸਿੰਘ, ਲਹਿਰਾਂ ਦੇ ਹਾਰ, ਮਟਕ ਹੁਲਾਰੇ, ਬਿਜਲੀਆਂ ਦੇ ਹਾਰ, ਪ੍ਰੀਤ ਵੀਣਾ, ਕੰਬਦੀ ਕਲਾਈ, ਕੰਤ ਮਹੇਲੀ ਦਾ ਬਾਰਾਂਮਾਹ, ਮੇਰੇ ਸਾਈਆਂ ਜੀਓ।

* **ਨਾਵਲ** : ਸੁੰਦਰੀ, ਬਿਜੈ ਸਿੰਘ, ਸਤਵੰਤ ਕੌਰ, ਬਾਬਾ ਨੌਧ ਸਿੰਘ।

* **ਨਾਟਕ** : ਰਾਜਾ ਲਖਦਾਤਾ ਸਿੰਘ।

* **ਵਾਰਤਕ** : ਗੁਰੂ ਨਾਨਕ ਚਮਤਕਾਰ, ਸ੍ਰੀ ਗੁਰੂ ਕਲਗੀਧਰ ਚਮਤਕਾਰ, ਅਸ਼ਟ ਗੁਰੂ ਚਮਤਕਾਰ, ਗੁਰਬਾਲਮ ਸਾਖੀਆਂ (ਪਾਤਸ਼ਾਹੀ ਪਹਿਲੀ), ਗੁਰਬਾਲਮ ਸਾਖੀਆਂ (ਪਾਤਸ਼ਾਹੀ ਦਸਵੀਂ), ਸਰਵਪ੍ਰਿਯ ਸਿੱਖ ਧਰਮ, ਭਰਥਰੀ ਹਰੀ-ਜੀਵਨ ਤੇ ਨੀਤੀ, ਦੇਵੀ ਪੂਜਨ ਪੜਤਾਲ, ਸੰਤ ਗਾਥਾ ਭਾਗ, ਭਾਈ ਗੁਰਦਾਸ ਸਕੰਧ।

* **ਸੰਪਾਦਨ ਤੇ ਹੋਰ ਰਚਨਾਵਾਂ** : ਗੁਰਪ੍ਰਤਪ ਸੂਰਜ ਗ੍ਰੰਥ, ਸਿੱਖਾਂ ਦੀ ਭਗਤਮਾਲਾ, ਪ੍ਰਾਚੀਨ ਪੰਥ ਪ੍ਰਕਾਸ਼, ਪੁਰਾਤਨ ਜਨਮਸਾਖੀ, ਪੰਜ ਗ੍ਰੰਥੀ ਸਟੀਕ, ਗੁਰੂ ਗ੍ਰੰਥ ਸਾਹਿਬ ਦੇ ਪਹਿਲੇ 600 ਪੰਨਿਆਂ ਦਾ ਟੀਕਾ।

ਉਸ ਦੀਆਂ ਰਚਨਾਵਾਂ ਦੇ ਹਿੰਦੀ ਅਤੇ ਅੰਗ੍ਰੇਜ਼ੀ ਅਨੁਵਾਦ ਵੀ ਪ੍ਰਕਾਸ਼ਿਤ ਹੋਏ। ਉਸ ਦੀਆਂ ਕਈ ਲਿਖਤਾਂ ਉਸ ਦੀ ਮੌਤ ਪਿਛੋਂ ਵਿਭਿੰਨ ਲੇਖਕਾਂ ਨੇ ਸੰਪਾਦਿਤ ਕੀਤੀਆਂ।

ਉਸਦੇ ਜੀਵਨ, ਰਚਨਾ ਅਤੇ ਸ਼ਖ਼ਸੀਅਤ ਸੰਬੰਧੀ ਅਣਗਿਣਤ ਲੇਖ, ਖੋਜ-ਪੱਤਰ, ਪੁਸਤਕਾਂ ਅਤੇ ਥੀਸਿਜ਼ ਪ੍ਰਕਾਸ਼ਿਤ ਹੋਏ। ਮੇਰੀ ਜਾਚੇ ਉਹ ਇੱਕ ਅਜਿਹਾ ਆਧੁਨਿਕ ਸਾਹਿਤਕਾਰ ਹੈ, ਜਿਸ ਦੀਆਂ ਰਚਨਾਵਾਂ ਬਾਰੇ ਨਿਰੰਤਰ ਖੋਜ-ਕਾਰਜ ਜਾਰੀ ਹੈ। ਬਹੁਤ ਪਾਠਕਾਂ ਨੂੰ ਇਹ ਗੱਲ ਵੀ ਦਿਲਚਸਪ ਜਾਪੇਗੀ ਕਿ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਨਮੁੱਖ ਜੋ ਖ਼ੂਬਸੂਰਤ ਫੁੱਲ ਸਜਾਏ ਜਾਂਦੇ ਹਨ, ਉਹ ਅਜੇ ਵੀ ਭਾਈ ਵੀਰ ਸਿੰਘ ਦੇ ਘਰ ਦੀ ਫੁਲਵਾੜੀ ਵਿਚੋਂ ਆਉਂਦੇ ਹਨ।

ਆਪਣੇ ਸਮੇਂ ਦੇ ਬਹੁਤ ਸਾਰੇ ਵਿਦਵਾਨਾਂ ਨਾਲ ਉਸਦੇ ਸਾਹਿਤਕ ਸੰਬੰਧ ਸਨ। ਆਧੁਨਿਕ ਕਾਲ ਦੇ ਮੁੱਢਲੇ ਪੰਜਾਬੀ ਕਵੀਆਂ - ਮੌਲਾ ਬਖ਼ਸ਼ ਕੁਸ਼ਤਾ, ਚਰਨ ਸਿੰਘ ਸ਼ਹੀਦ, ਪ੍ਰੋ. ਪੂਰਨ ਸਿੰਘ, ਧਨੀ ਰਾਮ ਚਾਤ੍ਰਿਕ ਆਦਿ ਦੀ ਰਚਨਾਤਮਕ ਪ੍ਰਤਿਭਾ ਨੂੰ ਨਿਖਾਰਨ ਵਿਚ ਭਾਈ ਵੀਰ ਸਿੰਘ ਦਾ ਵਿਸ਼ੇਸ਼ ਯੋਗਦਾਨ ਰਿਹਾ। ਪ੍ਰੋ. ਪੂਰਨ ਸਿੰਘ ਨੇ ਇਸਨੂੰ ਸਵੀਕਾਰ ਕਰਦਿਆਂ ਲਿਖਿਆ ਹੈ, "ਉਸ ਸੁਭਾਗ ਘੜੀ ਗੁਰੂ ਜੀ ਦੇ ਦਰ ਤੇ ਇੱਕ ਮਹਾਂਪੁਰਖ (ਭਾਈ ਵੀਰ ਸਿੰਘ) ਦੇ ਦੀਦਾਰ ਹੋਏ। ਅਰ ਆਪਦੇ ਕਿਰਪਾ ਕਟਾਖ਼ਸ਼ ਨਾਲ ਪੰਜਾਬੀ ਸਾਹਿਤ ਦਾ ਸਾਰਾ ਬੋਧ ਤੇ ਗਿਆਨ ਦੀ ਉਡਾਰੀ ਆਈ। ਕਵਿਤਾ ਵੀ ਮਿਲੀ ਤੇ ਉਸ ਮਿਹਰ ਦੀ ਨਜ਼ਰ ਨਾਲ ਮਿੱਠੇ ਸਾਧ ਵਚਨ ਵਿਚ ਮੈਨੂੰ ਪੰਜਾਬੀ ਆਪ ਮੁਹਾਰੀ ਆਈ।"

ਭਾਈ ਸਾਹਿਬ ਦੀਆਂ ਕਵਿਤਾਵਾਂ ਦੇ ਵਿਸ਼ੇ ਸਰਬਾਂਗੀ ਹਨ, ਜਿਨ੍ਹਾਂ ਵਿਚ ਉਸਨੇ ਆਪਣੇ ਕਾਵਿ-ਸਿੱਧਾਂਤ ਨੂੰ ਸਪੱਸ਼ਟ ਕਰਨ ਦੇ ਨਾਲ-ਨਾਲ ਕਾਵਿ ਦਾ ਸਰੂਪ, ਸੁੰਦਰਤਾ, ਨੈਤਿਕ ਸਿਖਿਆ, ਨਿੱਜੀ ਭਾਵਾਂ ਦੀ ਅਭਿਵਿਅਕਤੀ, ਪ੍ਰਕ੍ਰਿਤੀ ਚਿੱਤਰਣ ਆਦਿ ਨੂੰ ਪ੍ਰਸਤੁਤ ਕੀਤਾ ਹੈ। ਉਸਨੂੰ ਛੋਟੀਆਂ ਕਵਿਤਾਵਾਂ ਦਾ ਵੱਡਾ ਕਵੀ ਅਤੇ ਗੁਰਮਤਿ ਦਾ ਵਿਆਖਿਆਕਾਰ ਕਵੀ ਹੋਣ ਦਾ ਮਾਣ ਪ੍ਰਾਪਤ ਹੈ। ਉਸਦੇ ਕਾਵਿ 'ਚੋਂ ਕੁਝ ਪੰਕਤੀਆ ਪਾਠਕਾਂ ਦੀ ਦਿਲਚਸਪੀ ਹਿਤ ਪੇਸ਼ ਹਨ :

* ਵੈਰੀ ਨਾਗ! ਤੇਰਾ ਪਹਿਲਾ ਝਲਕਾ, ਜਦ ਅੱਖੀਆਂ ਵਿਚ ਵਜਦਾ।
ਕੁਦਰਤ ਦੇ ਕਾਦਰ ਦਾ ਜਲਵਾ, ਲੈ ਲੈਂਦਾ ਇਕ ਸਿਜਦਾ।

* ਜਿੰਦ ਜੇ ਢਹਿੰਦੀ ਖੇੜਿਓਂ, ਢੈ ਪੈਂਦੀ ਦੇਹ ਨਾਲ।
ਖੇੜਾ ਜਿੰਦੜੀ ਇੱਕ ਹਨ, ਇਕ ਦੂਹਾਂ ਦੀ ਚਾਲ।

* ਰਹੀ ਵਾਸਤੇ ਘੱਤ, ਸਮੇਂ ਨੇ ਇਕ ਨਾ ਮੰਨੀ।
ਤ੍ਰਿਖੇ ਆਪਣੇ ਵੇਗ, ਗਿਆ ਟਪ ਬੰਨੇ ਬੰਨੀ।

* ਬੈਠ ਵੇ ਗਯਾਨੀ! ਬੁੱਧੀ-ਮੰਡਲੇ ਦੀ ਕੈਦ ਵਿਚ
'ਵਲਵਲੇ ਦੇ ਦੇਸ਼' ਸਾਡੀਆਂ ਲੱਗ ਗਈਆਂ ਯਾਰੀਆਂ।

* ਸੁਪਨੇ ਵਿਚ ਤੁਸੀਂ ਮਿਲੇ ਅਸਾਨੂੰ, ਅਸਾਂ ਧਾ ਗਲਵੱਕੜੀ ਪਾਈ।
ਨਿਰਾ ਨੂਰ ਤੁਸੀਂ ਹੱਥ ਨਾ ਆਏ, ਸਾਡੀ ਕੰਬਦੀ ਰਹੀ ਕਲਾਈ।

* ਕਵਿਤਾ ਦੀ ਸੁੰਦਰਤਾਈ, ਉੱਚੇ ਨਛੱਤ੍ਰੀਂ ਵੱਸਦੀ।
ਆਪਣੇ ਸੰਗੀਤ ਲਹਿਰੇ, ਆਪਣੇ ਪ੍ਰਕਾਸ਼ ਲੱਸਦੀ।

* ਧੋਬੀ ਕੱਪੜੇ ਧੋਂਦਿਆ, ਵੀਰਾ ਹੋ ਹੁਸ਼ਿਆਰ!
ਪਿਛਲੇ ਪਾਸਯੋਂ ਆ ਰਿਹਾ, ਮੂੰਹ ਅੱਡੀ ਸੰਸਾਰ।

1949 ਵਿਚ ਉਸਨੂੰ ਪੰਜਾਬ ਯੂਨੀਵਰਸਿਟੀ ਵੱਲੋਂ 'ਡਾਕਟਰੇਟ' ਦੀ ਆਨਰੇਰੀ ਡਿਗਰੀ ਪ੍ਰਦਾਨ ਕੀਤੀ ਗਈ; ਆਜ਼ਾਦ ਭਾਰਤ ਦੀ ਸਥਾਪਨਾ ਪਿੱਛੋਂ ਪੰਜਾਬ ਦੇ ਰਾਜਪਾਲ ਨੇ ਉਸਨੂੰ ਪੰਜਾਬ ਵਿਧਾਨ ਪ੍ਰੀਸ਼ਦ ਦਾ ਮੈਂਬਰ ਨਾਮਜ਼ਦ ਕੀਤਾ; 1953 ਵਿਚ ਭਾਰਤੀ ਸਾਹਿਤ ਅਕਾਡਮੀ ਵੱਲੋਂ ਉਸਦੀ ਪੁਸਤਕ 'ਮੇਰੇ ਸਾਈਆਂ ਜੀਓ' ਨੂੰ ਪੁਰਸਕ੍ਰਿਤ ਕੀਤਾ ਗਿਆ, ਜੋ ਪੰਜਾਬੀ ਪੁਸਤਕ ਨੂੰ ਮਿਲਣ ਵਾਲਾ ਸਭ ਤੋਂ ਪਹਿਲਾ ਇਨਾਮ ਸੀ; 1954 ਵਿਚ ਸਿੱਖ ਵਿਦਿਅਕ ਕਾਨਫਰੰਸ ਬੰਬਈ ਵੱਲੋਂ ਉਸਨੂੰ 'ਅਭਿਨੰਦਨ ਗ੍ਰੰਥ' ਭੇਟਾ ਕੀਤਾ ਗਿਆ; 1956 'ਚ ਭਾਰਤ ਸਰਕਾਰ ਵੱਲੋਂ ਉਸਨੂੰ 'ਪਦਮ ਵਿਭੂਸ਼ਣ' ਨਾਲ ਸਨਮਾਨਿਤ ਕੀਤਾ ਗਿਆ।

1957 ਦੇ ਸ਼ੁਰੂ ਤੋਂ ਹੀ ਭਾਈ ਸਾਹਿਬ ਸਰੀਰਕ ਕਮਜ਼ੋਰੀ ਮਹਿਸੂਸ ਕਰਨ ਲੱਗ ਪਏ ਸਨ। ਪਹਿਲੀ ਜੂਨ ਨੂੰ ਹੋਏ ਬੁਖ਼ਾਰ ਕਰਕੇ 10 ਜੂਨ ਨੂੰ ਉਨ੍ਹਾਂ ਦਾ ਦੇਹਾਂਤ ਹੋ ਗਿਆ। ਉਹ ਆਪਣੇ ਪਿੱਛੇ ਆਪਣੀ ਸ਼ਖਸੀਅਤ ਅਤੇ ਰਚਨਾਵਾਂ ਦਾ ਅਜਿਹਾ ਗੌਰਵ ਛੱਡ ਗਏ, ਜੋ ਯੁਗਾਂ ਤੱਕ ਆਉਣ ਵਾਲੀ ਮਾਨਵਤਾ ਦਾ ਪਥ-ਪ੍ਰਦਰਸ਼ਨ ਕਰਦਾ ਰਹੇਗਾ!

ਨਿਊਜ਼ ਚੈਨਲ

ਕੰਡੇ ਦਾ ਕੰਡਾ

-ਡਾ. ਅਮਰੀਕ ਸਿੰਘ ਕੰਡਾ
1764-ਗੁਰੂ ਰਾਮ ਦਾਸ ਨਗਰ
ਨੇੜੇ ਨੈਸਲੇ ਮੋਗਾ (ਪੰਜਾਬ)
98557-35666



(Punjab Mail USA)

"ਸਰ ਇਟਸ ਨਿਊਜ਼ ਸਰ.........? ਨਵੇਂ-ਨਵੇਂ ਪੱਤਰਕਾਰ ਨੇ ਚੈਨਲ ਦੇ ਨਿਊਜ਼ ਐਡੀਟਰ ਨੂੰ ਕਿਹਾ

"ਵਟਸ ਦਾ ਨਿਊਜ਼ ਮਾਈ ਡੀਅਰ.........?

"ਸਰ ਇਕ ਹਲਕੇ ਕੁੱਤੇ ਨੇ ਬੰਦੇ ਨੂੰ ਕੱਟ ਲਿਆ ਸਰ..........?"

"ਇਟਸ ਨਾਟ ਨਿਊਜ਼, ਇਟਸ ਰੁਟੀਨ ਵਰਕ ਆਫ ਡਾਗਸ, ਜ਼ਰਾ ਹਟਕੇ ਨਿਊਜ਼ ਹੋਵੇ ਡੀਅਰ।"

"ਸਰ ਮੈਂ ਇਸੇ ਚੇਂਜ ਕਰ ਦੇਤਾਂ ਹੂੰ ਸਰ.........?"

"ਟੈਲ ਮੀ ਹਾਉ ਟੂ ਚੇਂਜ਼ ਮਾਈ ਡੀਅਰ.........?

"ਸਰ ਇਕ ਆਦਮੀ ਨੇ ਕੁੱਤੇ ਕੋ ਕਾਟਾ.........?"

"ਡੈਟਸ ਗੁੱਡ ਨਿਊਜ਼, ਬਣ ਗਈ ਮਾਈ ਡੀਓਰ ਨਿਊਜ਼, ਹਾ.ਹਾ..ਡੀਅਰ ਤੁਮ ਖੂੰਖਾਰ ਕੁੱਤੇ ਕੀ ਤਲਾਸ਼ ਕਰੋ।"

"ਪਰ ਸਰ ਖੂੰਖਾਰ ਤੋ ਬੰਦਾ ਵਿਖਾਉਣਾ ਜਿਸਨੇ ਕੁੱਤੇ ਨੂੰ ਕੱਟਿਆ.........?"

"ਨਹੀਂ ਤੁਮ ਅਭੀ ਨਏਂ ਹੋ, ਆਦਮੀ ਤੋ ਖੂੰਖਾਰ ਹੈ ਹੀ, ਕੋਈ ਵੀ ਦਿਖਾਇਆ ਜਾ ਸਕਤਾ ਹੈ, ਤੁਮ ਵੀ ਤੋ ਆਦਮੀ ਹੋ, ਅਰੇ ਤੁਮੇਂ ਹੀ ਦਿਖਾਤੇ ਹੈ, ਬਰੇਕਿੰਗ ਨਿਊਜ਼ ਚੈਨਲ ਕੇ ਪੱਤਰਕਾਰ ਨੇ ਕੁੱਤੇ ਕੋ ਕਾਟਾ, ਏਕ ਹੀ ਰਾਤ ਮੇ ਤੁਮ ਸਟਾਰ..?"

"ਪਰ ਸਰ........ ਮੈਂ...... ਕੁੱਤੇ ਕੋ ਕਾਟੂੰਗਾ.........?"

"ਮਾਈ ਡੀਅਰ ਇਡੀਅਟ ਹਮੇ ਆਮ ਕੁੱਤਾ ਨਹੀਂ ਦਿਖਾਨਾ, ਮੈਂ ਦੋਸਤ ਕੋ ਫੋਨ ਲਗਾਤਾ ਹੂੰ ਵੋ ਵੈਟਰਨਿਰੀ ਡਾਕਟਰ ਹੈ, ਉਸਕੋ ਬੁਲਾਤੇ ਹੈ, ਉਸਕਾ ਕਾਮ ਹੀ ਕੁੱਤੋਂ ਕਾ ਹੈ, ਉਸਕੇ ਪਾਸ ਕੋਈ ਨਾ ਕੋਈ ਕੁੱਤਾ ਜਰੂਰ ਹੋਗਾ......?"

"ਪਰ ਸਰ ਨਿਊਜ਼ ਲੀਕ ਨਾ ਹੋ ਜਾਏ........?" ਪੱਤਰਕਾਰ ਸਾਹਬ ਨੇ ਕਿਹਾ

"ਵੋਹ ਮੇਰਾ ਖਾਸ ਦੋਸਤ ਹੈ, ਇਸੀ ਬਹਾਨੇ ਵੋ ਚੈਨਲ ਪੇ ਆ ਜਾਏਗਾ, ਪਿਛਲੇ ਸਾਲ ਸੇ ਕਹਿ ਰਹਾ ਹੈ ਕਿ ਮੁਝੇ ਵੀ ਟੀ.ਵੀ. ਚੈਨਲ ਪਰ ਆਨਾ ਹੈ।" "ਜੀ ਸਰ ਜੀ।" ਨਵਾਂ ਪੱਤਰਕਾਰ ਹੈਰਾਨ ਹੋ ਰਿਹਾ ਸੀ।

ਸਾਰੀ ਕਹਾਣੀ ਦੋਸਤ ਨੂੰ ਸਮਝਾਉਣ ਤੋਂ ਬਾਅਦ ਨਿਊਜ਼ ਅਡੀਟਰ ਕਹਿ ਰਹੇ ਸਨ।

"ਯਾਦ ਰੱਖਣਾ ਕੁੱਤੇ ਕੋ ਭਿਆਨਕ ਸੇ ਭਿਆਨਕ ਬਿਮਾਰੀਆਂ ਲਗਾਨੀ ਹੈ, ਯਾਨੀ ਕਿ ਜਿਤਨੀ ਵੀ ਬਿਮਾਰੀਆਂ ਹੋਤੀ ਹੈ ਸਭ ਲਗਾਦੋ, ਜੋ ਖਬਰ ਤੀਨ-ਚਾਰ ਦਿਨ ਚਲਾ ਸਕੇਂ, ਤੀਨ-ਚਾਰ ਦਿਨ ਲਗਾਤਾਰ ਤੁਮ ਚੈਨਲ ਪੇ ਛਾ ਜਾਓਗੇ।"

ਛੁੱਟੀਆ ਤੇ ਰੁੱਖ

ਹੋਗੀਆਂ ਨੇ ਛੁੱਟੀਆਂ ਮਨਾਓ ਬੱਚਿਓ
ਇੱਕ ਇੱਕ ਰੁੱਖ ਸਾਰੇ ਲਾਓ ਬੱਚਿਓ

ਰੁੱਖ ਲਾ ਕੇ ਫਿਰ ਪਾਣੀ ਪਾਉਂਦੇ ਰਹਿਣਾ ਏ
ਸਾਡੀ ਜ਼ਿੰਦਗੀ 'ਚ ਰੁੱਖ ਵੱਡਮੁੱਲਾ ਗਹਿਣਾ ਏ
ਸਾਰਿਆਂ ਨੂੰ ਇਹ ਗਹਿਣਾ ਪਹਿਨਾਓ ਬੱਚਿਓ
ਇੱਕ ਇੱਕ ਰੁੱਖ ਸਾਰੇ ਲਾਓ ਬੱਚਿਓ

ਜੇ ਸਾਂਭਿਆ ਨਾ ਮੌਕਾ ਫੇਰ ਪਊ ਪਛਤਾਉਣਾ ਏ
ਜਦੋਂ ਦੂਰ-ਦੂਰ ਤੱਕ ਕੋਈ ਪੰਛੀ ਨੀ ਥਿਆਉਣਾ ਏ
ਇਨ੍ਹਾਂ ਪੰਛੀਆਂ ਨੂੰ ਰਲ ਕੇ ਬਚਾਓ ਬੱਚਿਓ
ਇੱਕ ਇੱਕ ਰੁੱਖ ਸਾਰੇ ਲਾਓ ਬੱਚਿਓ

ਨੇਕ ਕੰਮ ਥੋੜਾ ਇਹ ਸਾਰੇ ਹੀ ਸਲਾਹੁਣ ਗੇ
ਰੀਸ ਕਰ ਥੋੜੀ ਸਾਰੇ ਰੁੱਖ ਵੀ ਲਗਾਉਣ ਗੇ
ਰੀਸ ਸਾਰਿਆਂ ਨੂੰ ਇਹੋ ਜੀ ਲਗਾਓ ਬੱਚਿਓ
ਇੱਕ ਇੱਕ ਰੁੱਖ ਸਾਰੇ ਲਾਓ ਬੱਚਿਓ

ਏ ਸ਼ੁਰੂਆਤ ਕਰੋ ਤੁਸੀਂ ਪਿੰਡ ਤਾਂ ਜਨਾਲ ਤੋਂ
ਲੈ ਲਿਓ ਸਲਾਹ ਤੁਸੀਂ ਆ ਕੇ ਜਸਪਾਲ ਤੋਂ
ਰੁੱਖ ਲਾਉਣ ਦੀ ਮੁਹਿੰਮ ਹੈ ਚਲਾਓ ਬੱਚਿਓ
ਇੱਕ ਇੱਕ ਰੁੱਖ ਸਾਰੇ ਲਾਓ ਬੱਚਿਓ



-ਜਸਪਾਲ ਜਨਾਲ, ਸੰਗਰੂਰ
ਮੋਬ : 86994-06500
(Punjab Mail USA)

ਮੇਲਾ ਮੇਲੀਆਂ ਦਾ

ਮੇਲਾ ਮੇਲੀਆਂ ਦਾ, ਜ਼ਮਾਨਾ ਨਾ ਰਿਹਾ ਰੁਪਈਏ
ਧੇਲੀਆਂ ਦਾ!!
ਵੱਡੇ ਛੋਟੇ ਹਾਥੀ ਆ ਗਏ ਹੁਣ ਖਤਮ ਕੰਮ ਠੇਲੇ
ਠੇਲੀਆਂ ਦਾ!!
ਬਾਬੇ ਅੰਦਰ ਸੁਖ ਨਾਲ, ਕੀ ਬਣੂ ਬਾਬਿਆਂ ਦੀਆਂ
ਚੇਲੀਆਂ ਦਾ!!
ਮੈਗੀ ਵੈਨ ਹੋ ਗਈ ਸਮਝਣਾ ਔਖਾ ਸਿਆਸੀ
ਪਹੇਲੀਆਂ ਦਾ!!
ਮਹਿੰਗਾਈ ਨਸ਼ੇ ਦੀ ਗਰਮੀ 'ਚ ਆਉਣਾ ਤੈਅ
ਤਰੇਲੀਆਂ ਦਾ!!
ਕੰਡਾ ਦੱਸ ਕੀਹਦਾ ਕਢਾਉਣਾ, ਗੁੰਡਾਰਾਜ
ਸਿਆਸੀ ਬੇਲੀਆਂ ਦਾ!!

-ਡਾ. ਅਮਰੀਕ ਸਿੰਘ ਕੰਡਾ, ਮੋਗਾ
98557-35666
(Punjab Mail USA)

ਪਿਤਾ ਜੀ

ਜਦ ਮੈਂ ਹੋਸ਼ ਸੰਭਾਲੇ
ਬਚਪਨ ਦੀ ਨਦੀ ਤਰ ਗਿਆ ਸਾਂ
ਸਮਝ ਨੂੰ ਛੋਟੇ-ਛੋਟੇ ਖੰਭ ਲੱਗ ਗਏ
ਪਿਤਾ ਜੀ ਦੀਆਂ ਆਦਤਾਂ ਮਹਿਸੂਸ ਹੋਣ ਲੱਗੀਆਂ।
ਮੇਰੀਆਂ ਆਦਤਾਂ ਬਿਲਕੁਲ ਵਿਪਰੀਤ
ਜਵਾਨੀ ਖੰਭ ਲਗਾ ਕੇ ਉਡ ਗਈ
ਪਰ
ਉਮਰ ਦੇ ਕਿਸੇ ਵੀ ਪੜਾਅ 'ਤੇ
ਉਨ੍ਹਾਂ ਕਦੀ ਮੈਨੂੰ ਬੇਟਾ-ਪੁੱਤਰ
ਕਹਿ ਕੇ ਸੰਬੋਧਨ ਨਾ ਕੀਤਾ
ਹਮੇਸ਼ਾਂ ਇਕ ਗਾਲ਼ ਦੀ ਚਿੰਗਾਰੀ ਦਿੱਤੀ
ਪਿਆਰ ਨਾਲ, ਮੋਹ ਨਾਲ, ਨਿੱਘ ਨਾਲ, ਪਵਿੱਤਰ ਰਿਸ਼ਤੇ ਨਾਲ
ਖੁਸ਼ੀ ਨਾਲ, ਗਲਕਵਕੜੀ ਨਾਲ-
ਪਿਤਾ ਜੀ ਵੱਲੋਂ ਕਦੀ ਪਿਆਰ ਨਾ ਮਿਲਿਆ
ਉਨ੍ਹਾਂ ਦੀਆਂ ਆਦਤਾਂ ਵਿਪਰੀਤ ਦਿਸ਼ਾ ਵਿਚ ਚੱਲਦੀਆਂ
ਰਹੀਆਂ
ਘਰ ਵਿਚ ਕਲੇਸ਼, ਤਕਰਾਰ, ਚੁਗਲੀ-ਨਿੰਦਾ ਦੀ ਭਰਮਾਰ
ਪਿਤਾ ਜੀ ਦੀ ਆਦਤ ਅਗਨੀ ਵਰਗੀ
ਘਰ ਦਾ ਹਰ ਜੀਅ ਜਿਸ ਨਾਲ ਝੁਲਸਦਾ
ਬੀਜੀ ਦੀਆਂ ਆਦਤਾਂ ਵੀ ਵਿਪਰੀਤ
ਪਿਤਾ ਜੀ ਦੀਆਂ ਆਦਤਾਂ ਨਾਲੋਂ
ਜ਼ਿੰਦਗੀ ਰੋ-ਧੋ ਕੇ ਚਲਦੀ ਗਈ
ਸਾਲ ਕਿਵੇਂ ਖੰਭ ਲਗਾ ਕੇ ਉਡ ਗਏ ਪਤਾ ਨਾ ਚੱਲਿਆ,
ਜ਼ਿੰਦਗੀ ਖੂਹ ਵਿਚ ਸੁੱਟੇ ਪਾਣੀ ਵਾਂਗ ਹੈ
ਬੀਤ ਚੁੱਕੀ ਦਿਸਦੀ ਨਹੀਂ ਏ
ਪਰ, ਖੂਹ ਦੇ ਪਾਣੀ ਵਾਂਗ ਨਜ਼ਰ ਜ਼ਰੂਰ ਆਉਂਦੀ ਹੈ ਦੂਰੋਂ
ਅਤੀਤ ਦੇ ਸ਼ੀਸ਼ੇ 'ਚੋਂ
81 ਸਾਲਾਂ ਦੇ ਪਿਤਾ ਜੀ ਦੀਆਂ ਆਦਤਾਂ ਟਸ ਤੋਂ ਮਸ ਨਾ
ਹੋਈਆਂ,
ਮਾਂ ਨਾਲ ਤਕਰਾਰ, ਬੱਚਿਆਂ, ਨੂੰਹਾਂ ਨਾਲ ਤਕਰਾਰ
ਏਧਰ ਲਾਉਣੀ, ਓਧਰ ਬੁਝਾਉਣੀ
ਪਿਤਾ ਜੀ ਸ਼ੂਗਰ ਦੇ ਮਰੀਜ਼
ਖ਼ਤਰਨਾਕ ਬਿਮਾਰੀ ਨਾਲ ਪੀੜਤ ਹੋ ਗਏ
ਉਨ੍ਹਾਂ ਦੀ ਦੇਹ (ਸਰੀਰ) ਇੰਝ ਹੋ ਗਈ
ਜਿਵੇਂ ਕਿਸੇ ਭੁਕਾਨੇ (ਗ਼ੁਬਾਰੇ) 'ਚੋਂ ਹਵਾ ਕੱਢ ਦਿੱਤੀ ਹੋਵੇ
ਹਸਪਤਾਲਾਂ ਦੇ ਚੱਕਰ
ਹਰ ਹੀਲਾ ਵਸੀਲਾ ਹੋਇਆ
ਫ਼ਰਕ ਦੀ ਤੰਦ ਉਂਵੇਂ ਦੀ ਉਂਵੇਂ
ਮੈਂ ਉਨ੍ਹਾਂ ਦਾ ਮੱਲ ਮੂਤਰ ਤੱਕ ਸਾਂਭਦਾ
ਅੰਤਿਮ ਸਮੇਂ
ਉਨ੍ਹਾਂ ਦੀਆਂ ਅੱਖਾਂ 'ਚੋਂ ਵਹਿੰਦੇ ਗਲੇਡੂ ਕੁਝ ਕਹਿੰਦੇ
ਸ਼ਾਇਦ ਪਸ਼ਚਾਤਾਪ ਦੇ
ਉਹ ਮੇਰੇ ਵਲ ਵਹਿੰਦੇ ਪਲਕਾਂ ਚੁੱਕ ਕੇ
ਤੇ ਨੀਵੀਂਆਂ ਕਰ ਲੈਂਦੇ
ਜਿਵੇਂ ਜ਼ਿੰਦਗੀ ਦੇ ਅਰਥ ਜਾਣ ਗਏ ਹੋਣ
ਪਰ
ਮੇਰੇ ਹੰਝੂ ਅੱਖਾਂ 'ਚੋਂ ਨਹੀਂ ਸਨ ਨਿਕਲਦੇ
ਪਿਤਾ ਜੀ ਦੇ ਮੈਂ ਗਲੇਡੂ ਪੂੰਝਦਾ
ਮੂੰਹ ਦੀਆਂ ਲਾਰਾਂ ਸਾਫ਼ ਕਰਦਾ
ਸਮੇਂ ਸਿਰ ਦਵਾਈ ਦਿੰਦਾ
ਆਖਿਰ, ਉਹ ਫ਼ਾਨੀ ਦੁਨੀਆਂ ਨੂੰ ਅਲਵਿਦਾ ਕਹਿ ਗਏ
ਮੇਰੇ ਹੰਝੂ ਹਿਰਦੇ 'ਚੋਂ ਨਹੀਂ ਖਿਸਕੇ
ਸਭ ਰੋਏ
ਮੈਂ ਨਈਂ ਰੋਇਆ
ਹੰਝੂ ਜਿਵੇਂ ਪੱਥਰ ਹੋ ਗਏ ਹੋਣ
ਦਿਲ ਦਾ ਖ਼ੂਨ ਜਿਵੇਂ ਜੰਮ ਗਿਆ ਹੋਵੇ
ਪਿਤਾ ਜੀ ਦਾ ਸਸਕਾਰ ਕਰ ਦਿੱਤਾ ਗਿਆ
ਮੇਰੇ ਹੰਝੂ ਨਾ ਨਿਕਲੇ
ਅੰਤਿਮ ਅਰਦਾਸ, ਭੋਗ ਰਸਮ
ਮੇਰੇ ਹੰਝੂ ਨਾ ਨਿਕਲੇ, ਸਭ ਰੋਏ,
ਸਭ ਰਿਸ਼ਤੇਦਾਰ ਭੈਣ, ਭਰਾ ਚਲੇ ਗਏ
ਪਹਿਲੇ ਦਿਨ ਘਰੋਂ ਬਾਹਰ ਗਿਆ ਸਾਂ
ਸ਼ਾਮ ਨੂੰ ਵਾਪਿਸ ਪਰਤਿਆ
ਘਰ ਦਾ ਬੂਹਾ ਖੋਲ੍ਹਿਆ
ਮੋਟਰ ਸਾਈਕਲ ਵਿਹੜੇ ਵਿਚ ਖੜ੍ਹਾ ਕੀਤਾ
ਪਿਤਾ ਜੀ ਘਰ ਵਿਚ ਨਈਂ ਸਨ ਦਿਸੇ
ਮੇਰੀਆਂ ਭੁੱਬਾਂ ਨਿਕਲ ਗਈਆਂ
ਮੇਰੇ ਹੰਝੂ ਤੇਜ਼ ਬਾਰਿਸ਼ ਵਾਂਗ ਵਹਿੰਦੇ ਗਏ
ਉੱਚੀ-ਉੱਚੀ ਆਵਾਜ਼ਾਂ ਮਾਰਨ ਲੱਗਾ-
'ਪਿਤਾ ਜੀ, ਪਿਤਾ ਜੀ,' ਤੁਸੀਂ ਕਿੱਥੇ ਚਲੇ ਗਏ ਹੋ?
ਪਿਤਾ-ਬੇਟੇ ਦੇ ਰਿਸ਼ਤੇ ਦਾ ਮੋਹ-
ਉਮੜ-ਉਮੜ ਕੇ ਹੰਝੂਆਂ 'ਚ ਉਤਰ ਆਇਆ
ਹੁਣ ਜਦ ਵੀ ਬਾਹਰੋਂ ਘਰ ਆਉਂਦਾ ਹਾਂ
ਪਿਤਾ ਜੀ ਨੂੰ ਯਾਦ ਕਰਕੇ
ਹੰਝੂ ਆਪ ਮੁਹਾਰੇ ਨਿਕਲ ਆਉਂਦੇ ਹਨ
ਸੋਚਦਾ ਹਾਂ-
ਜ਼ਿੰਦਗੀ ਕਿੰਨੀ ਛੋਟੀ ਏ
ਚੁੱਟਕੀ ਵਾਂਗ ਬੀਤ ਜਾਂਦੀਏ

-ਬਲਵਿੰਦਰ ਬਾਲਮ ਗੁਰਦਾਸਪੁਰ
ਓਂਕਾਰ ਨਗਰ, ਗੁਰਦਾਸਪੁਰ (ਪੰਜਾਬ)
ਮੋ. 98156-25409
(Punjab Mail USA)

ਮੁੰਡੇ ਨਸ਼ੇ ਦੇ ਆਦੀ

ਲੱਤ ਮਾਰ ਕੇ ਦੁੱਧ ਤੇ ਘਿਓ ਨੂੰ,
ਮੁੰਡੇ ਨਸ਼ੇ ਦੇ ਆਦੀ ਹੋਏ ਬੇਲੀ।

ਉੱਥੋਂ ਕੱਢ ਲੈਂਦੇ ਨੇ ਝੱਟ ਪੈਸੇ,
ਜਿੱਥੇ ਪਿਓ ਨੇ ਹੋਣ ਲਕੋਏ ਬੇਲੀ।

ਕਿਤੇ ਮਾਂ ਨੂੰ ਜ਼ਖਮੀ ਕੀਤਾ ਨਸ਼ੇ ਕਰਕੇ,
ਕਿਤੇ ਪਿਓ ਨਾਲ ਵੱਧ, ਘੱਟ ਹੋਏ ਬੇਲੀ।

ਆਪ ਰੁਲਦੇ, ਮਾਂ-ਪਿਓ ਨੂੰ ਰੋਲਦੇ,
ਜ਼ਮੀਨਾਂ ਵੇਚ ਕੇ ਵਿਹਲੇ ਹੋਏ ਬੇਲੀ।

ਜਦ ਮਿਲੇ ਨਾ ਪੈਸੇ ਉਧਾਰੇ ਕਿਸੇ ਤੋਂ,
ਬੱਚਿਆਂ ਵਾਂਗ ਉੱਚੀ-ਉੱਚੀ ਰੋਏ ਬੇਲੀ।

ਆਪੇ ਹੰਝੂ ਇਨ੍ਹਾਂ ਨੇ ਗਲ਼ ਪਾਏ,
ਕਿਹੜਾ ਇਨ੍ਹਾਂ ਦੀਆਂ ਅੱਖਾਂ ਧੋਏ ਬੇਲੀ।

ਕਈ ਮਰੇ ਨਸ਼ੇ ਦੀ ਘਾਟ ਕਰਕੇ,
ਕਈ ਵੱਧ ਨਸ਼ੇ ਦੀ ਡੋਜ ਨਾਲ ਮੋਏ ਬੇਲੀ।

ਕਿਵੇਂ ਨਸ਼ਿਆਂ ਨੂੰ ਪਏ ਠੱਲ੍ਹ ਇੱਥੇ,
ਨਸ਼ਾ ਤਸਕਰਾਂ ਨਾਲ ਨੇਤਾ ਰਲੇ ਹੋਏ ਬੇਲੀ।

ਮਹਿੰਦਰ ਸਿੰਘ ਮਾਨ, ਨਵਾਂ ਸ਼ਹਿਰ
ਫੋਨ : 99158-03554
(Punjab Mail USA)

"ਪੁੱਤਰ ਮਿੱਠੇ ਮੇਵੇ ਧੀਆਂ ਮਿਸ਼ਰੀ ਡਲੀਆਂ"

ਜਦ ਜੰਮੀ ਸੀ ਧੀਏ ਘਰ ਵਿਚ ਸੋਗ ਪੈ ਗਿਆ ਸੀ
ਸਾਰਾ ਟੱਬਰ ਮੱਥੇ 'ਤੇ ਹੱਥ ਧਰਕੇ ਬਹਿ ਗਿਆ ਸੀ
ਛੱਡ ਕੇ ਤੁਰ ਗਏ ਕੱਲਿਆਂ ਨੂੰ ਤੇਰੇ ਵੀਰੇ ਹੋਰੀ ਨੀ।
ਬੁੱਢੇ ਵੇਲੇ ਮਾਪਿਆਂ ਦੀ ਧੀ ਬਣੀ ਡੰਗੋਰੀ ਨੀ।

ਜਦੋਂ ਸਕੂਲੇ ਭੇਜੀ ਕਹਿੰਦੇ ਪੜ੍ਹਾ ਕੇ ਕੀ ਕਰਨੈ
ਪੜ੍ਹ ਲਿਖ ਗਈ ਜਦ ਕਹਿੰਦੇ ਨੌਕਰੀ ਲਾ ਕੇ ਕੀ ਕਰਨੈ
ਵਿਆਹ ਕੇ ਆਖਣ ਕਿਉਂ ਨਾ ਇਹ ਸਹੁਰਿਆਂ ਨੂੰ ਤੋਰੀ ਨੀ
ਬੁੱਢੇ ਵੇਲੇ.... ....।

ਸਖ਼ਤ ਮਿਹਨਤਾਂ ਕਰਕੇ ਤੂੰ ਅੱਜ ਬਣ ਗਈ ਜੱਜ ਕੁੜੇ
ਦੁਨੀਆਂ ਦੇ ਵਿਚ ਉੱਚੀ ਕਰਤੀ ਪਿਓ ਦੀ ਪੱਗ ਕੁੜੇ
ਤੇਰੇ ਵਰਗੀ ਧੀ ਨਾ ਮਿਲਣੀ ਲੱਖ ਕਰੋੜੀ ਨੀ।
ਬੁੱਢੇ ਵੇਲੇ.... ....।

ਪੁੱਤ ਜੇ ਮਿੱਠੇ ਮੇਵੇ ਧੀਆਂ ਮਿਸ਼ਰੀ ਡਲੀਆਂ ਨੇ
ਰੌਸ਼ਨ ਕਰਦੀਆਂ ਨਾਮ ਇਹ ਅੱਜ ਪੁਲਾੜ ਨੂੰ ਚੱਲੀਆਂ ਨੇ
ਅੱਜ ਦੇ ਜੁੱਗ ਵਿਚ ਕੁੜੀਆਂ ਹਰ ਖੇਤਰ ਵਿਚ ਮੋਹਰੀ ਨੀ।
ਬੁੱਢੇ ਵੇਲੇ.... ....।

ਐ ਦੁਨੀਆਂ ਦੇ ਲੋਕੋ ਧੀਆਂ ਨੂੰ ਦੁਰਕਾਰੋ ਨਾ
ਜੱਗ 'ਤੇ ਕਰੋ ਸਵਾਗਤ ਧੀਆਂ ਕੁੱਖ 'ਚ ਮਾਰੋ ਨਾ
"ਗਿੱਲ ਮਲਕੀਤ" ਦੀ ਕਲਮ ਲਿਖੇ ਧੀਆਂ ਦੀ ਲੋਰੀ ਨੀ।
ਬੁੱਢੇ ਵੇਲ਼ੇ ਮਾਪਿਆਂ ਦੀ ਧੀ ਬਣੀ ਡੰਗੋਰੀ ਨੀ।

ਮਲਕੀਤ ਸਿੰਘ ਗਿੱਲ (ਭੱਠਲਾਂ)
ਸੰਪਰਕ : 79865-28225
(Punjab Mail USA)

ਪੰਜਾਬ ਸਿੰਹਾਂ!

ਸਿਆਸਤ ਨੇ ਬਦਲੀ ਹੈ ਕੀ, ਵੰਗ ਦੇਖਣਾ,
ਅੱਗੇ ਅੱਗੇ ਹੁੰਦਾ ਹੈ ਕੀ, ਨਿਸ਼ੰਗ ਦੇਖਣਾ।

ਤੂੰ ਖੂੰਜੇ ਲਾਇਆ ਸੀ ਨਿਸਚਿੰਤ ਹੋ ਜਿਸਨੂੰ,
ਕਿਆ ਲਿਆਏਗੀ ਰੰਗ ਉਹ, ਢੰਗ ਦੇਖਣਾ।

ਪੰਜਾਬ ਤੇਰੇ ਨਸੀਬ ਜੋ ਲਿਖੇ ਇਤਿਹਾਸ ਨੇ,
ਵਾਰ ਵਾਰ ਹੁੰਦੀ ਵੰਡੀਆਂ 'ਤੇ, ਜੰਗ ਦੇਖਣਾ।

ਕਦੇ ਰਾਜ ਤੇਰਾ ਖੈਬਰ ਦੇ ਦੱਰਿਆਂ 'ਤੇ ਸੀ,
ਲਹੌਰ ਗੁੰਮ ਹੈ, ਚੰਡੀਗੜ੍ਹ ਦੀ ਮੰਗ ਦੇਖਣਾ।

ਸੀਨਾ ਤੇਰਾ ਪਾਟਕੇ, ਦੋ ਥਾਈਂ ਹੋਇਆ ਸੀ,
ਸੰਤਾਲ਼ੀ ਵਾਲ਼ੀ ਲਕੀਰ, ਹੋ ਕੇ ਦੰਗ ਦੇਖਣਾ।

ਹਜੇ ਬੱਸ ਨਹੀਂ ਜੁਦਾ ਹਰਿਆਣਾ ਹੋ ਗਿਆ,
ਸਿਆਸਤ ਨੇ ਪਾਈ ਰੰਗ 'ਚ, ਭੰਗ ਦੇਖਣਾ।

ਜਵਾਨ ਹੋ ਗਈ ਸਤਾ, ਨਹੀਂ ਰਹੀ ਬਾਲੜੀ,
ਨਮਦਾ ਤੇਰਾ ਕਿੰਝ ਹੁੰਦਾ ਜਾਵੇ, ਤੰਗ ਦੇਖਣਾ।

ਅਣਖੀਲੇ ਛੈਲ ਛਬੀਲੇ, ਤੇ ਹਿੱਕਾਂ ਚੌੜੀਆਂ,
ਹੌਲ਼ੀ ਹੌਲ਼ੀ ਸਭ ਕੀਤੇ ਕਿੰਝ, ਨੰਗ ਦੇਖਣਾ।

ਕੰਗਾਲ ਹੋਏ ਘੁੰਮ ਰਹੇ, ਬੈਂਕਾਂ-ਸ਼ਾਹੂਕਾਰਾਂ ਦੇ,
ਘਰਾਂ ਵਿਚ ਸੱਜਣਾ ਭੁੱਜਦੀ, ਭੰਗ ਦੇਖਣਾ।

ਸੀੜੀ ਸਿਆਪੇ ਚੱਲ ਰਹੇ ਪਿਛਲੇ ਸਾਲ ਤੋਂ,
ਮੁੱਕੇ ਨਹੀਂ ਹਾਲੇ ਨੇਤਾ, ਮਾਰਦੇ ਡੰਗ ਦੇਖਣਾ।

ਰਾਜੇ, ਮਹਾਰਾਜੇ ਜੋ ਕਦੇ ਨ ਹੋਏ ਤੇਰੇ ਆਪਣੇ,
ਖਾਂਦੇ ਰਹੇ ਲੁੱਟਕੇ ਪਰ ਨ ਆਵੇ, ਸੰਗ ਦੇਖਣਾ।

ਸੁਣਿਐ ਫਿਰ ਵੱਢਿਆ ਸੁਰੱਖਿਆ ਦੇ ਨਾਂ ਉੱਤੇ,
ਖੁਸਿਆ ਮਾਝਾ ਪੰਜਾਬ ਹੁੰਦਾ, ਬਦਰੰਗ ਦੇਖਣਾ।

ਬਚਕੇ ਰਹਿਣਾ ਜ਼ਰਾ ਚਾਲ ਗਹਿਰੀ ਹੈ ਬੜੀ,
ਪੋਟਾ-ਪੋਟਾ ਜ਼ਾਲਮਾਂ ਕੱਟਿਆ, ਕਰੰਗ ਦੇਖਣਾ।

ਸੇਵਾ ਸਿੰਘ "ਨੂਰਪੁਰੀ"
(Punjab Mail USA)

ਜੇ ਨਹੀਂ ਫੁੱਲ ਗੁਲਾਬ ਦਾ...

ਜੇ ਨਹੀਂ ਫੁੱਲ ਗੁਲਾਬ ਦਾ ਬਨਣ ਜੋਗਾ,
ਚੁੱਭਣ ਵਾਸਤੇ ਕਿਸੇ ਨੂੰ ਖਾਰ ਨਾ ਬਣ।

ਜੇ ਨਹੀਂ ਪਿਆਰ ਦੀ ਰੀਤ ਨਭੌਣ ਜੋਗਾ,
ਤਾਂ ਫਿਰ ਕਿਸੇ ਦਾ ਐਵੇਂ ਦਿਲਦਾਰ ਨਾ ਬਣ।

ਧੋਖੇਬਾਜ਼ ਨਾ ਬਣ ਸੀਨਾ ਜ਼ੋਰ ਨਾ ਬਣ,
ਰਿਸ਼ਵਤਖੋਰ ਨਾ ਬਣ ਮਿੱਤਰ ਮਾਰ ਨਾ ਬਣ।

ਜੋ ਵੀ ਦਿਲ ਚਾਉਂਦਾ ਸੋਈ ਬਣ ਭਾਵੇਂ,
ਐਪਰ ਭੁਲਕੇ ਕੌਮੀ ਗਦਾਰ ਨਾ ਬਣ

-ਸਤਨਾਮ ਸਿੰਘ ਦਰਦੀ
(ਚਾਨੀਆਂ-ਜਲੰਧਰ)
92569-73526
(Punjab Mail USA)



REALTYONEGROUP

FOR SALE & PURCHASE OF ANY KIND OF PROPERTY

Recently Sold Properties

Caravaggio, Sacramento
Stroman, Sacramento
Mason Ct, Tracy
Windsong Dr, Tracy
Oak Valley Way, Stockton
Van Eych, Sacramento
Valenda Ct, Elk Grove
Rodfo Ct, Sacramento
Masters St, Elk Grove
Little Harbor Ct, Elk Grove
Bond Road, Elk Grove
Bond Road, Elk Grove

New Listings

Bradshaw Road, Elk Grove
Neutra Way, Elk Grove
Pawcatuck Way, Rancho Cordova

Gurjatinder S. Randhawa
REALTOR CA DRE licence # 01490567

Gurjatinder S. Randhawa
web: www.RealtorRandhawa.com
916-320-9444
garysingh123@yahoo.com